ISSN: 2277-9930

74

ਅਕਤੂਬਰ-ਦਸੰਬਰ 2022

# ਪ੍ਰਤਿਮਾਨ

ਮੁੱਲ: 50/-



ਬ੍ਰਾਜ਼ੀਲਿਅਨ ਕਵਿਤਾ

# ਪੱਕੀ ਉਮਰ ਦਾ ਕੀਮਤੀ ਸਮਾਂ / ਮਾਰਿਉ ਦ ਅੰਦਰੇਦੇ

ਹਿੰਦੀ ਅਨੁਵਾਦ : ਅਨੂਪ ਸੇਠੀ, ਹਿੰਦੀ ਤੋਂ ਪੰਜਾਬੀ ਅਨੁਵਾਦ ; ਅਮਰਜੀਤ ਕੌਂਕੇ

ਮੈਂ ਗਿਣੇ ਆਪਣੀ ਜ਼ਿੰਦਗੀ ਦੇ ਸਾਲ
ਤੇ ਪਤਾ ਲੱਗਿਆ
ਬਹੁਤ ਬੀਤੀ
ਥੋੜ੍ਹੀ ਜਿਹੀ ਬਚੀ

ਅਤੀਤ ਲੰਬਾ ਤੇ
ਭਵਿੱਖ ਛੋਟਾ ਹੈ
ਲੱਗਿਆ ਜਿਵੇਂ
ਉਹ ਬੱਚਾ ਜਿਸਨੂੰ ਮਿਲੀ
ਛੋਟੀ ਜਿਹੀ ਚੈਰੀ
ਪਹਿਲਾਂ ਤਾਂ ਖਾਂਦਾ ਗਿਆ
ਫਿਰ ਜਦੋਂ ਲੱਗਿਆ ਕਿ
ਥੋੜ੍ਹੀ ਜਿਹੀ ਬਚੀ ਹੈ
ਤਾਂ ਠੂੰਗਣ ਲੱਗਿਆ
ਸਵਾਦ ਲੈ ਲੈ ਕੇ

ਹੁਣ ਮੇਰੇ ਕੋਲ
ਵਕਤ ਤੱਕ ਨਹੀਂ ਬਚਿਆ
ਔਸਤ ਦਰਜੇ ਦੀਆਂ
ਚੀਜ਼ਾਂ ਨਾਲ ਨਿਪਟਣ ਦਾ
ਅਜਿਹੀਆਂ ਮਹਿਫਲਾਂ ਵਿਚ
ਨਹੀਂ ਜਾਣਾ ਚਾਹੁੰਦਾ
ਜਿੱਥੇ ਸੜੇ ਭੁੱਜੇ
ਫਿਰ ਰਹੇ ਨੇ ਹੰਕਾਰ
ਗਰੂਰ ਭਰਿਆਂ ਤੋਂ
ਪਰੇਸ਼ਾਨ ਰਹਿੰਦਾ ਹਾਂ
ਜੋ ਸਭ ਤੋਂ ਕਾਬਿਲ ਲੋਕਾਂ ਨੂੰ
ਬਦਨਾਮ ਕਰ ਦੇਣਾ ਚਾਹੁੰਦੇ ਹਨ

ਉਨ੍ਹਾਂ ਦੀ ਥਾਂ
ਹੜਪ ਲੈਣਾ ਚਾਹੁੰਦੇ ਨੇ
ਉਨ੍ਹਾਂ ਨੂੰ ਲਲਚਾਉਂਦਾ ਹੈ
ਉਨ੍ਹਾਂ ਦਾ ਅਹੁਦਾ
ਲਿਆਕਤ ਤੇ ਕਿਸਮਤ

ਫਿਜ਼ੂਲ ਦੀਆਂ ਗੱਲਾਂ ਲਈ
ਮੇਰੇ ਕੋਲ ਵਕਤ ਨਹੀਂ ਹੈ
ਜੋ ਮੇਰੀ ਜ਼ਿੰਦਗੀ ਦਾ ਹਿੱਸਾ ਨਹੀਂ
ਉਨ੍ਹਾਂ ਦੀਆਂ ਜੀਵਨੀਆਂ ਤੇ ਚਰਚਾ
ਕਰਨੀ ਬੇਕਾਰ ਹੈ



ਐਸੇ ਲੋਕਾਂ ਦੇ ਨਖਰੇ
ਝੱਲਣ ਦਾ ਵਕਤ ਨਹੀਂ ਹੈ
ਮੇਰੇ ਕੋਲ
ਜੋ ਉਮਰ ਵਿਚ ਤਾਂ ਵੱਡੇ
ਪਰ ਅੰਦਰੋਂ ਬੌਣੇ
ਮੈਨੂੰ ਨਫ਼ਰਤ ਹੈ
ਉਨ੍ਹਾਂ ਦੇ ਮੂੰਹ ਲੱਗਣੋ
ਜੋ ਸੱਤਾ ਹਥਿਆਉਣ ਲਈ
ਭਿੜਦੇ ਹਨ
ਜੋ ਕੰਮ ਦੀ ਗੱਲ ਤੇ ਨਹੀਂ
ਸਿਰਫ ਬਿੱਲਿਆਂ ਦੇ
ਨਾਂ ਤੇ ਬਹਿਸ ਕਰਦੇ ਹਨ

ਬਿੱਲਿਆਂ ਤੇ
ਬਹਿਸ ਲਈ ਵਕਤ ਨਹੀਂ
ਮੇਰੇ ਕੋਲ
ਮੈਨੂੰ ਸਾਰ ਚਾਹਿਦਾ ਹੈ
ਮੇਰੀ ਰੂਹ ਜਲਦੀ ਵਿਚ ਹੈ
ਮੇਰੀ ਜੇਬ ਵਿਚ
ਚੈਰੀਆਂ ਜ਼ਿਆਦਾ ਨਹੀਂ
ਮੈਂ ਐਸੇ ਲੋਕਾਂ ਦੇ
ਕਰੀਬ ਰਹਿਣਾ ਚਾਹੁੰਦਾ ਹਾਂ
ਜੋ ਇਨਸਾਨ ਹੋਣ,
ਜ਼ਿਆਦਾ ਇਨਸਾਨ
ਜੋ ਆਪਣੀਆਂ ਠੋਕਰਾਂ
ਹਾਸਿਆਂ ਵਿਚ ਉਡਾ ਦਿੰਦੇ ਨੇ
ਤੇ ਉਨ੍ਹਾਂ ਤੋਂ ਦੂਰ

ਜਿਨ੍ਹਾਂ ਨੂੰ ਉਨ੍ਹਾਂ ਦੀ ਜਿੱਤ ਨੇ
ਦੰਭੀ ਬਣਾ ਦਿੱਤਾ ਹੈ
ਉਨ੍ਹਾਂ ਤੋਂ ਦੂਰ ਜੋ
ਖ਼ੁਦ ਹੀ ਖ਼ੁਦ ਨਾਲ ਭਰੇ ਨੇ

ਜ਼ਰੂਰੀ ਉਹ ਹੈ
ਜਿਸ ਨਾਲ
ਜੀਵਨ ਹੁੰਦਾ ਹੈ ਸਾਰਥਕ
ਤੇ ਮੇਰੇ ਲਈ
ਕਾਫ਼ੀ ਹੈ ਜ਼ਰੂਰਤ

ਹਾਂ ਮੈਂ ਜਲਦੀ ਵਿਚ ਹਾਂ
ਮੈਂ ਜਲਦਬਾਜੀ ਵਿਚ ਹਾਂ
ਉਸ ਸ਼ਿੱਦਤ ਨਾਲ ਜਿਉਣ ਲਈ
ਜੋ ਸਿਰਫ਼
ਪਰਿਪੱਕਤਾ ਵਿਚੋਂ ਆਉਂਦੀ ਹੈ

ਬਚੀਆਂ ਹੋਈਆਂ ਚੈਰੀਆਂ
ਬਰਬਾਦ ਕਰਨ ਦਾ
ਮੇਰਾ ਕੋਈ ਇਰਾਦਾ ਨਹੀਂ

ਮੈਨੂੰ ਯਕੀਨ ਹੈ
ਉਹ ਬਹੁਤ ਵਧੀਆ ਹੋਣਗੀਆਂ
ਹੁਣ ਤੱਕ ਜੋ ਖਾਧੀਆਂ
ਉਨ੍ਹਾਂ ਤੋਂ ਜ਼ਿਆਦਾ
ਮੇਰਾ ਮਕਸਦ ਹੈ
ਪਹੁੰਚਣਾ ਅੰਤ ਤੱਕ
ਸੰਤੁਸ਼ਟ ਅਤੇ ਮਜ਼ੇ ਨਾਲ
ਆਪਣੇ ਪਿਆਰਿਆਂ ਦੇ ਨਾਲ ਤੇ
ਆਪਣੀ ਜ਼ਮੀਰ ਦੇ ਨਾਲ

ਕਨਫਿਊਸ਼ਿਅਸ
ਕਹਿੰਦਾ ਹੈ ਨਾ
'ਸਾਡੀਆਂ ਨੇ ਦੋ ਜ਼ਿੰਦਗੀਆਂ
ਤੇ ਦੂਜੀ ਦਾ ਆਗਾਜ਼ ਹੁੰਦਾ ਹੈ
ਜਦੋਂ ਤੁਹਾਨੂੰ
ਇਹ ਇਲਹਾਮ ਹੁੰਦਾ ਹੈ
ਕਿ ਹੈ ਤੁਹਾਡੇ ਕੋਲ
ਸਿਰਫ਼ ਇੱਕ ਹੀ ਜੀਵਨ'।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2022 ਅੰਕ 74

ISSN: 2277-9930

RNI No. PUNPUN/2006/16230

ਸੰਪਾਦਕ (ਆਨਰੇਰੀ)

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in

ਸਲਾਹਕਾਰ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ,
ਸੁਰਿੰਦਰ ਗੀਤ (ਕੈਨੇਡਾ)

TITLE PAINTING BY
BIMAL BISHWAS

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ

### ਵਿਸ਼ੇਸ਼ ਲੇਖ


ਸੁੱਕ ਰਹੇ ਤੇ ਗੰਧਲੇ ਦਰਿਆਵਾਂ ਦੀ ਪੁਕਾਰ / ਪਰਮਜੀਤ ਢੀਂਗਰਾ / 2


### ਕਹਾਣੀਆਂ / ਮਿੰਨੀ ਕਹਾਣੀਆਂ


ਸੜ੍ਹੀ ਰੱਸੀ ਦਾ ਵਲ਼ / ਗੁਰਮੀਤ ਆਰਿਫ਼ / 8, ਠੰਡੇ ਹੱਥ / ਹਰਦੀਪ ਸੱਭਰਵਾਲ / 16, ਮੌਲਿਕ ਪਛਾਣ / ਕਾਂਤਾ ਰਾਏ, ਡਿਊਟੀ / ਡਾ. ਸ਼ੀਲ ਕੌਸ਼ਿਕ, ਬਰਫੀ / ਸੁਭਾਸ਼ ਨੀਰਵ / 21, ਪਾਣੀ / ਸੀਮਾ ਜੈਨ, ਹੋਮ ਹੈਪੀ ਹੋਮ / ਅੰਜੂ ਖਰਬੰਦਾ / 22, ਡਿਊਟੀ / ਅਰਚਨਾ ਮਿਸ਼ਰਾ, ਪਿੰਜਰਾ / ਜਸਬੀਰ ਢੰਡ / 23, ਪਾਕਿਸਤਾਨੀ ਪੰਜਾਬੀ ਕਹਾਣੀ / ਸਲਾਮੀ / ਖ਼ਾਲਿਦ ਫ਼ਰਹਾਦ ਧਾਰੀਵਾਲ
ਲਿਪੀਅੰਤਰ : ਜਸਪਾਲ ਘਈ / 28, ਕੁਮਾਰ ਕ੍ਰਿਸ਼ਨ / 34,


### ਕਵਿਤਾ / ਗ਼ਜ਼ਲ / ਗੀਤ


ਗੁਰਤੇਜ ਕੋਹਾਰਵਾਲਾ / 3, ਪਾਲ ਕੌਰ / 4, ਹਰਮੀਤ ਵਿਦਿਆਰਥੀ, ਡਾ. ਕੁਲਦੀਪ ਸਿੰਘ ਦੀਪ / 5, ਗੁਰਮੀਤ ਕਲਰਮਾਜਰੀ, ਸਰਿਤਾ ਤੇਜੀ / 6, ਸੰਨੀ ਧਾਲੀਵਾਲ / 7, ਆਸ਼ਾ ਸ਼ਰਮਾ / 13, ਰਜਨੀਸ਼ ਜੱਸ, ਪਰਵਿੰਦਰ ਗੋਗੀ / 14, ਬਖਤਾਵਰ ਧਾਲੀਵਾਲ, ਜਗਮੋਹਨ ਸਿੰਘ / 15, ਕੁਲਵਿੰਦਰ ਕੁੱਲਾ / 19, ਗੁਰਮੀਤ ਕੜਿਆਲਵੀ / 20, ਸ਼ਾਇਰ ਭੱਟੀ / 24, ਕੁਲਵਿੰਦਰ ਚਾਵਲਾ, ਸੰਦੀਪ ਸ਼ਰਮਾ, ਚਰਨਜੀਤ ਸਮਾਲਸਰ / 25, ਕੌਸ਼ਲ ਕਿਸ਼ੋਰ, ਸੁਭਾਸ਼ ਰਾਇ / 26, ਸੁਬੋਧ ਸ਼੍ਰੀਵਾਸਤਵ / 27, ਕੁਮਾਰ ਕ੍ਰਿਸ਼ਨ / 34, ਨਰੇਸ਼ ਗੁਰਜਰ, ਡਾ. ਸ਼ੋਭਾ ਜੈਨ / 41


### ਆਲੋਚਨਾ ਨਿਬੰਧ / ਰੀਵੀਊ


ਪਰਵਾਸੀ ਪੰਜਾਬੀ ਕਵਿਤਾ : ਵਿਭਿੰਨ ਪਾਸਾਰ / ਡਾ. ਵੰਦਨਾ / 35, 'ਨਿਰਵਾਣ' ਨਾਵਲ ਵਿੱਚ ਪ੍ਰਤਿਮਾਨ ਤੇ ਪਰਾਹਣ ਦਾ ਦਵੰਦ / ਪਰਮਿੰਦਰ ਕੌਰ / 38, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੋਕਧਾਰਾਈ ਪਰਿਪੇਖ : ਗਲੋਬਲੀ ਚੇਤਨਾ ਦੇ ਪ੍ਰਸੰਗ ''ਚ, ਡਾ. ਗੁਰਮੋਹਿੰਦਰ ਸਿੰਘ / 42, ਪੰਜਾਬ ਬਨਾਮ ਕੈਲੀਫੋਰਨੀਆ (ਹਸਪਤਾਲ ਦੀ ਡਾਇਰੀ) ਇੱਕ ਅਧਿਐਨ / ਨਵਦੀਪ ਕੌਰ / 45, ਬਦਲਦੀ ਹਵਾ / ਹਰਪ੍ਰੀਤ ਸਿੰਘ ਰਾਣਾ, ਕਬਜਾ / ਕਰਮਵੀਰ ਸਿੰਘ ਸੂਰੀ / 47



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

# ਸੁੱਕ ਰਹੇ ਤੇ ਗੰਧਲੇ ਦਰਿਆਵਾਂ ਦੀ ਪੁਕਾਰ / ਪਰਮਜੀਤ ਢੀਂਗਰਾ



ਮਨੁੱਖ ਦੀ ਲਾਲਚੀ ਹਵਸ ਨੇ ਕੁਦਰਤੀ ਨੇਮਾਂ ਵਿਚ ਵਿਘਨ ਹੀ ਨਹੀਂ ਪਾਇਆ ਸਗੋਂ ਕੁਦਰਤ ਦੇ ਅਨਮੋਲ ਸ੍ਰੋਤਾਂ ਨੂੰ ਪਾਗਲਪਨ ਦੀ ਹੱਦ ਤਕ ਚੂੰਡ ਕੇ ਬਰਬਾਦ ਕਰ ਦਿੱਤਾ ਹੈ। ਇਹ ਇਕ ਚੰਗੀ ਖ਼ਬਰ ਹੈ ਕਿ ਯੋਰਪ ਦੇ ਕਈ ਦੇਸ਼ਾਂ ਨੇ ਦਰਿਆਵਾਂ ’ਤੇ ਬਣੇ ਬੰਨ੍ਹ ਤੋੜਨ ਦਾ ਐਲਾਨ ਕਰ ਦਿੱਤਾ ਹੈ ਤਾਂ ਜੋ ਧਰਤੀ ਨੂੰ ਲੋੜ ਮੁਤਾਬਕ ਪਾਣੀ ਪ੍ਰਾਪਤ ਹੋ ਸਕੇ ਤੇ ਜਿਹੜੇ ਦਰਿਆ ਸੋਕੇ ਦੀ ਮਾਰ ਹੇਠ ਆ ਗਏ ਹਨ ਉਨ੍ਹਾਂ ਦੇ ਕੁਦਰਤੀ ਵਹਾਅ ਨੂੰ ਜ਼ਿੰਦਗੀ ਮਿਲ ਸਕੇ। ਪੰਜਾਬ ਦੇ ਹਾਕਮਾਂ ਦੀ ਸੋਚ ਪੁੱਠੀ ਹੈ। ਇਹ ਨਹਿਰਾਂ ਪੱਕੀਆਂ ਕਰ ਕਰ ਕੇ ਧਰਤੀ ਦੀ ਪਿਆਸ ਵਿਚ ਅਸੀਮ ਵਾਧਾ ਕਰ ਰਹੇ ਨੇ। ਦੂਸਰੇ ਪਾਸੇ ਮੁਫਤ ਦੀ ਬਿਜਲੀ ਆਸਰੇ ਪੰਦਰਾਂ ਸੋਲਾਂ ਲੱਖ ਟਿਊਬਵੈੱਲ ਧਰਤੀ ਦੀ ਸਾਰੀ ਤਾਕਤ ਖਿੱਚ ਕੇ ਇਸ ਨੂੰ ਬੰਜਰ ਬਣਾਉਣ ’ਤੇ ਤੁਲੇ ਹੋਏ ਹਨ। ਅੱਜ ਲੋੜ ਹੈ ਉਨ੍ਹਾਂ ਕੁਦਰਤੀ ਸਰੋਤਾਂ ਨੂੰ ਸੰਜਮ ਨਾਲ ਬਚਾਉਣ ਦੀ ਤਾਂ ਕਿ ਭਵਿੱਖ ਸੁਰੱਖਿਅਤ ਰਹਿ ਸਕੇ ਪਰ ਏਥੇ ਹਰੇ ਇਨਕਲਾਬ ਨੇ ਵੱਡੇ ਪੱਤਝੜੀ ਮੌਸਮ ਤੇ ਮਾਰੂਥਲ ਨੂੰ ਜਨਮ ਦਿੱਤਾ ਹੈ।

ਅੱਜ ਪੰਜਾਬ ਦੇ ਬਚੇ ਢਾਈ ਦਰਿਆ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਲੁਧਿਆਣੇ, ਜਲੰਧਰ ਤੇ ਇਨ੍ਹਾਂ ਦੇ ਲਾਗਲੇ ਸ਼ਹਿਰਾਂ ਦੇ ਚਮੜੇ ਤੇ ਰੰਗਾਈ ਫੈਕਟਰੀਆਂ ਦੇ ਬੇਸ਼ਰਮ ਮਾਲਕ ਬੇਧੜਕ ਹੋ ਕੇ ਦਰਿਆਵਾਂ ਵਿਚ ਗੰਧਲਾ ਪਾਣੀ ਸੁੱਟ ਰਹੇ ਹਨ। ਰਾਵੀ ਦਰਿਆ ਵਿਚ ਸ਼ੀਰੇ ਦਾ ਦਰਿਆ ਵਗਾ ਕੇ ਇਕ ਫੈਕਟਰੀ ਨੇ ਲੱਖਾਂ ਜਲ ਜੀਵਾਂ ਦੀ ਹੱਤਿਆ ਕਰ ਦਿੱਤੀ ਪਰ ਉਹਦਾ ਵਾਲ ਤਕ ਵੀ ਵਿੰਗਾ ਨਹੀਂ ਹੋਇਆ। ਹਰੀਕੇ ਪੱਤਣ ’ਤੇ ਜਿੱਥੇ ਦਰਿਆ ਬਿਆਸ ਤੇ ਸਤਲੁਜ ਮਿਲਦੇ ਹਨ ਤੇ ਅੱਗੋਂ ਨਹਿਰਾਂ ਰਾਹੀਂ ਇਨ੍ਹਾਂ ਦਾ ਪਾਣੀ ਸਾਰੇ ਮਾਲਵੇ ਖੇਤਰ ਤੇ ਰਾਜਿਸਥਾਨ ਵਿਚ ਪੀਣ ਲਈ ਵਰਤਿਆ ਜਾਂਦਾ ਹੈ, ਉਹ ਸੀਵਰੇਜ ਦੇ ਗੰਧਲੇ ਪਾਣੀ ਤੋਂ ਵੀ ਮਾੜਾ ਤੇ ਖਤਰਨਾਕ ਹੈ। ਮਾਲਵੇ ਵਿਚ ਕੈਂਸਰ, ਚਮੜੀ ਤੇ ਪੇਟ ਦੇ ਭਿਆਨਕ ਰੋਗਾਂ ਦਾ ਇਕ ਕਾਰਨ ਇਹ ਗੰਧਲਾ ਪਾਣੀ ਹੈ ਕਿਉਂਕਿ ਇਸ ਖੇਤਰ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ। ਜੀਰੇ ਵਿਚ ਚਲ ਰਹੀ ਸ਼ਰਾਬ ਫੈਕਟਰੀ ਨੇ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ, ਇਹੀ ਹਾਲ ਸੰਗਰੂਰ ਜ਼ਿਲ੍ਹੇ ਦਾ ਹੈ। ਲੋਕਾਂ ਦੀ ਸਰਕਾਰ ਸਿਰ ਹੇਠ ਬਾਂਹ ਦੇ ਕੇ ਸੁੱਤੀ ਪਈ ਹੈ। ਹਰ ਰੋਜ਼ ‘ਪਾਣੀ ਪਿਤਾ’ ਦਾ ਰਾਗ ਅਲਾਪਣ ਵਾਲੇ ਵੀ ਛੋਟੇ ਛੋਟੇ ਮੁਫਾਦਾਂ ਕਰਕੇ ਉੱਚੀ ਬੋਲਣ ਤੋਂ ਡਰਦੇ ਹਨ। ਕਿਸੇ ਵੀ ਪਾਰਟੀ ਦੇ ਮੈਨੀਫੈਸਟੋ ਵਿਚ ਦਰਿਆਵਾਂ ਦੇ ਗੰਧਲੇਪਣ ਨੂੰ ਰੋਕਣ ਤੇ ਪਾਣੀ ਦੀ ਮੈਨੇਜਮੈਂਟ ਲਈ ਕੋਈ ਪ੍ਰੋਗਰਾਮ ਨਹੀਂ। ਅਜਿਹੀ ਸਥਿਤੀ ਨੇ ਮਨੁੱਖਾਂ ਲਈ ਹੀ ਨਹੀਂ ਸਗੋਂ ਹਾਈਡਰੋ ਜੀਵਾਂ ਤੇ ਇਕਾਲੌਜੀ ਲਈ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ।

ਜ਼ੇ ਯੋਰਪ ਦੀ ਗੱਲ ਕਰੀਏ ਤਾਂ ‘ਡੈਨਿਯੂਬ’ ਦਰਿਆ, ਜੋ ਯੋਰਪ ਦਾ ਦੂਸਰਾ ਵੱਡ ਦਰਿਆ ਹੈ, ਉਹਦੀ ਸਤਹ ਵਿਚ ਧਸੇ ਦੂਸਰੀ ਸੰਸਾਰ ਜੰਗ ਦੇ ਦਰਜਨ ਦੇ ਲਗਪਗ ਜਹਾਜ਼ ਫਿਰ ਨਜ਼ਰ ਆਉਣ ਲੱਗ ਪਏ ਹਨ। ਭਿਅੰਕਰ ਸੋਕੇ ਕਰਕੇ ਯੋਰਪ ਦੇ ਦਰਿਆਵਾਂ ਵਿਚ ਪਾਣੀ ਦਾ ਕਾਲ ਪੈ ਗਿਆ ਹੈ। ਦੂਸਰਾ ਇਸ ਵਾਰ ਯੋਰਪ ਵਿਚ ਪਈ ਗਰਮੀ ਤੇ ਉਸ ਤੋਂ ਹੋਈਆਂ ਮੌਤਾਂ ਨੇ ਲੋਕਾਂ ਨੂੰ ਡਰਾ ਦਿੱਤਾ ਹੈ ਕਿ ਆਉਣ ਵਾਲਾ ਭਵਿੱਖ ਕਿਹੋ ਜਿਹਾ ਹੋਵੇਗਾ।

ਸੋਕੇ ਦਾ ਅਸਰ ਫਸਲੀ ਉਤਪਾਦਨ ’ਤੇ ਵੀ ਪਿਆ ਹੈ ਤੇ ਇਸ ਨਾਲ ਯੋਰਪ ਵਿਚ ਪੈਦਾ ਕੀਤੀ ਜਾਣ ਵਾਲੀ ਊਰਜਾ ਦੀ ਵੰਡ ਵੀ ਪ੍ਰਭਾਵਤ ਹੋਈ ਹੈ। ਰੂਸ ਯੂਕਰੇਨ ਯੁੱਧ ਵਿਚ ਯੋਰਪ ਨੇ ਜਿਵੇਂ ਬੜਕ ਮਾਰੀ ਸੀ, ਉਹ ਹੁਣ ਮਹਿੰਗੀ ਪੈਂਦੀ ਨਜ਼ਰ ਆ ਰਹੀ ਹੈ। ਆਉਣ ਵਾਲੇ ਸਰਦੀ ਦੇ ਮੌਸਮ ਵਿਚ ਯੋਰਪ ਵਿਚ ਗੈਸ ਊਰਜਾ ਦਾ ਵੱਡਾ ਸੰਕਟ ਪੈਦਾ ਹੋ ਸਕਦਾ ਹੈ,ਜਿਸ ਨਾਲ ਘਰਾਂ ਨੂੰ ਬਰਫੀਲੇ ਮੌਸਮ ਵਿਚ ਗਰਮ ਰਖਿਆ ਜਾਂਦਾ ਹੈ। ਪਾਣੀ ਦੀ ਕਿੱਲਤ ਕਰਕੇ ਨਾਰਵੇ ਵਿਚ ਬਿਜਲੀ ਉਤਪਾਦਨ ਘਟਿਆ ਹੈ ਤੇ ਫਰਾਂਸ ਦੇ ਪਰਮਾਣੂ ਰੀਐਕਟਰਾਂ ਦੇ ਚਲਣ ਵਿਚ ਰੁਕਾਵਟ ਪੈਦਾ ਹੋ ਗਈ ਹੈ। ਬ੍ਰਿਟੇਨ ਵਿਚ 1935 ਤੋਂ ਬਾਅਦ ਸਭ ਤੋਂ ਭਿਆਨਕ ਸੋਕਾ ਦੇਖਣ ਨੂੰ ਮਿਲ ਰਿਹਾ ਹੈ ਜਿਸ ਕਰਕੇ ਘਰੇਲੂ ਬਗੀਚਿਆਂ ਤੱਕ ਨੂੰ ਪਾਣੀ ਦੇਣ ’ਤੇ ਰੋਕ ਲਾ ਦਿੱਤੀ ਗਈ ਹੈ ਤੇ ਓਧਰ ਸਪੇਨ ਦੇ ਐਂਡਾਲੂਸੀਆ ਸ਼ਹਿਰ ਵਿਚ ਰੋਜ਼ਾਨਾ ਪਾਣੀ ਦੀ ਖਪਤ ਵਿਚ ਵੱਡੀ ਕਟੌਤੀ ਕੀਤੀ ਗਈ ਹੈ।

ਯੂਰਪ ਵਿਚ ਪਏ ਇਸ ਭਿਆਨਕ ਸੋਕੇ ਦੀ ਵਜ੍ਹਾ ਕਰਕੇ ਦਰਿਆਵਾਂ ਦੇ ਸੁੱਕ ਜਾਣ ਤੋਂ ਬਾਅਦ ਉਨ੍ਹਾਂ ਹੇਠ ਦੱਬੀਆਂ ਹਜ਼ਾਰਾਂ ਵਰ੍ਹਿਆਂ ਦੀਆਂ ਪੁਰਾਣੀਆਂ ਇਮਾਰਤਾਂ ਦੇ ਢਾਂਚੇ ਨਜ਼ਰ ਆਉਣ ਲੱਗ ਪਏ ਹਨ। ਜਿਵੇਂ ਰੋਮ ਦੇ ‘ਟਿੱਬਰ’ ਦਰਿਆ ਦੇ ਸੁੱਕ ਜਾਣ ਤੋਂ ਬਾਅਦ ਤਕਰੀਬਨ ਦੋ ਹਜ਼ਾਰ ਵਰ੍ਹੇ ਪੁਰਾਣੇ ਇਕ ਪੁੱਲ ਦੀ ਨੀਂਹ ਨਜ਼ਰ ਆਉਣ ਲੱਗ ਪਈ ਹੈ, ਜਦ ਕਿ ਸਪੇਨ ਵਿਚ ਚਾਰ ਪੰਜ ਹਜ਼ਾਰ ਸਾਲ ਪੁਰਾਣੀ ਇਮਾਰਤ ‘ਦ ਡੋਲਮੈਨ ਆਫ ਗਵਾਡਾਪਰਲ’ ਪਾਣੀ ਘਟਣ ਨਾਲ ਬਾਹਰ ਨਿਕਲ ਆਈ ਹੈ। ਸਪੇਨ ਦਾ ਹੀ ਇਕ ਪਿੰਡ ਪਾਣੀ ਘਟਣ ਨਾਲ ਬਾਹਰ ਨਿਕਲ ਆਇਆ ਹੈ, ਜੋ 1960 ਵਿਚ ਡੈਮ ਬਣਾਉਣ ਵੇਲੇ ਜਲ ਸਮਾਧੀ ਵਿਚ ਚਲਾ ਗਿਆ ਸੀ।

ਪਿਛਲੇ ਮਹੀਨੇ ਇੱਟਲੀ ਦੇ ਸੁੱਕ ਚੁੱਕੇ ਦਰਿਆ ‘ਪੋ’ ਵਿਚੋਂ ਮਛੇਰਿਆਂ ਨੂੰ 992 ਪੌਂਡ ਦਾ ਇਕ ਬੰਬ ਮਿਲਿਆ। ਡੈਨਿਯੂਬ ਦਰਿਆ ਦੀ ਸਤਹ ’ਤੇ ਜਿਹੜੇ ਜਹਾਜ਼ ਨਜ਼ਰ ਆ

ਰਹੇ ਹਨ, ਉਹ ਦਰਅਸਲ ਨਾਜ਼ੀ ਜਰਮਨੀ ਦੇ ਬਲੈਕ-ਸ਼ਿਪ ਬੇੜੇ ਦਾ ਹਿੱਸਾ ਹਨ। 1944 ਵਿਚ ਅੱਗੇ ਵੱਧ ਰਹੀ ਰੂਸੀ ਫੌਜ ਤੋਂ ਡਰਕੇ ਪਿੱਛੇ ਹਟ ਰਹੇ ਨਾਜ਼ੀ ਜਰਮਨੀ ਨੇ ਇਨ੍ਹਾਂ ਜਹਾਜ਼ਾਂ ਨੂੰ ਪਾਣੀ ਵਿਚ ਡੁਬੋ ਦਿੱਤਾ, ਤਾਂ ਕਿ ਇਹ ਦੁਸ਼ਮਣ ਸੋਵੀਅਤ ਫੌਜਾਂ ਦੇ ਹੱਥ ਨਾ ਲੱਗ ਸਕਣ। ਸਰਬੀਆਈ ਅਫਸਰਾਂ ਅਨੁਸਾਰ ਇਨ੍ਹਾਂ ਜਹਾਜਾਂ ਵਿਚ 10'000 ਬੰਬ ਸਨ,ਜਿਹੜੇ ਅਣਵਰਤੇ ਰਹਿ ਗਏ। 'ਡੁੱਬੇ ਹੋਏ ਇਹ ਜਰਮਨੀ ਜਹਾਜ਼ ਵਾਤਾਵਰਣ ਲਈ ਵੱਡੀ ਚੁਣੌਤੀ ਹਨ, ਜਿਨ੍ਹਾਂ ਬਾਰੇ ਸੋਚ ਕੇ ਕੰਬਣੀ ਆਉਣ ਲੱਗਦੀ ਹੈ।' ਇਹ ਸ਼ਬਦ ਚੁਹੱਤਰ ਸਾਲਾ ਵੈਲੀਮੀਰ ਟ੍ਰੈਜਲੌਵਿਕ ਦੇ ਹਨ, ਜਿਸਨੇ ਇਨ੍ਹਾਂ ਜਹਾਜਾਂ 'ਤੇ ਇਕ ਕਿਤਾਬ ਲਿਖੀ ਹੈ।

ਦਰਿਆਵਾਂ ਦੇ ਸੁੱਕਣ ਨਾਲ ਉਹ 'ਹੰਗਰ ਸਟੋਨ' ਵੀ ਨਜ਼ਰ ਆਉਣ ਲੱਗੇ ਹਨ, ਜਿਹੜੇ ਸੋਕਿਆਂ ਦਰਮਿਆਨ ਸਮੇਂ ਸਮੇਂ ਲਾਏ ਗਏ ਸਨ। ਪਾਣੀ ਘੱਟ ਹੋਣ 'ਤੇ ਜਦੋਂ ਵੀ ਇਹ ਪੱਥਰ ਨਜ਼ਰ ਆਉਂਦੇ ਹਨ ਤਾਂ ਲੋਕ ਫਸਲਾਂ ਦੀ ਮਹਾਮਾਰੀ ਤੇ ਭੁੱਖ ਦੀ ਸਮੱਸਿਆ ਕਰਕੇ ਡਰੇ ਹੋਏ,ਖੌਫਜਦਾ ਮਹਿਸੂਸ ਕਰਨ ਲੱਗ ਜਾਂਦੇ ਨੇ। ਚੈੱਕ ਰਿਪਬਲਿਕ ਸ਼ਹਿਰ ਡੈਸਿਨ ਕੋਲ ਵਹਿੰਦੇ ਦਰਿਆ 'ਐਲਬਰ' ਦੇ ਸੁੱਕ ਜਾਣ ਕਰਕੇ ਇਕ ਹੰਗਰ ਸਟੋਨ ਸਾਫ ਨਜ਼ਰ ਆ ਰਿਹਾ ਹੈ। 1616 ਦੇ ਇਸ ਹੰਗਰ ਸਟੋਨ 'ਤੇ ਖੁਦਿਆ ਹੋਇਆ ਹੈ -"ਜੇ ਇਹ ਤੁਹਾਨੂੰ ਨਜ਼ਰ ਆਉਣ ਲੱਗ ਪਵੇ ਤਾਂ,ਉੱਚੀ ਉੱਚੀ ਰੋਵੋ। " ਮਨੁੱਖੀ ਤ੍ਰਾਸਦੀ ਦਾ ਇਹ ਉਹ ਫਿਕਰਾ ਹੈ ਜੋ ਹਰ ਕਾਲ ਵਿਚ ਸਾਨੂੰ ਡਰਾਉਂਦਾ ਤੇ ਜਗਾਉਂਦਾ ਰਹੇਗਾ।

**ਪੋਸਟ ਸਕ੍ਰਿਪਟ:**

ਸੁੱਕ ਚੁੱਕੇ ਦਰਿਆ ਵਿਚੋਂ ਹੰਗਰ ਸਟੋਨ ਨਜ਼ਰ ਆਉਣਾ ਯੋਰਪ ਵਿਚ ਬਦਕਿਸਮਤੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਯੋਰਪੀ ਕੌਮਾਂ ਸਿਆਣੀਆਂ ਹਨ। ਉਨ੍ਹਾਂ ਨੇ ਲੰਮਾ ਸਮਾਂ ਦੁਨੀਆ 'ਤੇ ਰਾਜ ਕੀਤਾ ਹੈ ਤੇ ਫੈਸਲੇ ਲੈਣ ਵਿਚ ਉਹ ਮਾਹਰ ਹਨ। ਪਰ ਉਨ੍ਹਾਂ ਦੀਆਂ ਬਸਤੀਆਂ ਰਹਿ ਚੁੱਕੇ ਮੁਲਕਾਂ ਦੇ ਹਾਕਮ ਸਰਮਾਏਦਾਰਾਂ ਦੇ ਜਬਾੜੇ ਹੇਠ ਆਏ,ਉਨ੍ਹਾਂ ਨੂੰ ਹਰ ਕੁਦਰਤੀ ਸਰੋਤ 'ਤੇ ਕਬਜ਼ਾ ਕਰਾਉਣ ਵਿਚ ਸਹਾਈ ਹੀ ਨਹੀਂ ਹੋ ਰਹੇ ਸਗੋਂ ਕਾਹਲੇ ਵੀ ਨਜ਼ਰ ਆ ਰਹੇ ਹਨ। ਨਹਿਰਾਂ, ਜੰਗਲ, ਪਹਾੜ, ਖਾਣਾਂ ਸਭ ਦਾਅ 'ਤੇ ਲੱਗੀਆਂ ਹੋਈਆਂ ਹਨ। ਪੰਜਾਬ ਵਿਚ ਰੇਤ ਮਾਫੀਏ ਦੀ ਅੱਤ ਨੇ ਇਸਨੂੰ ਬਰਬਾਦ ਕਰ ਦਿੱਤਾ ਹੈ। ਮੰਤਰੀ ਸੰਤਰੀ ਰਲ ਕੇ ਜੰਗਲਾਂ ਦੇ ਜੰਗਲ ਉਜਾੜ ਕੇ ਲੁੱਟ ਕੇ ਲੈ ਗਏ। ਕੋਰਟਾਂ ਵੀ ਉਨ੍ਹਾਂ ਦਾ ਕੁਝ ਕਰਨ ਤੋਂ ਅਸਮਰੱਥ ਹਨ ਕਿਉਂਕਿ ਉਨ੍ਹਾਂ ਦੀ ਪਹੁੰਚ ਵਿਚ ਸਾਰਾ ਤੰਤਰ ਹੈ ਜੋ ਖਿੱਲਰ ਜਾਣ ਤੋਂ ਡਰਦਾ ਹੈ। ਉਨ੍ਹਾਂ ਦੀ ਮਦਦ ਲਈ ਉਹ ਕਿਸੇ ਨਾ ਕਿਸੇ ਰੂਪ ਵਿਚ ਤੱਤਪਰ ਰਹਿੰਦਾ ਹੈ। ਵਿਕਾਸ ਦੇ ਨਾਂ 'ਤੇ ਸੜਕਾਂ ਦੇ ਕੰਢੇ ਰੋਡੇ ਕਰ ਦਿਤੇ ਗਏ ਹਨ ਤੇ ਅੱਖਾਂ ਪੂੰਝਣ ਲਈ ਵਿਚਕਾਰ ਕਨੇਰਾਂ ਬੀਜ ਕੇ ਖਾਨਾਪੂਰਤੀ ਕਰ ਦਿੱਤੀ ਗਈ ਹੈ। ਨਾਨਕ ਬਗੀਚੀਆਂ ਕਾਗਜ਼ਾਂ ਵਿਚ ਰੋ ਰਹੀਆਂ ਹਨ। ਸਰਕਾਰਾਂ ਦਮਗਜੇ ਬਹੁਤ ਮਾਰਦੀਆਂ ਨੇ, ਪਰ ਜ਼ਮੀਨੀ ਪੱਧਰ 'ਤੇ ਮਾਫੀਆ ਓਵੇਂ ਹੀ ਕੰਮ ਕਰਦਾ ਹੈ ਜਿਵੇਂ ਉਹ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਹੈ। ਸਾਨੂੰ ਜਾਗਣਾ ਪਏਗਾ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਪਿਆਸ ਦੀ ਮੌਤੇ ਮਰ ਕੇ ਇਤਿਹਾਸ ਵਿਚੋਂ ਪੂੰਝੇ ਜਾਵਾਂਗੇ।

**94173-58120**

## .ਗ਼ਜ਼ਲ / ਗੁਰਤੇਜ ਕੋਹਾਰਵਾਲਾ



ਕਰੀਂ ਨਾ, ਪਰ ਮੁਕੰਮਲ ਦੇ ਨੇੜੇ ਕਰੀ ਰੱਖੀਂ।
ਰਹਾਂ ਊਣਾ ਜ਼ਰਾ, ਕੁਝ ਇਸ ਤਰ੍ਹਾਂ ਮੈਨੂੰ ਭਰੀ ਰੱਖੀਂ।

ਤੇਰੀ ਧੜਕਨ 'ਚ ਸ਼ਾਇਦ ਮੈਂ ਵੀ ਮਿਲ ਜਾਵਾਂ ਕਿਸੇ ਥਾਂ 'ਤੇ,
ਤੂੰ ਅਪਣੀ ਨਬਜ਼ 'ਤੇ ਮੇਰੇ ਲਈ ਉਂਗਲ ਧਰੀ ਰੱਖੀਂ।

ਮੈਂ ਜਿਸ ਤੋਂ ਆਖ਼ਰੀ ਪੱਤੇ ਤਰ੍ਹਾਂ ਝੜਨਾ ਹੈ ਅਗਲੇ ਪਲ,
ਤੂੰ ਮੇਰੇ ਬਾਅਦ ਵੀ ਅਹਿਸਾਸ ਦੀ ਟਹਿਣੀ ਹਰੀ ਰੱਖੀਂ।

ਤੇਰੇ ਵਿਚ ਵਸਦਿਆਂ ਨੂੰ, ਤੇਰੇ ਦਿਲ ਦਾ ਸੇਕ ਨਾ ਲੱਗੇ,
ਉਨ੍ਹਾਂ ਦੇ ਵਾਸਤੇ ਹੀ ਆਪਣੀ ਛਾਤੀ ਠਰੀ ਰਖੀਂ।

ਖ਼ੁਦਾਇਆ! ਮੇਰਿਆਂ ਲਫ਼ਜ਼ਾਂ ਨੂੰ ਹਰ ਇਜ਼ਹਾਰ ਦੇ ਦੇਵੀਂ,
ਪਰ ਇਕ ਚਿਹਰੇ ਨੂੰ ਮੇਰੀ ਬਾਤ 'ਚੋਂ ਓਹਲੇ ਕਰੀ ਰੱਖੀਂ।

ਕਿਤੇ ਤਸਵੀਰ ਕੋਈ, ਯਾਦ, ਥੋੜ੍ਹਾ ਦਰਦ, ਸਰਸ਼ਾਰੀ,
ਜਿਵੇਂ ਹੋਇਆ ਤੂੰ ਮੈਨੂੰ ਆਪਣਾ ਹਿੱਸਾ ਕਰੀ ਰੱਖੀਂ।

## ਵਿੱਚੇ ਹਾਜੀ ਵਿੱਚੇ ਗਾਜ਼ੀ
## / ਪਾਲ ਕੌਰ



ਕੁਝ ਸੂਫ਼ੀ ਯੁਗ ਪਲਟਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਫਲ ਫੁੱਲ ਚੱਲਿਆ ਜਿਹੜਾ ਪੌਦਾ
ਉਹਦੇ ਬੀਜ ਦੀ ਗੱਲ ਪਏ ਕਰਦੇ
ਬਦਲ ਚੁੱਕਾ ਜੋ ਬੀਜ ਵਜੂਦ
ਅਸਲੇ ਉਹਦੇ ਨੂੰ ਤਲੀ ਤੇ ਧਰਦੇ
ਵਿਖਾਵਣ ਤੇ ਸਮਝਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਨਕਸ਼ਬੰਦੀ ਸੀ ਬੱਕੀ ਬਿਲਾਹ
ਕਾਮਿਲ ਸੂਫ਼ੀ ਬੜਾ ਸਿਆਣਾ
ਪੈਗੰਬਰ ਨੂੰ ਸਭ ਕੁਝ ਮੰਨਿਆ
ਕਿਸ ਹਕੀਕਤ ਤੱਕ ਹੈ ਜਾਣਾ
ਮੁੜ ਤੋਂ ਅਲਿਫ਼ ਪੜ੍ਹਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਦਿੱਲੀ ਵਿੱਚ ਉਸਰ ਚੁੱਕੀ ਸੀ
ਇੱਕ ਮਜਬੂਤ ਇਮਾਰਤ
ਕੰਧਾਂ ਉੱਤੇ ਲਿਖਣ ਲੱਗਾ ਉਹ
ਵੱਖਰੀ ਇੱਕ ਇਬਾਰਤ
ਪਹਾੜੋਂ ਸੁਰੰਗ ਬਨਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਸ਼ੇਖ ਅਹਿਮਦ ਸਰਹਿੰਦੀ ਆਇਆ
ਜੋ ਉਸ ਤੋਂ ਪਿਆ ਸ਼ੜਪ
ਬੈਠਾ ਸਰਹਿੰਦ ਲਾਹੌਰ ਸੀ
ਪਰ ਆਗਰਾ ਵੀ ਗਿਆ ਟੱਪ
ਦੀਨੇ ਇਲਾਹੀ ਉਠਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਲਿਖ ਲਿਖ ਘੱਲੇ ਖ਼ਤ ਕਿਤਾਬਤ
ਸੁੰਨੀ ਸਭ ਜਹਾਨ ਨੂੰ
ਕਾਜ਼ੀ ਮੁੱਲਾਂ ਉਲਮਾ ਉਮਰਾਂ
ਪਛਾਣੋ ਅਕਬਰ ਮਹਾਨ ਨੂੰ
ਹਮਾ-ਅਜ਼-ਅਸਤ ਮਿਟਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਸਜਦਾ ਨਾ ਕੀਤਾ ਜਹਾਂਗੀਰ ਨੂੰ
ਉਸ ਬੰਦੀ ਲਿਆ ਬਣਾ
ਪਰ ਬਗਾਵਤ ਦੇ ਖਦਸ਼ੇ ਤੋਂ
ਇਹ ਮੁਜੱਦਦੀ ਲਿਆ ਛੁਡਾ
ਗਾਜ਼ੀ ਨਵੇਂ ਕਹਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਜਦ ਮੁਗਲਾਂ ਦਾ ਸੂਰਜ ਡੁੱਬਾ
ਅੰਬਰ ਵਿਚ ਕੁਝ ਚਮਕੇ ਤਾਰੇ
ਨ੍ਹੇਰੇ ਉਨ੍ਹਾਂ ਦੀ ਦਹਿਸ਼ਤ ਮੰਨੀ
ਓਪਰੇ ਸਾਡੇ ਲਈ ਇਹ ਸਾਰੇ
ਨ੍ਹੇਰੇ 'ਚ ਨ੍ਹੇਰਾ ਬੁਲਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਇਸ ਨ੍ਹੇਰੇ ਚੋਂ ਨਿਕਲ ਗਏ ਸੂਫ਼ੀ
ਹਿਜਰਤ ਕਰ ਗਏ ਕਸ਼ਮੀਰ
ਸਖੀ ਬੜੇ ਇਹ ਸ਼ੇਖ਼ ਕਲੰਦਰ
ਇਹ ਅਖਵਾਏ ਰਿਸ਼ੀ ਤੇ ਪੀਰ
ਨਵੀਂ ਧਰਤੀ ਵਰੋਸਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਸ਼ਾਹ ਵਲੀ ਉਲ੍ਹਾ ਕੋਸ਼ਿਸ਼ ਕੀਤੀ
ਵੁਜੂਦ-ਸ਼ਹੂਦ ਨੂੰ ਜੋੜਨ ਦੀ
ਪਰ ਉਸ ਤੋਂ ਕੋਸ਼ਿਸ਼ ਹੋ ਗਈ
ਤਣੇ ਤਾਣੇ ਨੂੰ ਤੋੜਨ ਦੀ
ਅਬਦਾਲੀ ਨੂੰ ਬੁਲਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ।

ਤਾਣਾ ਤਣਿਆ ਉਧੜਨ ਲੱਗਾ
ਬਾਣਾ ਬਣਨ ਨਾ ਦਿੱਤਾ
ਉਹੀ ਪੁਰਾਣੇ ਅਰਥ ਵਿਛਾਏ
ਤਰਾਨਾ ਬਣਨ ਨਾ ਦਿੱਤਾ
ਫਿਰ ਨਾਰੀ ਘਰ ਬਿਠਾਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ

ਇਸੇ ਇਬਾਰਤ ਵਿਚੋਂ ਚਮਕੀ
ਖਿਲਾਫਤ ਦੀ ਤਸਵੀਰ
ਹੌਲੀ ਹੌਲੀ ਗੂੜ੍ਹੀ ਹੋਈ
ਜੋ ਬੰਨ੍ਹੀ ਸੀ ਤਦਬੀਰ
ਵਿਚੋਂ ਲੀਕਾਂ ਵਾਹਵਣ ਆਏ
ਸੁੱਤੀਆਂ ਕਲਾਂ ਜਗਾਵਣ ਆਏ।

**(ਪਾਲ ਕੌਰ ਦੀ ਨਵੀਂ ਪੁਸਤਕ 'ਸੁਣ ਗੁਣਵੰਤਾ ਸੁਣ ਬੁਧਿਵੰਤਾ' ਵਿੱਚੋਂ)**

## ਦੋ ਕਵਿਤਾਵਾਂ / ਹਰਮੀਤ ਵਿਦਿਆਰਥੀ

### ਕਾਇਆ ਕਲਪ



ਰਤਾ ਕੁ ਰੁਕ ਗਿਆ ਹਾਂ
ਆਪਣੀ ਰਫ਼ਤਾਰ ਨੂੰ
ਵਿਰਾਮ ਦਿੱਤਾ
ਆਲੇ ਦੁਆਲੇ
ਹਵਾ ਦੇ ਤੇਜ਼ ਬੁੱਲ੍ਹੇ ਨਾਲ
ਨੱਚਦੇ ਬਿਰਖਾਂ ਨੂੰ
ਗਹੁ ਨਾਲ ਤੱਕਿਆ
ਜਿਵੇਂ ਮਨਾਉਂਦੇ ਹੋਣ
ਨਾਬਰੀ ਦਾ ਜਸ਼ਨ
ਨੱਚ ਉੱਠਿਆ
ਮੇਰਾ ਪੂਰਾ ਵਜੂਦ
ਅਜੇ ਥੋੜ੍ਹੀ ਦੇਰ ਪਹਿਲਾਂ
ਖਿਝ ਰਿਹਾ ਸਾਂ
ਆਪਣੇ ਆਪ ਤੇ
ਆਪਣੇ ਰੁਝੇਵਿਆਂ ਤੇ
ਆਪਣੇ ਸਹਿਯੋਗੀਆਂ ਤੇ
ਔਖਾ ਹੋ ਰਿਹਾ ਸਾਂ
ਆਪਣੇ ਬੌਸ ਦੇ ਵਤੀਰੇ ਤੇ
ਬੱਚਿਆਂ ਦੀਆਂ
ਫਰਮਾਇਸ਼ਾਂ ਤੇ
ਬਾਥਰੂਮ ਦੀ ਟੂਟੀ ’ਚੋਂ
ਤਿਪ ਤਿਪ ਵਗਦੇ ਪਾਣੀ ਤੇ
ਪੋਰਚ ਦੇ ਖ਼ਰਾਬ ਹੋਏ ਬਲਬ ਤੇ
ਕਿੰਨਾ ਪ੍ਰੇਸ਼ਾਨ ਸਾਂ
ਬੇਟੇ ਦੇ ਕੈਰੀਅਰ ਨੂੰ ਲੈ ਕੇ
ਬੇਟੀ ਦੀ ਚੰਗੇ ਕਾਲਜ ’ਚ
ਅਡਮਿਸ਼ਨ ਵਾਸਤੇ
ਆਪਣੀ ਸਿਹਤ ਨੂੰ ਲੈ ਕੇ
ਸਾਰਾ ਕੁਝ ਓਵੇਂ ਹੀ ਹੈ ਅਜੇ
ਘਰ
ਪਰਿਵਾਰ
ਦਫ਼ਤਰ
ਸਹਿਯੋਗੀ
ਓਦਾਂ ਹੀ ਨੇ
ਫ਼ਿਕਰ
ਪ੍ਰੇਸ਼ਾਨੀਆਂ
ਚਿੰਤਾਵਾਂ
ਕੁਝ ਵੀ ਤਾਂ ਹੱਲ
ਨਹੀਂ ਹੋਇਆ ਅਜੇ
ਪਰ ਨੱਚਦੇ ਵੇਖ ਕੇ ਰੁੱਖ
ਨੱਚ ਉੱਠਿਆ ਹੈ
ਮੇਰਾ ਵਜੂਦ
ਹੱਸਦਾ ਹੱਸਦਾ
ਤੁਰ ਪਿਆ ਹਾਂ
ਆਪਣੇ ਸਫ਼ਰ ਤੇ
ਤਰੋ ਤਾਜ਼ਾ ਹੋ
ਆਪਣੀਆਂ
ਤਲਖ਼ੀਆਂ ਦੇ ਖ਼ਿਲਾਫ਼
ਮੈਂ ਹੀ ਲੜਨਾ ਹੈ
ਜਿੱਤਣਾ ਹੈ।

### ਚੱਲ ਤੁਰ ਚੱਲੀਏ

ਉੱਠ ਤੁਰ ਚੱਲੀਏ
ਰਾਹਵਾਂ ਮੱਲੀਏ
ਧਰਤ ਦਾ ਚੱਪਾ ਚੱਪਾ ਗਾਹੀਏ
ਸਫ਼ਰ ਨੂੰ ਖ਼ਾਬਾਂ ਜੇਡ ਬਣਾਈਏ
ਚੱਲ ਤੁਰ
ਸਹਿਜੇ ਸਹਿਜੇ
ਕਦਮ ਵਧਾਈਏ
ਚੁੱਪ ਦੇ ਸੰਗ
ਸੰਵਾਦ ਰਚਾਈਏ
ਇੱਕ ਦੂਜੇ ਨੂੰ ਜਾਣੀਏ ਬੁੱਝੀਏ
ਇੱਕ ਦੂਜੇ ਦੀ ਕਰ ਪਰਕਰਮਾ
ਇੱਕ ਦੂਜੇ ’ਚੋਂ ਖ਼ੁਦ ਨੂੰ ਲੱਭੀਏ

ਚੱਲ ਤੁਰ ਚੱਲੀਏ
ਉੱਠ ਤੁਰ ਚੱਲੀਏ।

## ਚੌਥਾ ਪੁਤਲਾ ਗਾਇਬ ਹੈ / ਡਾ. ਕੁਲਦੀਪ ਸਿੰਘ ਦੀਪ



ਲੰਕਾ ਜਿੱਤਣ ਤੋਂ ਬਾਅਦ
ਲੰਕਾ ਦਾ ਰਾਜਾ
ਰਾਮ ਨਹੀਂ
ਵਿਭੀਸ਼ਣ ਸੀ...
ਨਾਇਕ ਅਤੇ
ਖਲਨਾਇਕ ਦੇ ਵਿਚਕਾਰ
ਇਸ ਕਥਾ ਦੀ
ਇਹੋ ਸੂਖ਼ਮ ਤੰਦ ਹੈ
ਇਹੋ ਗਹਿਰੀ ਗੰਢ ਹੈ
ਕਿ ਚੌਥਾ ਪੁਤਲਾ ਗਾਇਬ ਹੈ...
ਤਿੰਨ ਪੁਤਲਿਆਂ ‘ਚੋਂ ਝਾਕਦਾ
ਇਹ ਜੇਤੂ ਧਿਰ ਦਾ ਸੱਚ ਹੈ
ਜਾਂ ਸਾਡੀ ਟੀਰੀ ਅੱਖ ਹੈ...
ਪਰ ਜਦ ਕਦੇ ਵੀ
ਮਾਨਵ ਮਨ ਦੇ
ਥੇਹ ਫਰੋਲੇ ਜਾਣਗੇ
ਰਾਜ ਕਰਨ ਦੀ ਲਾਲਸਾ
ਤੇ ਕਿਸੇ ਆਪਣੇ ਨੂੰ
ਹਰਾਉਣ ਦੀ ਸਜ਼ਾ
ਸੁਣਾਈ ਜਾਏਗੀ
ਲੰਕਾ ਨੂੰ ਢਾਹੁਣ ਦਾ
ਗੁਨਾਹ ਤੈਅ ਕੀਤਾ ਜਾਏਗਾ
ਜਦ ਕਦੇ ਵੀ
ਸੱਚ ਸਾਣ ਤੇ
ਚਾੜ੍ਹਿਆ ਜਾਏਗਾ
ਤਾਂ ਚੌਥਾ ਪੁਤਲਾ
ਵਿਭੀਸ਼ਣ ਦਾ
ਸਾੜਿਆ ਜਾਏਗਾ।

## ਦੋ ਕਵਿਤਾਵਾਂ / ਗੁਰਮੀਤ ਕਲਰਮਾਜਰੀ



### ਕਰੰਗ

ਮੋਏ ਪਸ਼ੂਆਂ ਨੂੰ
ਸਾਰੀ ਉਮਰ ਆਪਣੇ
ਮੋਢਿਆਂ ਤੇ ਢੋਂਦਿਆਂ
ਤੇ ਹੱਡਾ ਰੋੜੀ 'ਚ
ਕਾਵਾਂ ਕੁੱਤਿਆਂ ਤੇ
ਗਿਰਝਾਂ ਤਦੇ ਹਮਲਿਆਂ ਤੋਂ
ਕਰੰਗ ਨੂੰ ਬਚਾਉਂਦਿਆਂ
ਕਰੰਗ ਹੀ ਤਾਂ
ਬਣ ਗਿਆ ਹੈ ਉਹ
ਉਹ ਨਹੀਂ ਜਾਣਦਾ
ਖਿੜੇ ਹੋਏ
ਸੁਰਖ ਗੁਲਾਬ ਦੀਆਂ
ਪੱਤੀਆਂ ਦੀ ਖੁਸ਼ਬੂ
ਨਾ ਹੀ ਉਹ ਕਰ ਸਕਦਾ ਹੈ
ਡੇਰੇ ਵਿਚ ਸ਼ਾਮ ਵੇਲੇ
ਵੱਜਦੀਆਂ ਖੜਤਾਲਾਂ ਦੀ
ਸੁਰ 'ਚ ਹੁੰਦੀ
ਆਰਤੀ ਦੀ ਪਛਾਣ
ਉਸ ਦੇ ਜ਼ਹਿਨ ਵਿੱਚ
ਦਫ਼ਨ ਹੋ ਗਿਆ ਹੈ
ਖੁੱਲ੍ਹੇ ਅੰਬਰ 'ਚ ਆਪਣਾ
ਸ਼ਿਕਾਰ ਭਾਲਦੀਆਂ
ਗਿਰਝਾਂ ਦੀਆਂ ਅੱਖਾਂ 'ਚ
ਕਾਲੇ ਸੰਘਣੇ ਹਨੇਰੇ ਦਾ ਸਫ਼ਰ
ਹਰ ਰਾਤ ਨੂੰ
ਆਪਣੇ ਵਜੂਦ ਦੀ
ਆਹੂਤੀ ਤੇ
ਹਰ ਸਵੇਰ
ਸੂਰਜ ਦੀ ਰੋਸ਼ਨੀ ਤੋਂ ਡਰਦਾ
ਆਕਾਸ਼ 'ਚ ਮੰਡਰਾਉਂਦੀਆਂ
ਗਿਰਝਾਂ ਦੀ ਸ਼ਾਂ ਸ਼ਾਂ ਸੁਣਦਾ
ਰੋਂਦੇ ਕੁੱਤਿਆਂ ਦੇ ਨਾਦ ਨੂੰ ਪਛਾਣਦਾ
ਕਰੰਗ ਹੀ ਤਾਂ
ਬਣ ਗਿਆ ਹੈ ਉਹ......

### ਅਨੁਭਵ

ਜਿਸ ਬਸਤੀ 'ਚ ਸੂਰਜ
ਉਦੈ ਨਹੀਂ ਹੁੰਦਾ
ਬਿਜੜੇ ਦੇ ਆਲ੍ਹਣੇ 'ਚ
ਨਹੀਂ ਆਉਂਦੀ
ਬੋਟਾਂ ਨੂੰ ਮਿਲਣ ਲਈ
ਸੂਰਜ ਦੀ ਪਹਿਲੀ ਕਿਰਨ
ਜਿੱਥੇ ਭੂਲ ਭੁਲਈਆਂ 'ਚ
ਗੁੰਮ ਜਾਂਦਾ ਹੈ
ਪੈਰਾਂ ਦਾ ਸਫ਼ਰ
ਸਾਉਣ ਦੀ ਪਹਿਲੀ
ਬਰਸਾਤ ਨਾਲ ਨਹੀਂ ਆਉਂਦੀ
ਜਿੱਥੋਂ ਮਿੱਟੀ ਦੀ ਖੁਸ਼ਬੋ

ਧਰਤੀ ਦੇ ਗਰਭ 'ਚ
ਬਾਂਝ ਹੋਣ ਦਾ ਸਦਮਾ ਲੈ ਕੇ
ਪਥਰਾਟ 'ਚ ਬਦਲ ਜਾਂਦੇ
ਜਿੱਥੇ ਬੀਜ
ਹਵਾਵਾਂ ਦੀ ਕੈਦ 'ਚ
ਦਮ ਤੋੜ ਜਾਂਦੀ ਜਿੱਥੇ
ਫੁੱਲਾਂ ਦੀ ਖੁਸ਼ਬੂ
ਪੰਛੀਆਂ ਦੇ ਖੰਭਾਂ ਨੂੰ
ਮਿਲ ਜਾਂਦਾ ਹੈ
ਜਿੱਥੇ ਨਾ ਉੱਡਣ ਦਾ ਸਰਾਪ
ਉਸ ਮਿੱਟੀ ਦੇ ਰੁਦਨ ਦਾ
ਅਨੁਭਵ ਹੈ ਮੇਰੇ ਕੋਲ
ਸੂਰਜ ਦੀਆਂ
ਸਰਾਪੀਆਂ ਕਿਰਨਾਂ ਦੇ
ਅਨੁਭਵ ਦੀ
ਕਵਿਤਾ ਹੈ ਮੇਰੇ ਕੋਲ।

## ਰੁੱਖ / ਸਰਿਤਾ ਤੇਜੀ

ਕਿਣਮਿਣ ਕਣੀਆਂ ਆਣ ਸ਼ਿੰਗਾਰੇ,
ਸੜ ਧੁੱਪਾਂ ਵਿੱਚ ਕਿਰਦੇ ਰੁੱਖ
ਬੁੱਕਲ ਵਿੱਚ ਕਈ ਰੈਣ ਬਸੇਰੇ,
ਝੱਖੜਾ ਝੋਲੇ ਘਿਰਦੇ ਰੁੱਖ ।

ਕੇਡਾ ਜੇਰਾ ਕਰਕੇ ਉਹਨੇ,
ਫੱਟ ਵਿੱਚ ਸੀਨੇ ਲਾਇਆ ਹੈ,
ਪੈਂਡੇ ਮਾਰੇ ਰਾਹੀਆਂ ਖ਼ਾਤਰ,
ਛਾਂਵਾਂ ਕਰਦੇ ਫ਼ਿਰਦੇ ਰੁੱਖ਼।

ਇੱਕ ਨੇ ਸਿੰਜਿਆ ਕੱਚੀ ਲੱਸੀ,
ਇੱਕ ਜੜੀਂ ਤੇਲ ਆ ਪਾਇਆ ਹੈ
ਖਬਰੇ ਕੀਹਦੇ ਭਾਰ ਅਨੇਕਾਂ,
ਸਿਰ ਤੇ ਚੁੱਕੀ ਫ਼ਿਰਦੇ ਰੁੱਖ

ਟਾਕੀ ਟੱਲੇ ਮੰਨਤ ਮਨੌਤਾਂ,
ਜਿਸਮ ਤੇ ਸਹਿੰਦੇ ਲੱਖਾਂ ਦੁੱਖ
ਅਉਧ ਤੋਂ ਪਹਿਲਾਂ ਰਾਖ ਹੋਂਵਦੇ,
ਪੱਤਾ ਪੱਤਾ ਕਿਰਦੇ ਰੁੱਖ

ਪ੍ਰਵਾਸਾਂ ਦੇ ਦੁੱਖ ਸਹਿੰਦੇ
ਟੁੱਟਦੇ ਰੈਣ ਬਸੇਰੇ ਜਰਦੇ ਰੁੱਖ
ਐਪਰ ਆਪਣਿਆਂ ਤੋਂ ਹਰਦੇ,
ਸੱਟ ਕੁਹਾੜੀ ਗਿਰਦੇ ਰੁੱਖ।



## ਮੌਲਾ ਬਲਦ / ਸੰਨੀ ਧਾਲੀਵਾਲ



ਦੂਸਰੇ ਸ਼ਹਿਰ ਤੋਂ ਦੋਸਤ ਦਾ ਫ਼ੋਨ ਆਇਆ
ਕਹਿੰਦਾ, 'ਯਾਰ, ਬਾਪੂ ਗੁੱਸੇ ਹੋ ਕੇ
ਪਿੰਡ ਵਾਪਸ ਚਲਾ ਗਿਆ
ਕਹਿੰਦਾ, 'ਪਿਉ ਦਾ ਪੁੱਤ ਨਹੀਂ
ਜੇ ਵਾਪਸ ਕਨੇਡਾ ਆਇਆ'
'ਯਾਰ, ਕਸੂਰ ਤਾਂ ਮੇਰਾ ਹੀ ਹੈ
ਮੇਰੇ ਮੂੰਹੋਂ ਨਿਕਲ ਗਿਆ
'ਬਾਪੂ ਵਹਿਲਾ ਰੋਟੀਆਂ ਡਫਦਾ ਰਹਿਨਾ
ਕੋਈ ਘਰੇ ਝਾੜੂ ਪੋਚਾ ਲਾ ਦਿਆ ਕਰ'
ਬਾਪੂ ਨੂੰ ਬਹੁਤ ਗੁੱਸਾ ਲੱਗਿਆ
ਚਿਹਰੇ ਦਾ ਰੰਗ ਭੂਰੇ ਤੋਂ ਲਾਲ ਹੋ ਗਿਆ
ਇਸ ਫੋਨ ਕਾਲ ਤੋਂ ਬਾਅਦ
ਮੇਰਾ ਮੂਡ ਬਹੁਤ ਖਰਾਬ ਸੀ
ਡੈੱਕ ਤੇ ਬੈਠਾ ਚਾਹ ਪੀ ਰਿਹਾ ਸੀ
ਕੋਸੀ ਕੋਸੀ ਧੁੱਪ ਸੀ, ਪਤਾ ਨਹੀਂ ਕਦੋਂ
ਨੀਲੇ ਅਸਮਾਨ ਤੇ ਨਿਗਾਹ ਚਲੇ ਗਈ
ਛੋਟੇ ਬੱਦਲ ਦੇ ਪਿਛਿਓਂ
ਦਾਦੀ ਆਈ, ਹੱਸ ਕੇ ਕਹਿੰਦੀ
'ਪੁੱਤ ਤੂੰ ਧੁੱਪ ਸੇਕਦੈਂ ?
ਤੈਨੂੰ ਆਪਣੇ ਮੌਲਾ ਬਲਦ ਦੀ ਗੱਲ ਯਾਦ ਹੈ ਨਾ
ਹਾਂ ਦਾਦੀ ਉਹ ਵੀ ਕੋਈ ਭੁੱਲਣ ਵਾਲੀ ਗੱਲ ਹੈ
ਪਰ ਦਾਦੀ ਤੂੰ ਦੁਬਾਰਾ ਸੁਣਾ
ਚੱਲ! ਤੂੰ ਲਿਖ, ਮੈਂ ਬੋਲਦੀ ਹਾਂ
ਬਾਪੂ ਤੇਰੇ ਕੋਲ ਬਲਦਾਂ ਦੀ ਜੋੜੀ ਸੀ
ਮੈਨੂੰ ਸਾਲ ਸੂਲ ਨੀ ਚੇਤਾ
ਪਰ ਇਹ ਕੋਈ ਵੱਢ ਵੱਢਾਈ ਤੋਂ
ਸਾਲ ਪਹਿਲਾਂ ਦੀ ਗੱਲ ਆ
ਇੱਕ ਨਵਾਂ ਵਹਿੜਕਾ ਸੀ
ਤੇ ਦੂਜਾ ਥੋੜਾ ਸਿਆਣਾ ਸੀ
ਤੇਰਾ ਬਾਪੂ ਸਵੇਰੇ ਤਿੰਨ ਵਜੇ ਹਲ ਜੋੜ ਲੈਂਦਾ
ਦਿਨ ਕਿਣ-ਮਿਣ ਵਾਲਾ ਹੋਵੇ
ਹਨ੍ਹੇਰੀ ਵਾਲਾ, ਬੱਦਲਵਾਈ
ਠੰਢ ਜਾਂ 'ਸੰਨੀ ਡੇਅ' ਹੋਵੇ
ਬਿਨਾਂ ਨਾਗਾ ਉਹਨਾਂ ਨੇ ਬਹੁਤ ਕੰਮ ਕੀਤਾ
ਬਹੁਤ ਕਮਾਈ ਕੀਤੀ
ਇੱਕ ਦਿਨ "ਸਿਆਣਾ" ਬੀਮਾਰ ਹੋ ਗਿਆ
ਹੁਣ ਉਹ ਸਿਆਣੇ ਤੋਂ "ਮੌਲਾ" ਹੋ ਗਿਆ
ਢਿੱਲਾ ਹੋ ਗਿਆ ਹੌਲੀ ਹੌਲੀ ਤੁਰਨ ਲੱਗਿਆ
ਉਹ ਬੁੱਢਾ ਹੋ ਗਿਆ
ਕੰਮਚੋਰ ਨਹੀਂ, ਕਮਜ਼ੋਰ ਹੋ ਗਿਆ
ਉਸ ਤੋਂ ਕੰਮ ਹੋਣੋਂ ਹਟ ਗਿਆ
ਦਾਦੀ ਕਹਿੰਦੀ ! ਇੱਕ ਮਿੰਟ
ਮੈਨੂੰ ਸਾਹ ਲੈ ਲੈਣ ਦੇ
ਉਸਦੀ ਬਦਲੀ ਆਵਾਜ਼ ਤੋਂ ਲੱਗਦਾ ਸੀ
ਉਹ ਆਪਣੇ ਹੰਝੂ ਪੂੰਝ ਰਹੀ ਸੀ
ਸਾਰਾ ਟੱਬਰ ਕਹਿਣ ਲੱਗਿਆ
ਇਹ ਵਹਿਲਾ ਰਹਿੰਦੈ
ਕੋਈ ਕੰਮ-ਕਾਰ ਨੀ ਕਰਦਾ
ਖਾਂਦਾ ਪੀਂਦਾ ਵਧੀਆ
ਐਵੇਂ ਦਿਵਾਈਆਂ ਤੇ ਖ਼ਰਚ ਕਰਾਉਂਦਾ
ਐਵੇਂ ਥਾਂ ਘੇਰੀ ਬੈਠਾ
ਅੱਧੀ ਖੁਰਲੀ ਮੱਲੀ ਬੈਠਾ
ਕੌਣ ਇਸ ਦਾ ਰੋਜ਼ ਗੋਹਾ ਚੱਕੇ
ਇਸ ਨੂੰ ਘਰੋਂ ਕੱਢੋ, ਇਹਦਾ ਫਾਹਾ ਵੱਢ'
ਦੋ ਚਾਰ ਜਿਹੜੇ ਪੈਸੇ ਮਿਲਦੇ ਨੇ
ਉਹਨਾਂ ਨੂੰ ਜੇਬ ਵਿੱਚ ਪਾਓ
ਭਾਵੇਂ ਹੱਡਾ-ਰੋੜੀ ਦੇ ਰਾਹ ਪਾਓ
ਤੇਰਾ ਬਾਪੂ ਕਹਿੰਦਾ, 'ਖ਼ਬਰਦਾਰ !
ਜੇ ਕਿਸੇ ਨੇ ਮੁੜ ਕੇ ਇਹ ਗੱਲ ਕਹੀਂ ਤਾਂ
ਓਏ, ਇਹਦੀ ਕਮਾਈ ਨਾਲ ਤਾਂ ਜੁਆਨ ਹੋਏ
ਪੈਰਾਂ ਸਿਰ ਹੋਏ, ਰੱਜ ਕੇ ਰੋਟੀ ਖਾਣ ਲੱਗੇ
ਕੱਚੇ ਖੋਲਿਆਂ ਤੋਂ ਪੱਕਿਆਂ ਵਾਲੇ ਹੋਏ
ਹੁਣ ਇਹ ਘਰ ਵਿੱਚ ਹੀ ਰਹੇਗਾ
ਮੌਜ਼ ਕਰੇਗਾ ਐਸ਼ ਕਰੇਗਾ
ਜੋ ਜੀ ਕਰੇ ਉਹ ਹੀ ਕਰੇਗਾ
ਤੇਰੇ ਬਾਪੂ ਨੇ ਪਹਿਲਾਂ ਵਾਂਗ
ਪੱਠੇ ਪਾਉਣੇ, ਪਾਣੀ ਪਿਲਾਉਣਾ
ਧੁੱਪੇ ਛਾਵੇਂ ਕਰਨਾ, ਮੱਥਾ ਚੁੰਮਣਾ
ਦੁਵਾਈ ਦੇਣੀ, ਗੋਹਾ ਇਕੱਠਾ ਕਰਨਾ
ਜਿਸ ਦਿਨ ਉਹ
ਹੋਰ ਦੁਨੀਆਂ ਵਿੱਚ ਚਲੇ ਗਿਆ
ਤੇਰਾ ਬਾਪੂ ਬਹੁਤ ਉਦਾਸ ਹੋਇਆ
ਬਹੁਤ ਰੋਇਆ ਸਾਰਾ ਦਿਨ ਭੁੱਖਾ ਰਿਹਾ
ਮੌਲਾ ਬਲਦ ਉਸ ਦੇ ਭਰਾਵਾਂ ਵਰਗਾ ਸੀ
ਉਤਾਂਹ ਦੇਖਿਆ, 'ਸੰਨੀ ਡੇਅ' ਦੀ ਥਾਂ ਬੱਦਲਵਾਈ ਸੀ
ਦਾਦੀ ਦਿਖਾਈ ਨਹੀਂ ਦਿੱਤੀ
ਪਰ ਇੱਕ ਆਵਾਜ਼ ਸੁਣਾਈ ਦਿੱਤੀ
'ਇਹ ਵਿਹਲੇ ਨਹੀਂ ਹੁੰਦੇ ਧਰਤੀ ਦਾ ਭਾਰ
ਇਹਨਾਂ ਨੇ ਚੁੱਕਿਆ ਹੋਇਆ ਹੈਂ ।

# ਸੜੀ ਰੱਸੀ ਦਾ ਵਲ੍ਹ / ਗੁਰਮੀਤ ਆਰਿਫ਼

ਸਰਦੂਲ ਸਿਹੁੰ ਮੋਟਰ ਦੇ ਚੁਬੱਚੇ ਕੋਲ ਉਦਾਸ ਜਿਹਾ ਬੈਠਾ ਬੇੜ ਵੱਟ ਰਿਹਾ ਸੀ। ਪੱਠੇ ਵੱਢਣ ਆਇਆ ਜੀਤ ਉਹਨੂੰ ਵੇਖ ਕੇ ਕੋਲ ਆ ਬੈਠਾ।

''ਸੁਣਾਂ ਚਾਚਾ ਕੀ ਹਾਲ ਚਾਲ ਆ।''



''ਮਾੜੇ ਜੱਟਾਂ ਦੇ ਕਾਹਦੇ ਹਾਲ ਆ ਜੀਤਿਆ ਤੈਨੂੰ ਤਾਂ ਪਤਾ ਈ ਆ। ਜਦੋਂ ਨੂੰ ਫਸਲ ਬਾੜੀ ਭਰਮੀ ਹੋਣ ਦੀ ਉਮੀਦ ਹੁੰਦੀ ਆ ਉਦੋਂ ਨੂੰ ਰੱਬ ਕਹਿਰਵਾਨ ਹੋ ਜਾਂਦਾ ਜਾਂ ਆੜ੍ਹਤੀਆਂ ਦੇ ਦੂਣ ਸਵਾਏ ਹੋ ਜਾਂਦੇ ਆ। ਮੈਨੂੰ ਤਾਂ ਕਦੀ ਕਦੀ ਐਂ ਲਗਦੈ ਜਿਵੇਂ ਅਸੀਂ ਤਾਂ ਇਨ੍ਹਾਂ ਦੇ ਢਿੱਡ ਭਰਨ ਵਾਸਤੇ ਈ ਜੰਮੇ ਆਂ।''

''ਇਹ ਤਾਂ ਹੈ ਚਾਚਾ ਪਰ ਹੁਣ ਤੈਨੂੰ ਕਾਹਦਾ ਝੋਰਾ। ਸਾਰੀ ਕਬੀਲਦਾਰੀ ਨਜਿੱਠੀ ਗਈ ਆ। ਵੱਡਾ ਫੌਜੀ ਹੋ ਗਿਐ। ਛੋਟਾ ਘਰੇ ਦੁੱਧ ਵਾਧ ਦਾ ਕਰੀ ਜਾਂਦਾ। ਆਖਰ ਧੇਲੀ ਚੁਆਨੀ ਤਾਂ ਨਾਲ ਜੁੜਦੀ ਹੋਊ ਕਿ ਨਹੀਂ....?''

''ਕਾਹਦੀਆਂ ਧੇਲੀਆਂ ਚੁਆਨੀਆਂ। ਪਹਿਲਾਂ ਆਲੀਆਂ ਗੱਲਾਂ ਹੁਣ ਘਰਾਂ 'ਚ ਕਿੱਥੇ ਰਹੀਆਂ ਜੀਤਿਆ। ਵੇਖ ਲਾ ਅਸੀਂ ਤਿੰਨੇ ਭਰਾਵਾਂ ਨੇ ਸਾਰੀ ਉਮਰ ਇਕੋ ਢੇਰੀ ਤੇ ਕੱਢਲੀ। ਕਦੀ ਸੂਈ ਨੀ ਲੰਘੀ ਸਾਡੇ ਵਿਚਦੀ। ਜੇ ਹੁਣ ਵੱਖ ਹੋਏ ਆਂ ਤਾਂ ਇਸ ਨਵੀਂ ਪਨੀਰੀ ਦੇ ਕਲੇਸ਼ ਕਰਕੇ ਈ ਵੱਖ ਹੋਏ ਆਂ। ਜੇ ਸਾਡੀ ਔਲਾਦ ਚੰਗੀ ਹੁੰਦੀ ਤਾਂ ਭਲਾ ਤੈਨੂੰ ਕੰਮ ਤੋਂ ਕਿਉਂ ਜਵਾਬ ਦਿੰਦੇ।'' ਦੂਰ ਖੇਤਾਂ ਵੱਲ ਝਾਕਦਾ ਸਰਦੂਲ ਬੋਲਿਆ।

ਜੀਤ ਨੇ ਸਰਦੂਲ ਦੇ ਗੰਭੀਰ ਹੋਏ ਚਿਹਰੇ ਵੱਲ ਵੇਖਿਆ। ਐਂ ਲੱਗਾ ਜਿਵੇਂ ਉਹਨੂੰ ਕੰਮ ਤੋਂ ਜਵਾਬ ਦੇਣ ਦਾ ਅਫਸੋਸ ਅੱਜ ਵੀ ਸਰਦੂਲ ਦੇ ਮਨ ਵਿੱਚ ਫੋੜ੍ਹੇ ਵਾਂਗ ਰਿਸ ਰਿਹੈ। ਅਫਸੋਸ ਹੁੰਦਾ ਵੀ ਕਿਵੇਂ ਨਾ। ਜਦੋਂ ਦਾ ਉਹਦਾ ਵਿਆਹ ਹੋਇਆ ਸੀ, ਉਸੇ ਸਾਲ ਤੋਂ ਈ ਤਾਂ ਉਹ ਇਹਨਾਂ ਦੇ ਨਾਲ ਸੀਰੀ ਰਲਿਆ ਸੀ। ਨੌਂ ਕਿੱਲਿਆਂ ਦਾ ਟੱਕ ਤੇ ਨਾਲ ਲਗਦੀ ਵਲੈਤੀਆਂ ਦੀ ਠੇਕੇ ਤੇ ਲਈ ਪੰਦਰਾਂ ਕਿੱਲੇ ਜਮੀਨ ਉਹ ਕੱਲਾ ਈ ਸਾਂਭਦਾ ਰਿਹਾ ਸੀ। ਸਰਦੂਲ ਹੁਰਾਂ ਦਾ ਵੀ ਤਿੰਨੋ ਭਰਾਵਾਂ ਦਾ ਬਹੁਤ ਇਤਫਾਕ ਸੀ। ਹਰ ਗੱਲ ਇਕ ਦੂਜੇ ਤੋਂ ਪੁੱਛ ਕੇ ਕਰਦੇ ਸਨ। ਪਤਾ ਨੀ ਐਹੇ ਜੀ ਕੇਹੜੀ ਵਾਅ ਵਗੀ ਕਿ ਹੁਣ ਇਕ ਦੂਜੇ ਤੋਂ ਪਿੱਠ ਕਰੀ ਬੈਠੇ ਸਨ।

ਪਲਾਂ ਵਿੱਚ ਈ ਲੰਘਿਆ ਸਮਾਂ ਜੀਤ ਦੇ ਜਿਹਨ ਵਿੱਚ ਰੀਲ ਵਾਂਗ ਘੁੰਮ ਗਿਆ। ਸਰਦੂਲ ਦੇ ਤਿੰਨੋ ਨਿਆਣੇ ਵੱਡੇ ਸਨ। ਵੱਡਾ ਗੁਲਜਾਰ ਦਸਵੀਂ ਕਰਨ ਤੋਂ ਬਾਅਦ ਸ਼ਹਿਰ ਮੋਟਰਸਾਈਕਲਾਂ ਦਾ ਕੰਮ ਸਿੱਖਣ ਜਾਂਦਾ ਸੀ। ਛੋਟਾ ਬਲਕਾਰ ਤੇ ਨਿੱਕੀ ਕੁੜੀ ਬਲਜੀਤ ਪਿੰਡ ਦੇ ਹਾਈ ਸਕੂਲ ਵਿੱਚ ਪੜ੍ਹ ਰਹੇ ਸਨ। ਥੋੜ੍ਹੀ ਦੇਰ ਕੰਮ ਕਰਨ ਤੋਂ ਬਾਦ ਗੁਲਜਾਰ ਫੌਜ ਵਿੱਚ ਭਰਤੀ ਹੋ ਗਿਆ। ਸਾਰੇ ਪਰਿਵਾਰ ਵਿਚ ਬਹੁਤ ਖੁਸ਼ੀ ਸੀ। ਜਿੰਦਗੀ 'ਚ ਪਹਿਲੀ ਵਾਰ ਉਹਨਾਂ ਦੇ ਘਰ ਚੋਂ ਕੋਈ ਸਰਕਾਰੀ ਨੌਕਰ ਲੱਗਾ ਸੀ। ਉਹਨੇ ਜਦੋਂ ਵੀ ਛੁੱਟੀ ਆਉਣਾਂ ਸਾਰੇ ਟੱਬਰ ਨੇ ਉਹਦੇ ਦੁਆਲੇ ਬੈਠ ਕੇ ਫੌਜ ਦੀਆਂ ਗੱਲਾਂ ਸੁਣਨੀਆਂ 'ਤੇ ਹੈਰਾਨ ਹੋਈ ਜਾਣਾਂ। ਪਤਾ ਈ ਨਾ ਲੱਗਾ ਕਦੋਂ ਤਿੰਨ ਸਾਲ ਲੰਘ ਗਏ। ਫਿਰ ਥੋੜ੍ਹੀ ਦੇਰ ਬਾਦ ਘਰ ਵਿੱਚ ਘੁਸਰ ਮੁਸਰ ਜਿਹੀ ਹੋਣ ਲੱਗੀ। ਸਰਦੂਲ ਦੇ ਛੋਟੇ ਭਰਾਵਾਂ ਦਾ ਕਹਿਣਾਂ ਸੀ ਬਈ ਜੇ ਘਰ ਸਾਂਝਾ ਹੈ ਤਾਂ ਫੌਜੀ ਦੀ ਤਨਖਾਹ ਵੀ ਸਾਂਝੇ ਘਰ ਵਿੱਚ ਲੱਗਣੀ ਚਾਹੀਦੀ ਹੈ। ਜਦੋਂ ਵੀ ਘਰ ਵਿੱਚ ਕੋਈ ਕੰਮ ਕਰਨਾ ਜਾਂ ਨਵੀਂ ਫਸਲ ਬੀਜਣੀ ਹੁੰਦੀ, ਉਹ ਜਾਣਬੁੱਝ ਕੇ ਈ ਕਹਿ ਦਿੰਦੇ। ''ਥੋੜੀ ਬਹੁਤ ਮਦਾਦ ਫੌਜੀ ਤੋਂ ਲੈ ਲੈਨੇ ਆਂ। ਪੁੱਛ ਕੇ ਵੇਖੋ ਖਾਂ ਉਹਨੂੰ ਜੇ....?''

ਪਰ ਗੁਲਜਾਰ ਦੀ ਮਾਂ ਚਰਨਜੀਤ ਇਸ ਬਾਰੇ ਸਰਦੂਲ ਦੀ ਕੋਈ ਗੱਲ ਨਾ ਸੁਣਦੀ। ਉਹਨੇ ਜਦੋਂ ਵੀ ਕੋਈ ਗੱਲ ਕਰਨੀ ਉਹ ਅੱਗੋਂ ਤੋੜ ਕੇ ਜਵਾਬ ਦੇ ਦਿੰਦੀ। ''ਇਹ ਘਰ ਬਾਰ 'ਤੇ ਜਮੀਨ ਸਾਂਝੀ ਐ ਬੱਚੇ ਨੀ, ਵੀ ਹਰ ਕੋਈ ਸਾਡੇ ਨਿਆਣਿਆਂ ਤੇ ਹੱਕ ਜਤਾਂਉਂਦਾ ਫਿਰੇ। ਮੇਰਾ ਮੁੰਡਾ ਚੱਤੋ ਪਹਿਰ ਗੋਲੀ ਮੂਹਰੇ ਖੜ੍ਹਾ ਰਹਿੰਦਾ, ਤਾਂ ਜਾ ਕੇ ਸਰਕਾਰ ਤਨਖਾਹ ਦਿੰਦੀ ਆ।ਕੱਲ੍ਹ ਕੋਤਰ ਨੂੰ ਇਨ੍ਹਾਂ ਦੇ ਨਿਆਣੇ ਪਟਵਾਰੀ ਲੱਗ ਜਾਣਗੇ ਤਾਂ ਕੀ ਇਹ ਦੇਣਗੇ ਸਾਨੂੰ ਹਿੱਸੇ ? ਇਹ ਨੀ ਮੈਂ ਹੋਣ ਦੇਣਾਂ। ਕੱਲ੍ਹ ਨੂੰ ਮੈਂ ਕੁੜੀ ਵੀ ਵਿਆਹੁਣੀ ਐਂ। ਉਹਦੇ ਵਾਸਤੇ ਵੀ ਕੁਸ਼ ਜੋੜਨਾ ਕਿ ਨਈਂ? ਤੁਸੀਂ ਸਾਰੇ ਭਰਾ ਜੋ ਮਰਜੀ ਕਰੋ ਪਰ ਮੇਰੇ ਮੁੰਡੇ ਦੀ ਕਮਾਈ ਤੇ ਸਿਰਫ ਸਾਡਾ ਹੱਕ ਐ ਹੋਰ ਕਿਸੇ ਦਾ ਨੀ 'ਤੇ ਦੁਬਾਰਾ ਮੇਰੇ ਨਾ ਇਹ ਗੱਲ ਨਾ ਕਰੀਂ..... ਨਈਂ ਮੈਥੋਂ ਬੁਰਾ ਕੋਈ ਨੀ।''

ਸਰਦੂਲ ਖਿਝਦਾ ਖਪਦਾ ਪਰ ਉਹਦੀ ਕੋਈ ਪੇਸ਼ ਨਾ ਜਾਂਦੀ। ਉੱਤੋਂ ਗੁਲਜਾਰ ਵੀ ਸਿਰੇ ਦਾ ਸੂਮ ਨਿਕਲਿਆ। ਨਾ ਕਦੀ ਪਿਉ ਦੇ ਹੱਥ ਤੇ ਧੇਲਾ ਧਰਿਆ ਨਾ ਕਦੀ ਸੁਲ੍ਹਾ ਮਾਰੀ। ਦੋਵਾਂ ਮਾਂ ਪੁੱਤਾਂ ਦੀ ਇਕ ਰਾਇ ਸੀ। ਥੋੜ੍ਹੀ ਦੇਰ ਬਾਦ ਘਰ ਵਿਚ ਛੋਟੀ ਛੋਟੀ ਚੀਜ ਤੇ ਤੂੰ ਤੂੰ ਮੈਂ ਮੈਂ ਹੋਣ ਲੱਗੀ। ਫਿਰ ਘਰ ਵਰਤੋਂ ਦੀਆਂ ਚੀਜਾਂ ਅੱਡੋ ਅੱਡ ਆਉਣ ਲੱਗੀਆਂ। ਇਸੇ ਕਸ਼ਮਕਸ਼ ਵਿੱਚ ਈ ਡੇਢ ਦੋ ਸਾਲ ਹੋਰ ਲੰਘ ਗਏ 'ਤੇ ਅਖੀਰ ਤਿੰਨੇ ਭਰਾਵਾਂ ਨੇ ਢੇਰੀਆਂ ਵੰਡ ਲਈਆਂ। ਬਾਕੀ ਦੋਹਾਂ ਨੇ ਤਾਂ ਠੇਕੇ ਵਾਲੀ ਜਮੀਨ ਛੱਡ ਦਿੱਤੀ ਪਰ ਸਰਦੂਲ ਆਪਣੀ ਤਿੰਨ ਕਿੱਲਿਆਂ ਦੇ ਨਾਲ ਵਲੈਤੀਆਂ ਦੀ ਪੰਦਰਾਂ ਕਿੱਲ੍ਹੇ ਵਹੁੰਦਾ ਰਿਹਾ। ਜੈਦਾਤ ਵੰਡੇ ਜਾਣ ਤੋਂ ਬਾਦ ਜੀਤ ਵੀ ਕਈ ਸਾਲ ਸਰਦੂਲ ਦੇ ਨਾਲ ਸੀਰੀ ਰਲਿਆ ਰਿਹਾ।

''ਓ ਆ ਬਈ ਜੀਤਿਆ ਕਿਵੇਂ ਆਂ ਫਿਰ ? ਭਰਜਾਈ ਨੂੰ ਕਹੀਂ ਬੀਬੀ ਬੁਲਾਂਉਦੀ ਸੀ। ਛੱਤਾਂ ਲਿਪਣੀਆਂ ਨੇ ਤੇ ਨਾਲੇ ਪਸ਼ੂਆਂ ਵਾਲੇ ਵਰਾਂਡੇ ਦੀ ਸਫਾਈ ਕਰਨੀ ਆ। ਅੱਗੇ ਮੀਂਹ ਕਣੀਂ ਦਾ ਟਾਈਮ ਆ ਰਿਹੈ।'' ਸਰਦੂਲ ਦੇ ਛੋਟੇ ਮੁੰਡੇ ਬਲਕਾਰ ਨੇ ਆ ਕੇ ਉਹਦੀ ਸੁਰਤੀ ਤੋੜ ਦਿੱਤੀ।

''ਅਕਲ ਨਾ ਬੋਲਿਆ ਕਰ ਉਏ ਹੁਣ ਤੂੰ। ਇਹ ਤੇਰਾ ਮਾਸੜ ਲਗਦੈ।'' ਸਰਦੂਲ ਨੇ ਬਲਕਾਰ ਨੂੰ ਝਿੜਕਿਆ।

''ਓ ਕੋਈ ਗੱਲ ਨੀ ਚਾਚਾ ਫੇਰ ਕੀ ਆ। ਮਾੜੇ ਦੀ ਜਨਾਨੀ ਤਾਂ ਸਾਰੇ ਪਿੰਡ ਦੀ ਭਰਜਾਈ ਹੁੰਦੀ ਆ। ਜੇ ਇਹਨੇ ਕਹਿਤਾ ਤਾਂ ਕੀ ਹੋ ਗਿਆ।''

ਬਲਕਾਰ ਸ਼ਰਮਿੰਦਾ ਜਿਹਾ ਹੋ ਕੇ ਮੁੜ ਗਿਆ। ਜੀਤ ਉਹਨੂੰ ਤੁਰੇ ਜਾਂਦੇ ਨੂੰ ਪਿਛੋਂ ਵੇਖਦਾ ਬੋਲਿਆ ''ਚਾਚਾ ਲਗਦਾ ਬੰਦਾ ਕਾਫੀ ਸੁਧਰ ਗਿਐ। ਨਈਂ ਪਹਿਲਾਂ ਛੋਟੀ ਛੋਟੀ ਗੱਲ ਤੇ ਗਲ੍ਹ ਪੈਣ ਨੂੰ ਆਂਉਦਾ ਸੀ.... ਹੈ ਕਿ ਨਹੀਂ।''

''ਕਾਹਦਾ ਸੁਧਰ ਗਿਆ ? ਓ ਕਹਿੰਦੇ ਹੁੰਦੇ ਆ ਨਾ ਵਈ ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਂਵੇ ਕੱਟੀਏ ਪੋਰੀਆਂ ਪੋਰੀਆਂ ਜੀ। ਇਹ ਜਿਣਸਾਂ ਕਿਥੋਂ ਸੁਧਰਨ ਆਲੀਆਂ ਨੇ।'' ਸਰਦੂਲ ਟੇਢੀ ਅੱਖ ਨਾਲ ਤੁਰੇ ਜਾਂਦੇ ਬਲਕਾਰ ਨੂੰ ਵੇਖਦਾ ਬੋਲਿਆ।

''ਚੱਲ ਛੱਡ ਚਾਚਾ, ਬਹੁਤੀ ਚਿੰਤਾ ਨਾ ਕਰਿਆ ਕਰ। ਚਿੰਤਾ ਚਿਤਾ ਬਰੋਬਰ ਹੁੰਦੀ ਆ। ਬਥੇਰਾ ਕਰ ਲਿਆ ਤੂੰ। ਹੁਣ ਛੱਡ ਖਹਿੜਾ। ਜਦੋਂ ਇਨ੍ਹਾਂ ਦੇ ਸਿਰ ਪਈ ਆਪੇ ਆਵਦੀ ਲੋੜ ਨੂੰ ਕਰਨਗੇ। ਪਿਛੇ ਆਹ ਤੇਰੀ ਛੋਟੀ ਕੁੜੀ ਰਹਿਗੀ ਆ। ਇਹਦਾ ਵੀ ਗੁਰੂ ਮਾਰ੍ਹਾਜ ਕਿਤੇ ਨਾ ਕਿਤੇ ਢੋਅ ਮੇਲ ਕਰਵਾ ਦੂ।''

''ਇਹੀ ਤਾਂ ਸਾਰੀ ਟੈਂਸ਼ਨ ਆ ਜੀਤਿਆ। ਇਨ੍ਹਾਂ ਨੇ ਆਪੋ ਆਪਣੇ ਤਾਂ ਕਰਵਾ ਲੇ 'ਤੇ ਹੁਣ ਕੁੜੀ ਦੇ ਨਾਂ ਨੂੰ ਕੋਈ ਬਾਤ ਨੀ ਪੁੱਛਦਾ। ਇਹ ਦੁੱਧ ਪਾਉਣ ਤੋਂ ਬਾਦ ਸਾਰਾ ਦਿਨ ਪਿੰਡ 'ਚ ਤੁਰਿਆ ਰਹਿੰਦਾ। ਜੇ ਘਰੇ ਹੋਊ ਤਾਂ ਮੋਬੈਲ ਤੇ ਉਂਗਲਾਂ ਮਾਰਦਾ ਰਹੂ। ਸਾਡੇ ਨਾਲ ਗੱਲ ਕਰਨ ਦਾ ਤਾਂ ਇਹਦਾ ਮਿੰਟ ਵਿਹਲ ਨੀ। ਪਤਾ ਨੀ ਕੇਹੜੀ ਦੁਨੀਆਂ 'ਚ ਫਿਰਦਾ ਰਹਿੰਦਾ। ਜੇ ਕੁਸ਼ ਕਹਿੰਨੇ ਆਂ ਤਾਂ ਘਰ 'ਚ ਕਲੇਸ਼.... ਬੰਦਾ ਕਰੇ ਤਾਂ ਕਰੇ ਕੀ ? ਉਹ ਵੱਡਾ ਫੌਜੀ ਆ, ਜਨਾਨੀ ਨੂੰ ਲੈ ਕੇ ਪਠਾਨਕੋਟ ਬੈਠਾ। ਜਦੋਂ ਦਾ ਬਲਕਾਰ ਦੇ ਵਿਆਹ ਤੋਂ ਗਿਆ ਉਹਨੇ ਪਿਉ ਦੇ ਪੁੱਤ ਨੇ ਮਦਾਦ ਤਾਂ ਕੀ ਕਰਨੀ ਸੀ ਕਦੀ ਟੈਲੀਫੂਨ ਤੇ ਵੀ ਹਾਲ ਨੀ ਪੁੱਛਿਆ, ਬਈ ਹੈਗੇ ਵੀ ਆਂ ਕਿ ਨਈਂ। ਆਪ ਦੋਹੇਂ ਤੀਵੀਂ ਆਦਮੀ ਸੁਖੀ ਵਸਦੇ ਆ ਤੇ ਸਾਡਾ ਉਹਦੇ ਸਹੁਰਿਆਂ ਨਾ ਕਲੇਸ਼ ਪੈ ਗਿਆ। ਤੈਨੂੰ ਪਤਾ ਈ ਆ ਵਿਚਲੀ ਗੱਲ।'' ਗੱਲ ਕਰਦਾ ਸਰਦੂਲ ਫਿਰ ਉਦਾਸ ਹੋ ਗਿਆ।

ਬੇੜ 'ਚ ਲਾਉਣ ਵਾਲੇ ਕੱਖਾਂ ਨੂੰ ਕੱਠਾ ਕਰਦੇ ਜੀਤ ਨੇ ਉਹਦੇ ਵੱਲ ਵੇਖਿਆ। ਉਹ ਸਹੀ ਕਹਿ ਰਿਹਾ ਸੀ। ਇਹ ਸਾਰਾ ਕੁਝ ਜੀਤ ਦੇ ਸਾਹਮਣੇ ਈ ਤਾਂ ਵਾਪਰਿਆ ਸੀ। ਫੌਜੀ ਦਾ ਰਿਸ਼ਤਾ ਕਰਨ ਲੱਗਿਆਂ ਇਹਨਾਂ ਨੇ ਝੂਠ ਮਾਰਿਆ ਸੀ ਬਈ ਮੁੰਡੇ ਨੂੰ ਨੌਂ ਕਿੱਲੇ ਜਮੀਨ ਆਂਉਦੀ ਆ। ਅਗਲਾ ਘਰ ਚੰਗਾ ਸਰਦਾ ਪੁੱਜਦਾ ਸੀ। ਸਰਕਾਰੀ ਨੌਕਰੀ ਦੇ ਲਾਲਚ ਨੂੰ ਉਨ੍ਹਾਂ ਨੇ ਵੀ ਬਹੁਤੀ ਪੁੱਛ ਪੜਤਾਲ ਨੀ ਕੀਤੀ। ਠੇਕੇ ਤੇ ਲਈ ਜਮੀਨ ਵਿਖਾ ਕੇ ਰਿਸ਼ਤਾ ਤਹਿ ਹੋ ਗਿਆ ਤੇ ਕਿਸੇ ਭਾਨੀਮਾਰ ਦੇ ਡਰੋਂ ਛੁੱਟੀ ਆਏ ਫੌਜੀ ਦਾ ਦਿਨਾਂ ਵਿੱਚ ਹੀ ਵਿਆਹ ਕਰ ਦਿੱਤਾ। ਗੁਲਜਾਰ ਦੇ ਸਹੁਰਿਆਂ ਨੂੰ ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਵਲੈਤੀਆਂ ਦੀ ਜਮੀਨ ਦਾ ਸੌਦਾ ਹੋ ਗਿਆ। ਉਹਨਾਂ ਨੇ ਬਹੁਤ ਕਲੇਸ਼ ਕੀਤਾ। ਪਹਿਲਾਂ ਤਾਂ ਫੌਜੀ ਦੇ ਘਰ ਆਲੀ ਕਈ ਦਿਨ ਵਿਟਰੀ ਰਹੀ ਫਿਰ ਉਹ ਫੌਜੀ ਦੇ ਨਾਲ ਈ ਚਲੀ ਗਈ। ਸ਼ਾਇਦ ਉਹਦੇ ਸਹੁਰਿਆਂ ਨੇ ਕੁੜੀ ਨੂੰ ਨਾਲ ਤੋਰਨ ਦੀ ਸ਼ਰਤ ਈ ਇਹੋ ਰੱਖੀ ਸੀ ਬਈ ਜੇ ਕੁੜੀ ਵਸਾਉਣੀ ਆਂ ਤਾਂ ਉਹ ਬਾਕੀ ਟੱਬਰ ਵਿੱਚ ਨਹੀਂ ਰਹੂਗੀ।

ਇਸ ਝਗੜੇ ਤੋਂ ਬਾਦ ਵੀ ਜੀਤ ਕਈ ਦਿਨ ਸਰਦੂਲ ਦੇ ਘਰ ਆਉਂਦਾ ਰਿਹਾ। ਕਦੀ ਪਸ਼ੂਆਂ ਨੂੰ ਪੱਠੇ ਪਾ ਦਿਆ ਕਰੇ ਕਦੀ ਕੋਈ ਹੋਰ ਛੋਟਾ ਮੋਟਾ ਘਰ ਦਾ ਕੰਮ ਕਰਾ ਦਿਆ ਕਰੇ। ਅਖੀਰ ਇਕ ਦਿਨ ਸਰਦੂਲ ਨੇ ਭਰੇ ਮਨ ਨਾਲ ਕਹਿ ਈ ਦਿੱਤਾ। ''ਜੀਤਿਆ ਤੈਨੂੰ ਜਵਾਬ ਦੇਣ ਨੂੰ ਦਿਲ ਤਾਂ ਨੀ ਕਰਦਾ ਪਰ ਵੇਖ ਹੁਣ ਮੇਰੇ ਕੋਲ ਵੀ ਉਹ ਸਭ ਕੁਸ਼ ਨਹੀਂ ਰਿਹਾ ਜੀਹਦੇ ਕਰਕੇ ..... । ਮੇਰੀ ਮੰਨ ਤੂੰ ਕਿਤੇ ਹੋਰ ਕੰਮ ਲੱਭ ਲਾ।''

''ਕੀ ਗੱਲ ਕਰਦਾਂ ਚਾਚਾ ਦੁਨੀਆਂ 'ਚ ਸਭ ਕੁਸ਼ ਪੈਸਾ ਈ ਥੋੜ੍ਹਾ ਹੁੰਦਾ, ਹੋਰ ਵੀ ਬਹੁਤ ਕੁਸ਼ ਹੁੰਦੈ। ਪਿਆਰ ਮੁਹੱਬਤ ਤੇ ਸਾਂਝ ਸਭ ਤੋਂ ਕੀਮਤੀ ਚੀਜ ਹੁੰਦੀ ਆ। ਕੋਈ ਗੱਲ ਨੀ ਜੇ ਜਮੀਨ ਨੀ ਰਹੀ ਤਾਂ ਫਿਰ ਕਿਹੜਾ ਸਾਡੀ ਸਾਂਝ ਟੁੱਟਗੀ। ਤੂੰ ਭਾਂਵੇ ਜੋ ਮਰਜੀ ਸਮਝ ਪਰ ਮੈਂ ਨੀ ਆਉਣੋਂ ਹਟਣਾਂ ।'' ਜੀਤ ਵੀ ਅੰਦਰੋਂ ਭਾਵੁਕ ਹੋ ਗਿਆ ਸੀ। ਉਸ ਦਿਨ ਤੋਂ ਬਾਦ ਉਹਨੇ ਕਿਸੇ ਨਾਲ ਵੀ ਪੱਕੇ ਤੌਰ ਤੇ ਕੰਮ ਨੀ ਸੀ ਕੀਤਾ। ਪਿੰਡ ਵਿਚ ਈ ਦਿਹਾੜੀ ਜੋਤਾ ਕਰਦਾ ਰਿਹਾ। ਕਦੇ ਕਦਾਂਈ ਵਿਚੋਂ ਸਰਦੂਲ ਕੇ ਪਸ਼ੂਆਂ ਲਈ ਪੱਠੇ ਵੱਢ ਜਾਂਦਾ ਤੇ ਜਾਣ ਲੱਗਾ ਆਪਣੇ ਲਈ ਵੀ ਢੇਰੀ ਲੈ ਜਾਂਦਾ।

* * *

ਕਾਫੀ ਸਮਾਂ ਗੁਲਜਾਰ ਦੇ ਵਿਆਹ ਦੀ ਇਲਾਕੇ ਵਿੱਚ ਚੁੰਝ ਚਰਚਾ ਚੱਲਦੀ ਰਹੀ। ਕੋਈ ਸਰਦੂਲ ਵੱਲੋਂ ਮਾਰੇ ਝੂਠ ਦੀ ਦਾਦ ਦਿੰਦਾ ਤੇ ਕੋਈ ਵਿੱਗੀ ਭੰਨ੍ਹ ਕੇ ਅੱਗੋਂ ਕਹਿੰਦਾ ''ਵਈ ਉਹ ਬਿਗਾਨੀ ਧੀ ਸੀ ਤਾਂ ਝੂਠ ਚੱਲ ਗਿਆ। ਜਦੋਂ ਆਪਣੇ ਨਾਲ ਹੋਈ ਨਾ ਉਦੋਂ ਪਤਾ ਲੱਗੂ ਵੱਡੇ ਲਾਣੇਦਾਰਾਂ ਨੂੰ।'' ਜਿੰਨੇ ਮੂੰਹ ਉਨੀਆਂ ਗੱਲਾਂ। ਸਰਦੂਲ ਨੂੰ ਇਹ ਚਿੱਤ ਚੇਤਾ ਵੀ ਨਹੀਂ ਸੀ ਕਿ ਵੱਡੇ ਦੇ ਵਿਆਹ ਤੋਂ ਬਾਦ ਛੋਟੇ ਬਲਕਾਰ ਲਈ

ਰਿਸ਼ਤਾ ਲੱਭਣ ਵਾਸਤੇ ਉਹਨਾਂ ਨੂੰ ਐਨੀ ਪੈਰ ਘਸਾਈ ਕਰਨੀ ਪਊ। ਇਕ ਤਾਂ ਜਮੀਨ ਘੱਟ ਤੇ ਦੂਜਾ ਪਹਿਲੇ ਝੂਠ ਮਾਰ ਕੇ ਹੋਏ ਰਿਸ਼ਤੇ ਕਾਰਨ ਸਾਰੀਆਂ ਸਾਕ ਸਕੀਰੀਆਂ ਵੀ ਪਾਸਾ ਵੱਟ ਕੇ ਲੰਘਣ ਲੱਗੀਆਂ ਸਨ। ਕਈ ਥਾਂਈ ਰਿਸ਼ਤੇ ਆਏ ਵੀ ਪਰ ਗੱਲ ਸਿਰੇ ਨਾ ਚੜ੍ਹੀ। ਜਿਹੜਾ ਵੀ ਘਰ ਵੇਖਣ ਆਂਉਦਾ ਬਲਕਾਰ ਦੀ ਆਸੇ ਪਾਸੇ ਤੋਂ ਪੁਛ ਪੜਤਾਲ ਕਰਕੇ ਉਹ ਦੁਬਾਰਾ ਗੱਲ ਨਾ ਕਰਦਾ। ਉਤੋਂ ਬਲਕਾਰ ਵੀ ਸਾਰਾ ਦਿਨ ਪਿੰਡ ਦੇ ਅਵਾਰਾਗਰਦ ਨਸ਼ੇੜੀ ਮੁੰਡਿਆਂ ਨਾਲ ਫਿਰਦਾ ਰਹਿੰਦਾ। ਸਵੇਰ ਦਾ ਗਿਆ ਮੂੰਹ ਹਨੇਰੇ ਤੱਕ ਘਰੇ ਵੜ੍ਹਦਾ। ਕਈ ਵਾਰ ਤਾਂ ਉਹਦੇ ਉਲ੍ਹਾਂਭੇ ਵੀ ਆਏ ਸਨ। ਪਿੰਡ ਜਾਂਦਾ ਤਾਂ ਚੱਤੋ ਪਹਿਰ ਸੀਤੂ ਨਾਈ ਦੇ ਘਰ ਦੁਆਲੇ ਫਿਰਦਾ ਰਹਿੰਦਾ। ਉਹਦੀ ਜਨਾਨੀ ਵਾਹਵਾ ਮੂੰਹ ਮੱਥੇ ਲੱਗਦੀ ਸੀ। ਬਲਕਾਰ ਨੂੰ ਵੇਖ ਕੇ ਉਹ ਵੀ ਅੱਗੋਂ ਵਾਰ ਵਾਰ ਬੂਹੇ ਦੀਆਂ ਵਿਰਲਾਂ ਵਿਚਦੀ ਝਾਕਦੀ। ਸੀਤੂ ਛੇਤੀ ਹੀ ਇਹ ਸਭ ਕੁਸ਼ ਤਾੜ ਗਿਆ ਸੀ। ਇਕ ਦਿਨ ਚੱਕੀ ਤੋਂ ਆਟਾ ਚੱਕਣ ਗਏ ਸਰਦੂਲ ਨੂੰ ਉਹਨੇ ਰਾਹ ਵਿੱਚ ਰੋਕ ਲਿਆ ''ਬਾਈ ਗੱਲ ਇਹ ਆ ਬਈ ਮੁੱਛ ਬੰਦੇ ਦੀ ਇੱਜਤ ਹੁੰਦੀ ਆ ਤੇ ਜੇ ਅਸੀਂ ਇਹਨੂੰ ਬਨਾਉਣਾਂ ਜਾਣਦੇ ਆਂ ਨਾ ਤਾਂ ਲਹੁਣੀ ਵੀ ਜਾਣਦੇ ਆਂ। ਤੇਰਾ ਮੁੰਡਾ ਸਰਦਾਰ ਹੋਊ ਆਵਦੇ ਘਰੇ ਹੋਊ ਪਰ ਜੇ ਦੁਬਾਰਾ ਮੈਂ ਆਵਦੀ ਗਲੀ 'ਚ ਵੇਖ ਲਿਆ ਨਾ ਤਾਂ ਉਸਤਰਾ ਚੱਲੇ ਦਾ ਪਤਾ ਵੀ ਨੀ ਲੱਗਣਾ।'' ਇਸਤੋਂ ਪਹਿਲਾਂ ਕਿ ਸਰਦੂਲ ਉਹਨੂੰ ਕੋਈ ਜਵਾਬ ਦਿੰਦਾ ਉਹ ਅੱਖਾਂ ਕੱਢਦਾ ਤੁਰ ਗਿਆ ਸੀ। ਉਹ ਭਰਾ ਪੀਤਾ ਘਰ ਮੁੜ ਆਇਆ ਤੇ ਆਂਉਦਾ ਈ ਬਲਕਾਰ ਦੀ ਮਾਂ ਤੇ ਵਰ੍ਹ ਪਿਆ ''ਨਾ ਇਹ ਗੰਦਾ ਤੁਖਮ ਕਿਥੋਂ ਜੰਮ ਪਿਆ ਮੇਰੇ ਘਰੇ, ਨਾ ਇਹਨੂੰ ਨੂੰ ਆਪਣੀ ਇੱਜਤ ਦਾ ਖਿਆਲ ਨਾ ਕਿਸੇ ਹੋਰ ਦੀ। ਜਿਧਰ ਜਾਓ ਇਹਦੇ ਈ ਕਿੱਸੇ ਸੁਣਨ ਨੂੰ ਮਿਲਦੇ ਆ। ਪਤਾ ਨੀ ਕਿਹੜੀ ਅਲੋਕਾਰ ਜਵਾਨੀ ਚੜ੍ਹੀ ਇਹਨੂੰ। ਪਿੰਡ 'ਚ ਸਾਰੀ ਉਮਰ ਮੈਂ ਕਿਸੇ ਤੋਂ ਉਏ ਨੀ ਅਖਵਾਈ ਤੇ ਉਹ ਸੇਪੀ ਖੱਟਣ ਆਲਾ ਦੋ ਕੌਡੀ ਦਾ ਨਾਈ ਸ਼ਰੇਆਮ ਮੇਰੀ ਮਿੱਟੀ ਕਰ ਗਿਆ। ਇਹਨੂੰ ਸਮਝਾ ਲਾ ਨਈਂ....!'' ਚਰਨਜੀਤ ਦਾ ਰੋਣ ਸੁਣ ਕੇ ਸਰਦੂਲ ਬੁੜ ਬੁੜ ਕਰਦਾ ਘਰੋਂ ਬਾਹਰ ਨਿੱਕਲ ਗਿਆ।

ਉਹ ਜਦੋਂ ਵੀ ਬਲਕਾਰ ਦੀ ਬਾਹਰੋਂ ਕੋਈ ਇਹੋ ਜੀ ਹਰਕਤ ਸੁਣਦਾ ਤਾਂ ਆਪਣੀ ਜਨਾਨੀ ਤੇ ਈ ਵਰ੍ਹਦਾ। ਅੱਗੋਂ ਉਹਦੀ ਵੀ ਸੁਣਨ ਦੀ ਸਮਰੱਥਾ ਜਦੋਂ ਘਟ ਜਾਂਦੀ ਤਾਂ ਉਹ ਘਰੋਂ ਬਾਹਰ ਨਿੱਕਲ ਤੁਰਦਾ। ਜੇ ਬਲਕਾਰ ਨੂੰ ਕੁਸ਼ ਬੋਲਦਾ ਤਾਂ ਉਹ ਅੱਗੋਂ ਗਲ ਪੈਣ ਨੂੰ ਆਉਂਦਾ। ਘਰ ਵਿੱਚ ਹੁੰਦੀ ਤੂੰ ਤੂੰ ਮੈਂ ਮੈਂ ਸੁਣ ਕੇ ਸ਼ਰੀਕ ਕੱਛਾਂ ਵਿਚਦੀ ਹੱਸਦੇ। ਇਕ ਦਿਨ ਤਾਂ ਬਲਕਾਰ ਦੀ ਛੋਟੀ ਚਾਚੀ ਨੇ ਕਿਸੇ ਕੋਲ ਕਹਿ ਈ ਦਿੱਤਾ ''ਵੱਡੇ ਦਾ ਤਾਂ ਝੂਠ ਤੁਫਾਨ ਮਾਰ ਕੇ ਕਰ ਲਿਆ। ਸਵਾਦ ਤਾਂ ਐਂ ਜੇ ਇਸ ਵੇਲ੍ਹੜ ਦਾ ਵੀ ਹੁਣ ਕਰਕੇ ਵਿਖਾਵੇ। ਨਾਲੇ ਵੇਖਦੇ ਆਂ ਕੁੜੀ ਦਾ ਰਿਸ਼ਤਾ ਕੌਣ ਲੈਂਦਾ?'' ਬਲਕਾਰ ਲਈ ਆਏ ਹਰ ਰਿਸ਼ਤੇ ਵਿੱਚ ਭਾਨੀ ਮਾਰਨ ਦਾ ਸਭ ਤੋਂ ਵੱਡਾ ਹੱਥ ਇਸੇ ਦਾ ਹੁੰਦਾ। ਇਸੇ ਗੱਲ ਤੋਂ ਪ੍ਰੇਸ਼ਾਨ ਚਰਨਜੀਤ ਕਾਫੀ ਬਿਮਾਰ ਰਹਿਣ ਲੱਗੀ ਸੀ।

ਬਲਜੀਤ ਸਾਰਾ ਦਿਨ ਘਰੇ ਕੰਮ ਨਾਲ ਕੰਮ ਹੋਈ ਰਹਿੰਦੀ। ਚਰਨਜੀਤ ਦੇ ਬਹੁਤੇ ਕੰਮ ਹੁਣ ਉਸੇ ਦੇ ਈ ਹਿੱਸੇ ਆ ਗਏ ਸਨ। ਚੁੱਲ੍ਹੇ ਚੌਂਕੇ ਤੇ ਪਸ਼ੂਆਂ ਦਾ ਕੰਮ ਨਬੇੜਦੀ ਨੂੰ ਆਥਣ ਹੋ ਜਾਂਦਾ। ਨਈਂ ਪਹਿਲਾਂ ਉਹ ਸਲਾਈ ਸੈਂਟਰ ਤੋਂ ਆ ਕੇ ਆਪਣੀ ਮਨ ਮਰਜੀ ਨਾਲ ਹੀ ਘਰ ਦਾ ਕੰਮ ਕਰਦੀ ਸੀ। ਲੇਕਿਨ ਹੁਣ ਤਾਂ ਕਈ ਕਈ ਦਿਨ ਸੈਂਟਰ ਤੋਂ ਵੀ ਛੁੱਟੀ ਹੋ ਜਾਂਦੀ।

ਸਰਦੂਲ ਅੱਡ ਪ੍ਰੇਸ਼ਾਨ ਰਹਿੰਦਾ। ਖੇਤੀਬਾੜੀ ਤੇ ਕਬੀਲਦਾਰੀ ਦੇ ਕੰਮਾਂ ਤੋਂ ਇਲਾਵਾ ਚਰਨਜੀਤ ਦੀ ਬਿਮਾਰੀ ਦੀ ਨਵੀਂ ਜੁੰਮੇਵਾਰੀ ਉਹਦੇ ਮੋਢਿਆਂ ਤੇ ਆ ਪਈ ਸੀ। ਉਹਦਾ ਬਲੱਡ ਪ੍ਰੈਸ਼ਰ ਵਧਣ ਲੱਗ ਪਿਆ ਸੀ। ਘਰ 'ਚ ਜਦੋਂ ਵੀ ਕੋਈ ਉੱਚੀ ਬੋਲਦਾ ਉਹਦੇ ਸਿਰ ਨੂੰ ਘੁਮੇਰ ਚੜ੍ਹਦੀ। ਸਰੀਰ ਟੁੱਟਦਾ ਤੇ ਛਾਤੀ ਹੌਂਕਣ ਲਗਦੀ। ਉਹਨੂੰ ਵੇਖ ਕੇ ਸਰਦੂਲ ਦਾ ਸੰਘ ਸੁੱਕ ਜਾਂਦਾ। ਉਹਨੂੰ ਲੈ ਕੇ ਉਹ ਸ਼ਹਿਰ ਭੱਜਦਾ। ਡਾਕਟਰ ਕਹਿੰਦਾ ਇਹਨੂੰ ਚਿੰਤਾ ਮੁਕਤ ਰੱਖੋ ਇਹਦੇ ਕੋਲ ਕੋਈ ਵੀ ਪ੍ਰੇਸ਼ਾਨੀ ਵਾਲੀ ਗੱਲ ਨੀ ਕਰਨੀ। ਨਹੀਂ ਤਾਂ ਇਹਦੀ ਸਿਹਤ ਨੂੰ ਬਹੁਤ ਖਤਰਾ ਹੋ ਸਕਦੈ।

ਪਰ ਇਥੇ ਤਾਂ ਸਭ ਤੋਂ ਵੱਡੀ ਪ੍ਰੇਸ਼ਾਨੀ ਬਲਕਾਰ ਖੜ੍ਹੀ ਕਰੀ ਬੈਠਾ ਸੀ। ਇਹਨਾਂ ਦੀ ਜੁੰਡਲੀ ਵਿਚੋਂ ਰਾਂਵਾਂ ਦਾ ਕਾਲੀ ਚਿੱਟੇ ਸਮੇਤ ਫੜਿਆ ਗਿਆ ਸੀ। ਪੁਲਸ ਦੀ ਕੁੱਟ ਤੋਂ ਡਰਦੇ ਨੇ ਉਹਨੇ ਸਾਰੀ ਮਿੱਤਰ ਮੰਡਲੀ ਦੇ ਨਾਂ ਲੈ ਦਿੱਤੇ ਸਨ। ਐਮ ਐਲ ਏ ਦੀ ਸਿਫਾਰਸ਼ ਪਾ ਕੇ ਬੜੀ ਮੁਸ਼ਕਿਲ ਨਾਲ ਪਰਚੇ ਵਿਚੋਂ ਇਹਦਾ ਨਾਂ ਕਢਵਾਇਆ ਸੀ। 'ਤੇ ਹੁਣ ਦੂਜੇ ਦਿਨ ਈ ਸੀਤੂ ਨਾਈ ਆਪਣੀ ਤੀਵੀਂ ਨਾਲ ਕੀਤੀ ਛੇੜਛਾੜ ਦੀ ਦਰਖਾਸਤ ਦੇ ਆਇਆ ਸੀ। ਸ਼ਾਮੀ ਇੰਦਰ ਨੰਬਰਦਾਰ ਨੂੰ ਵਿੱਚ ਪਾ ਕੇ ਰਾਜੀਨਾਮਾ ਕਰਾਉਣ ਲਈ ਕਿਹਾ ਸੀ ਪਰ ਸੀਤੂ ਅੜੀ ਕਰੀ ਖੜ੍ਹਾ ਸੀ ਕਿ ਮੈਂ ਹੁਣ ਫੈਸਲਾ ਤਾਂ ਕਰੂੰ ਵਈ ਭਰੀ ਪੰਚਾਇਤ 'ਚ ਬਲਕਾਰ ਉਹਦੇ ਤੋਂ ਮਾਫੀ ਮੰਗੇ ਤੇ ਨਾਲੇ ਲਿਖ ਕੇ ਦੇਵੇ ਕਿ ਉਹ ਦੁਬਾਰਾ ਉਹਨਾਂ ਦੇ ਮੁਹੱਲੇ ਵੱਲ ਨਹੀਂ ਆਵੇਗਾ। ਮਾਫੀ ਬਾਰੇ ਸੁਣ ਕੇ ਸਰਦੂਲ ਦਾ ਪੈਰ ਜਿਵੇਂ ਮਣ ਮਣ ਭਾਰਾ ਹੋ ਗਿਆ । ਉਹਨੂੰ ਸਮਝ ਨੀ ਸੀ ਆ ਰਹੀ ਕਿ ਉਹ ਕੀ ਕਹੇ। ਬਲਕਾਰ ਨੀਵੀਂ ਪਾਈ ਖੜਾ ਪੈਰ ਨਾਲ ਮਿੱਟੀ ਖੁਰਚ ਰਿਹਾ ਸੀ। ਅਖੀਰ ਨੰਬਰਦਾਰ ਆਪ ਈ ਬੋਲ ਪਿਆ। ''ਵੇਖ ਵੀ ਸਰਦੂਲ ਸਿਹਾਂ ਆਪਾਂ ਸਾਰੇ ਧੀਆਂ ਭੈਣਾਂ ਆਲੇ ਆਂ। ਇਹ ਜੋ ਵੀ ਹੋਇਆ ਮਾੜਾ ਹੋਇਆ। ਤੂੰ ਭਾਈ ਆਵਦੇ ਮੁੰਡੇ ਨੂੰ ਸਮਝਾ। ਪਿੰਡ 'ਚ ਭਾਈਚਾਰਾ ਖਰਾਬ ਨੀ ਕਰੀਦਾ ਹੁੰਦਾ। ਤੇ ਸੀਤੂ ਤੂੰ..... ਛੱਡ ਖਹਿੜਾ, ਜਾਣ ਦੇ ਗੁੱਸੇ ਨੂੰ। ਮੈਂ ਕਹਿੰਨਾ ਵਈ

ਏਨੀ ਬਹੁਤ ਆ ਇਹਦੇ ਨਾਲ । ਜੇ ਬੰਦਾ ਹੋਇਆ ਤਾਂ ਅੱਗੋਂ ਸਮਝਦਾਰੀ ਨਾਲ ਚੱਲੂ। ਵੇਖ ਵੱਡੇ ਵਡੇਰਿਆਂ ਵੱਲ ਵੀ ਵੇਖੀਦਾ ਹੁੰਦਾ। ਮੇਰੀ ਜੁਬਾਨ ਆ ਤੇਰੇ ਨਾ, ਵਈ ਇਹ ਹੁਣ ਉਧਰ ਨੀ ਆਉਂਦਾ। ਜੇ ਦੁਬਾਰਾ ਸ਼ਕੈਤ ਆਈ ਤਾਂ ਮੈਂ ਆਪੇ ਵੇਖੂੰ।'' ਸੀਤੂ ਇੰਦਰ ਨੰਬਰਦਾਰ ਦੀ ਗੱਲ ਸੁਣ ਕੇ ਚੁੱਪ ਕਰ ਗਿਆ।

ਸਰਦੂਲ ਤੁਰਨ ਲੱਗਾ ਤਾਂ ਨੰਬਰਦਾਰ ਨੇ ਕੱਲੇ ਨੂੰ ਫਿਰ ਬਿਠਾ ਲਿਆ। ''ਸਰਦੂਲ ਸਿਹਾਂ ਕਈ ਵਾਰੀ ਇੱਜਤ ਬਚਾਉਣ ਲਈ ਨੀਵਾਂ ਦਾਅ ਲੈਣਾਂ ਪੈਂਦਾ। ਤੇਰਾ ਮੁੰਡਾ ਹੱਥਾਂ ਚੋਂ ਨਿਕਲਦਾ ਜਾਂਦਾ। ਮੇਰੀ ਸਲਾਹ ਮੰਨ ਮੁੰਡੇ ਦਾ ਵਿਆਹ ਕਰਦੇ। ਮੇਰੀ ਗੱਲ ਸੁੱਟੀਂ ਨਾ, ਕਈ ਵਾਰੀ ਬੰਦਾ ਪਲਾਂ ਦਾ ਖੁੰਝਿਆ ਕੋਹਾਂ ਤੇ ਜਾ ਪੈਂਦਾ।'' ਨੰਬਰਦਾਰ ਦੀ ਗੱਲ ਸੁਣ ਕੇ ਸਰਦੂਲ ਹਾਂ ਵਿੱਚ ਸਿਰ ਹਿਲਾਂਉਦਾ ਤੁਰ ਆਇਆ ਸੀ।

ਰਾਤੀਂ ਬਲਕਾਰ ਘਰ ਆਇਆ ਤਾਂ ਸਰਦੂਲ ਨੇ ਉਹਨੂੰ ਦਰਵਾਜੇ ਵਿੱਚ ਈ ਰੋਕ ਲਿਆ। ''ਓ ਯਾਰ ਤੂੰ ਮੈਨੂੰ ਪਿੰਡ 'ਚ ਕਿਤੇ ਖੜ੍ਹਨ ਜੋਗਾ ਛੱਡੇਂਗਾ ਵੀ ਕਿ ਨਈਂ? ਇਹ ਕਿਹੜਾ ਨਵਾਂ ਸਿਆਪਾ ਸਹੇੜ ਲਿਆ ਤੂੰ। ਇਸ ਘਟੀਆ ਜੀ ਗੱਲ ਪਿੱਛੇ ਕੀ ਮੈਂ ਹੁਣ ਇਨ੍ਹਾ ਕੰਮੀ ਕਮੀਣਾਂ ਮੂਹਰੇ ਹੱਥ ਬੰਨ੍ਹਦਾ ਫਿਰਾਂ? ਵੇਖਿਆ ਕੀ ਬੋਲ ਰਿਹਾ ਸੀ ਨਾਈ। ਅਕਲ ਕਰ ਕੁਸ਼, ਆਵਦੇ ਘਰ ਵੱਲ ਵੇਖ। ਜਿੰਨਾਂ ਦੇ ਘਰੇ ਧੀਆਂ ਭੈਣਾਂ ਹੋਣ ਨਾ, ਉਹ ਕਿਸੇ ਹੋਰ ਦੇ ਘਰੇ ਝਾਤੀ ਨੀ ਮਾਰਦੇ ਹੁੰਦੇ।'' ਉਹ ਰੋਣ ਹਾਕਾ ਹੋਇਆ ਪਿਆ ਸੀ।

ਬਲਕਾਰ ਚੁੱਪਚਾਪ ਅੰਦਰ ਲੰਘ ਆਇਆ। ਸਵੇਰ ਹੋਈ ਤਾਂ ਹਮੇਸ਼ਾ ਦੀ ਤਰ੍ਹਾਂ ਉਹ ਪਿੰਡ ਨੀ ਸੀ ਗਿਆ। ਨਾ ਹੀ ਕਈ ਦਿਨ ਘਰੋਂ ਬਾਹਰ ਨਿਕਲਿਆ। ਸਾਰਾ ਦਿਨ ਘਰ ਦਾ ਕੰਮ ਕਰਦਾ ਰਹਿੰਦਾ ਜਾਂ ਖੇਤਾਂ ਵੱਲ ਚਲਿਆ ਜਾਂਦਾ। ਉਹਨੂੰ ਚੁੱਪ ਚਾਪ ਫਿਰਦੇ ਨੂੰ ਵੇਖ ਕੇ ਚਰਨਜੀਤ ਫਿਕਰ ਕਰਨ ਲੱਗੀ ਸੀ। ਉਹ ਸਰਦੂਲ ਨੂੰ ਵਾਰ ਵਾਰ ਪੁੱਛਦੀ ''ਕਿਤੇ ਤੂੰ ਤਾਂ ਨੀ ਇਹਨੂੰ ਵੱਧ ਘੱਟ ਬੋਲ ਦਿੱਤਾ? ਜਿਵੇਂ ਇਹ ਚੁੱਪ ਚੁੱਪ ਰਹਿੰਦਾ ਮੈਨੂੰ ਤਾਂ ਡਰ ਲੱਗਦਾ, ਅੱਜ ਕੱਲ੍ਹ ਦੇ ਨਿਆਣੇ ਗਲਤ ਕਦਮ ਚੱਕਣ ਲੱਗੇ ਮਿੰਟ ਲਾਂਉਦੇ ਆ।''

''ਅੱਗੇ ਮੇਰੀ ਕਿੰਨੀ ਕ ਸੁਣਦਾ । ਜੇਹੜਾ ਹੁਣ ਇਹਨੇ ਕੁੱਤੇ ਕੰਮਾਂ ਤੋਂ ਸਨਿਆਸ ਲੈ ਲਿਆ। ਭਰੀ ਪਚੈਤ 'ਚ ਬੇਜਤੀ ਹੋਈ ਦਾ ਥੋੜ੍ਹਾਂ ਬਹੁਤ ਅਸਰ ਤਾਂ ਹੋਊਗਾ ਈ।'' ਸਰਦੂਲ ਖਿਝ ਕੇ ਬੋਲਿਆ।

''ਵੇਖ.... ਮੈਨੂੰ ਲਗਦਾ ਹੁਣ ਇਹ ਟਿਕ ਗਿਐ। ਮੈਂ ਤਾਂ ਕਹਿੰਨੀ ਆਂ ਛੇਤੀ ਛੇਤੀ ਕੋਈ ਚੰਗਾ ਮਾੜਾ ਘਰ ਲੱਭ ਕੇ ਇਹਦਾ ਵਿਆਹ ਕਰ ਦੇਈਏ। ਕੱਲ੍ਹ ਕਲੋਤਰ ਦਾ ਕੀ ਪਤਾ ਜੇ ਕਿਤੇ ਫਿਰ ਇਹ ਪੁੱਠੀ ਚਾਟ 'ਤੇ....। ਮੈਂ ਤਾਂ ਸੋਚਦੀ ਸੀ ਪਹਿਲਾਂ ਕੁੜੀ ਨੂੰ ਤੋਰਾਂਗੇ ਪਰ ਲੱਗਦਾ ਹੁਣ ਇਹਦੇ ਨੱਥ ਪਾਉਣੀ ਜਾਦਾ ਜਰੂਰੀ ਆ।'' ਚਰਨਜੀਤ ਨੇ ਸਲਾਹ ਦਿੱਤੀ।

ਉਹਦੀ ਗੱਲ ਨਾਲ ਸਹਿਮਤ ਹੁੰਦਿਆ ਸਰਦੂਲ ਨੇ ਕਈ ਜਾਣ ਪਛਾਣ ਵਾਲਿਆ ਨਾਲ ਰਿਸ਼ਤੇ ਦੀ ਗੱਲ ਤੋਰੀ ਸੀ। ਚਰਨਜੀਤ ਨੇ ਵੀ ਆਪਣੀਆਂ ਭਰਜਾਈਆਂ ਨਾਲ ਗੱਲ ਕੀਤੀ । ਪਿੰਡ 'ਚ ਵੀ ਅੰਦਰਖਾਤੇ ਕਈ ਜਨਾਨੀਆਂ ਨੂੰ ਕਿਹਾ ਸੀ ਲੇਕਿਨ ਕਿਸੇ ਨੇ ਵੀ ਅਜੇ ਹਾਮੀ ਨੀ ਸੀ ਭਰੀ। ਪਿੱਛੇ ਗੁਲਜਾਰ ਨੂੰ ਵੀ ਫੋਨ ਤੇ ਕਿਹਾ ਸੀ ਬਈ ਆਪਣੇ ਕਿਸੇ ਫੌਜੀ ਦੋਸਤ ਨਾਲ ਗੱਲ ਕਰੇ, ਪਰ ਉਹ ਵੀ ਅੱਗੋਂ ਹੂੰ ਹਾਂ ਕਰਕੇ ਚੁੱਪ ਕਰ ਗਿਆ ਸੀ।

ਕਿਸੇ ਪਾਸਿਓਂ ਗੱਲ ਹਿਲਦੀ ਨਾ ਵੇਖ ਕੇ ਚਰਨਜੀਤ ਕਾਫੀ ਮਯੂਸ ਹੋ ਗਈ ਸੀ। ਕਈ ਵਾਰੀ ਉਹ ਘਰ ਆਏ ਜੀਤ ਨੂੰ ਕਹਿੰਦੀ ''ਵੇ ਜੀਤ ਤੂੰ ਈ ਕੋਈ ਕੁੜੀ ਲੱਭ ਲਾ। ਕੀ ਪਤਾ ਗੁਰੂ ਮਾਰ੍ਹਾਜ ਨੇ ਤੇਰੇ ਈ ਹੱਥ ਜਸ ਲਿਖਿਆ ਹੋਵੇ।''

ਜੀਤ ਹੱਸ ਪੈਂਦਾ । ਇਹੀ ਗੱਲ ਸਰਦੂਲ ਨੇ ਵੀ ਇਕ ਦੋ ਵਾਰ ਜੀਤ ਨੂੰ ਕਹੀ ਸੀ ਪਰ ਉਹ ਮਜਾਕ ਈ ਸਮਝਦਾ ਰਿਹਾ। ਫਿਰ ਇਕ ਦਿਨ ਤਾਂ ਦੋਵੇਂ ਜੀਆਂ ਨੇ ਜਿਵੇਂ ਉਹਦਾ ਤਰਲਾ ਈ ਲਿਆ ਹੋਵੇ। ਚਰਨਜੀਤ ਤਾਂ ਗੱਲ ਕਰਦੀ ਫਿੱਸ ਹੀ ਪਈ ''ਵੇ ਜੀਤ ਜਿਵੇਂ ਮਰਜੀ ਕਰ, ਵੀਰ ਬਣਕੇ ਬਲਕਾਰ ਦਾ ਬੰਨ੍ਹ ਸੁਬ ਕਰਵਾ ਕਿਤੇ। ਅਸੀਂ ਤਾਂ ਰਿਸ਼ਤਾ ਲੱਭਦੇ ਸਾਰੇ ਪਾਸਿਉਂ ਹਾਰਗੇ। ਤੈਨੂੰ ਤਾਂ ਪਤਾ ਜੱਟਾਂ ਦੇ ਘਰਾਂ 'ਚ ਰਿਸ਼ਤੇ ਜਮੀਨਾਂ ਵੱਟੇ ਹੁੰਦੇ ਆ 'ਤੇ ਉਹ ਸਾਡੇ ਕੋਲ ਉਨੀ ਹੈ ਨੀ। ਸਿਆਣੇ ਕਹਿੰਦੇ ਹੁੰਦੇ ਆ ਵਈ ਔਰਤ ਦੀ ਕੋਈ ਜਾਤ ਨੀ ਹੁੰਦੀ। ਸਾਨੂੰ ਕੋਈ ਤਰਾਜ ਨੀ। ਤੂੰ ਭਾਂਵੇ ਆਵਦੇ ਭਾਈਚਾਰੇ ਚੋਂ ਈ ਕਰਵਾ ਦੇ।''

ਜੀਤ ਕਾਫੀ ਗੰਭੀਰ ਹੋ ਗਿਆ ''ਚਾਚੀ ਸਾਡਾ ਤੇ ਥੁਆਡਾ ਬਹੁਤ ਫਰਕ ਆ। ਜਿਵੇਂ ਜਮੀਨ ਤੇ ਅਸਮਾਨ ਦਾ ਫਰਕ ਹੁੰਦਾ। ਸਾਨੂੰ ਬਰਾਬਰ ਬਠਾਉਣਾਂ ਤਾਂ ਦੂਰ ਸਾਡੇ ਤਾਂ ਲੋਕ ਭਾਂਡੇ ਵੀ ਵੱਖਰੇ ਰੱਖਦੇ ਆ, ਤੇ ਰੋਟੀ ਦੂਰੋਂ ਚਲਾ ਕੇ ਐਂ ਮਾਰਦੇ ਆ ਜਿਵੇਂ ਅਸੀਂ ਬੰਦੇ ਈ ਨੀ ਹੁੰਦੇ। ਜੇਹੜੀ ਗੱਲ ਤੁਸੀਂ ਕਹਿ ਰਹੇ ਆਂ ਨਾ, ਇਹ ਬਰਾਬਰ ਬਠਾਉਣ ਦੀ ਨੀ ਗਲ ਨਾ ਲਾਉਣ ਆਲੀ ਆ। ਸੋਚ ਲੋ ਲਾ ਲੋਂਗੇ ਗਲ? ਬਾਕੀ ਮੈਂ ਘਰੇ ਗੱਲ ਕਰ ਲੈਨਾਂ। ਰਿਸ਼ਤਾ ਤਾਂ ਮੈਂ ਕਰਵਾ ਦੂੰ ਪਰ ਤੁਸੀਂ ਪਹਿਲਾਂ ਆਪਣਾ ਮਨ ਬਣਾ ਲਉ। ਫੇਰ ਉਹੀ ਗੱਲ ਨਾ ਹੋਵੇ ।''

ਜੀਤ ਸਰਦੂਲ ਹੁਰਾਂ ਨੂੰ ਹਾਂ ਤਾਂ ਕਰ ਬੈਠਾ ਸੀ ਪਰ ਆਪਣੇ ਮਨ 'ਚ ਕਈ ਦਿਨ ਜੋੜ ਤੋੜ ਕਰਦਾ ਰਿਹਾ। ਫਿਰ ਮਨ ਕਰੜਾ ਜਿਹਾ ਕਰਕੇ ਉਹਨੇ ਆਪਣੇ ਘਰਵਾਲੀ ਜਗੀਰੋ ਨਾਲ ਗੱਲ ਕੀਤੀ ਤਾਂ ਉਹਨੇ ਸਾਫ ਈ ਮਨ੍ਹਾਂ ਕਰ ਦਿੱਤਾ ''ਹੱਦ ਕਰਦਾਂ ਤੂੰ .... ਇਹ ਕਿਵੇਂ ਹੋਜੂ....? ਕੱਲ ਕਲੋਤਰ ਨੂੰ ਸਾਡਾ ਭਾਈਚਾਰਾ ਸਾਨੂੰ ਕੀ ਕਹੂ ਵਈ ਆਵਦੀ ਜਾਤ ਬਰਾਦਰੀ 'ਚ ਮੁੰਡੇ ਮਰਗੇ ਸੀ? ਨਾਲੇ ਇਹਨੂੰ ਰਿਸ਼ਤਾ ਕੌਣ ਦੇ ਦੂ। ਧੀਆਂ

ਭੈਣਾਂ ਆਲੇ ਇਜਤਦਾਰ ਤਾਂ ਇਹਨੂੰ ਵੇਖਦਿਆਂ ਸਾਰ ਈ ਬੂਹਾ ਬੰਦ ਕਰ ਲੈਂਦੇ ਆ।''

''ਐਵੇਂ ਕਮਲ ਨੀ ਕੁੱਟੀਦਾ ਹੁੰਦਾ। ਹਰ ਬੰਦਾ ਉਮਰ ਦੇ ਹਿਸਾਬ ਨਾਲ ਇਸ ਦੌਰ ਚੋਂ ਲੰਘਦਾ। ਫਰਕ ਇਹੀ ਆ ਵਈ ਕਿਸੇ ਦੀ ਢਕੀ ਰਹਿ ਜਾਂਦੀ ਆ ਤੇ ਕਿਸੇ ਦੀ ਉੱਡ ਜਾਂਦੀ ਆ। ਨਾਲੇ ਉਹ ਖੁਦ ਰਿਸ਼ਤਾ ਮੰਗ ਰਹੇ ਆ। ਸਾਡੇ ਅਰਗਿਆਂ ਨੂੰ ਰੱਜਾ ਪੁੱਜਾ ਘਰ ਤਾਂ ਦੂਰ ਕੋਈ ਚੱਜ ਦਾ ਕਾਰੋਬਾਰ ਕਰਨ ਵਾਲਾ ਵੀ ਨੀ ਜੁੜਨਾ। ਜਿਹੋ ਜੇ ਅਸੀਂ ਆਂ ਉਹੋ ਜੇ ਈ ਗਾਂਹ ਰਿਸ਼ਤੇਦਾਰ ਲੱਭਣਗੇ। ਊਂ ਬੱਜ ਆਲੇ ਧੀ ਪੁੱਤ ਨੂੰ ਅੱਜ ਕਲ ਸਿਆਣਦਾ ਵੀ ਕੌਣ ਆਂ। ਘੱਟੋ ਘੱਟ ਨਿਆਣੇ ਤਾਂ ਇਸ ਖਲਜਗਣ ਵਿਚੋਂ ਨਿਕਲਣ। ਉਹਨਾਂ ਬਾਰੇ ਸੋਚ। ਨਾਲੇ ਹੁਣ ਜਾਤ ਬਰਾਦਰੀ ਨੂੰ ਕੌਣ ਪੁਛਦੈ ਸਾਰੇ ਇਕੋ ਜਿਹੇ ਈ ਤਾਂ ਹੋਏ ਪਏ ਆ।''

''ਨਾ ਬੱਜ ਨੂੰ ਸਾਡੀ ਕੁੜੀ ਕੇਹੜਾ ਲੂਲੀ ਲੰਗੜੀ ਆ। ਮਾੜਾ ਜਿਆ ਅੱਖ ਦਾ ਟੀਰ ਕਿੱਤੇ ਬੱਜ ਹੋ ਗਿਆ। ਐਂ ਤਾਂ ਬਨਾਉਣ ਆਲੇ ਨੇ ਹਰ ਨਸਾਨ ਵਿੱਚ ਈ ਕੋਈ ਨਾ ਕੋਈ ਕਮੀ ਰੱਖੀ ਆ। ਇਸ ਦੁਨੀਆ ਤੇ ਪੂਰਾ ਸੂਰਾ ਕਿਹੜਾ?'' ਜਗੀਰੋ ਕਲਪ ਗਈ।

''ਫਿਰ ਹੁਣ ਤਾਂਈ ਕੋਈ ਘਰ ਲੱਭਾ ਕਿਉਂ ਨਾ? ਕਿੰਨੇ ਥਾਂ ਵੇਖੇ ਆ, ਕੋਈ ਲੱਗਾ ਸਿਰੇ ? ਮੈਂ ਕੋਈ ਨਿਆਣਾਂ, ਮੈਨੂੰ ਨੀ ਪਤਾ? ਬਹੁਤ ਸਾਰੀਆਂ ਚੀਜਾਂ ਵੇਖਣੀਆਂ ਪੈਂਦੀਆਂ। ਤੈਨੂੰ ਕੀ ਲਗਦਾ ਮੈਂ ਕਿਤੇ ਉਹਨਾਂ ਦਾ ਮਾੜਾ ਸੋਚਦਾਂ?''

ਜਗੀਰੋ ਜੀਤ ਦੀ ਗੱਲ ਸੁਣ ਕੇ ਚੁੱਪ ਕਰ ਗਈ ਤੇ ਫਿਰ ਜਕਾ ਤਕਾ ਕਰਦਿਆਂ ਆਪਣੀ ਵੱਡੀ ਭੈਣ ਨੂੰ ਕੋਲ ਸੱਦ ਲਿਆ ਤੇ ਸਾਰੀ ਗੱਲ ਉਹਦੇ ਕੰਨਾਂ ਵਿਚਦੀ ਵੀ ਕੱਢ ਦਿੱਤੀ। ''ਵੇਖੋ ਭਾਜੀ.... ਇਹ ਬਿਗਾਨਾ ਧਨ ਤਾਂ ਰਾਜੇ ਰਾਣਿਆਂ ਨੇ ਵੀ ਨੀ ਰੱਖਿਆ, ਪਰ ਜੇ ਰਿਸ਼ਤਾ ਆਵਦੀ ਬਰਾਦਰੀ 'ਚ ਹੋਵੇ ਨਾ ਤਾਂ ਈ ਸੋਹਣਾਂ ਲਗਦਾ। ਕੱਲ੍ਹ ਨੂੰ ਕੋਈ ਗੱਲਬਾਤ ਹੋਗੀ ਮੈਂ ਰੰਡੀ ਜਨਾਨੀ ਕੀਹਦੇ ਨਾਲ ਲੜੂੰ।''

''ਵੇਖ ਭੈਣਾ ਇਹ ਜਾਤ ਬਰਾਦਰੀਆਂ ਬੰਦੇ ਦੀਆਂ ਈ ਬਣਾਈਆਂ ਹੋਈਆਂ। ਮੈਂ ਤਾਂ ਇਹ ਗੱਲ ਕਹਿੰਨਾ ਵਈ ਅੱਜ ਦੇ ਜਮਾਨੇ ਵਿਚ ਜਾਤ ਬਰਾਦਰੀ ਤੋਂ ਜਿਆਦਾ ਬੰਦੇ ਦੀ ਪਰਖ ਕਰਨੀ ਚਾਹੀਦੀ ਆ। ਵੀਹ ਸਾਲ ਮੈਂ ਉਹਨਾਂ ਦੇ ਸੀਰ ਕੀਤਾ ਇਨੇ ਚਿਰ 'ਚ ਤਾਂ ਬੰਦਾ ਬੰਦੇ ਨੂੰ ਸਮਝ ਈ ਜਾਂਦਾ। ਨਾਲੇ ਬੱਜ ਆਲੇ ਧੀ ਪੁੱਤ ਵਿੱਚ ਤਾਂ ਆਪਣੀ ਬਰਾਦਰੀ ਵੀ ਵੀਹ ਨੁਕਸ ਕੱਢਦੀ ਆ। ਕਿੰਨੇ ਥਾਵਾਂ ਤੇ ਤੂੰ ਰਿਸ਼ਤੇ ਦੀ ਗੱਲ ਚਲਾਈ। ਕਿਤੋਂ ਆਇਆ ਜਵਾਬ ? ਕੱਲ੍ਹੀ ਜਾਤ ਬਰਾਦਰੀ ਹੀ ਨਈਂ ਧੀ ਪੁੱਤ ਦਾ ਸੁਖ ਵੀ ਵੇਖੀਦਾ ਹੁੰਦਾ। ਅਸੀਂ ਤਾਂ ਬਿਗਾਨੀਆਂ ਜਮੀਨਾਂ ਸਾਂਭਦਿਆਂ ਨੇ ਸਾਰੀ ਉਮਰ ਕੱਢਲੀ, ਘੱਟੋ ਘੱਟ ਨਿਆਣੇ ਤਾਂ ਹੁਣ ਜੈਦਾਤ ਦਾ ਸੁਖ ਲੈਣ। ਉਹਨਾਂ ਬਾਰੇ ਸੋਚੋ। ਨਾਲੇ ਉਹਨਾਂ ਨੇ ਆਪ ਰਿਸ਼ਤਾ ਮੰਗਿਆ। ਬੰਦੇ ਵੀ ਸਾਊ ਨੇ। ਮੈਨੂੰ ਇਨਾਂ ਪਤਾ ਵੀ ਜੇ ਗੱਲ ਸਿਰੇ ਚੜ੍ਹਗੀ ਨਾ ਕੁੜੀ ਇਥੇ ਰਾਜ ਕਰੂਗੀ।''

ਜੀਤ ਦੀ ਘਰਵਾਲੀ ਤੇ ਸਾਲੀ ਦੋਵੇਂ ਭੈਣਾਂ ਉਹਦੀ ਗੱਲ ਸੁਣ ਕੇ ਸਹਿਮਤੀ ਵਿੱਚ ਚੁੱਪ ਕਰ ਗਈਆਂ। ਜੀਤ ਨੇ ਸ਼ਾਮੀ ਜਾ ਕੇ ਸਰਦੂਲ ਤੇ ਉਹਦੀ ਘਰਵਾਲੀ ਨਾਲ ਜਾ ਗੱਲ ਤੋਰੀ। ''ਚਾਚਾ ਗੱਲ ਇਹ ਆ ਬਈ ਛੋਟਾ ਮੂੰਹ ਤੇ ਵੱਡੀ ਗੱਲ। ਤੁਹਾਡੇ ਤੇ ਸਾਡੇ ਹਲਾਤ ਹੈ ਤਾਂ ਇਕੋ ਜਿਹੇ ਪਰ ਜੇ ਆਹ ਜੱਟ ਪੁਣਾਂ ਜਿਆ ਛੱਡ ਕੇ ਗੱਲ ਸੁਣੋਂ ਤਾਂ....?''

''ਅਸੀਂ ਕਾਹਦੇ ਜੱਟ ਆਂ ਯਾਰ ਹੁਣ.... ਤੂੰ ਗੱਲ ਦੱਸ ਬੁਝਾਰਤਾਂ ਜੀਆਂ ਨਾ ਪਾਇਆ ਕਰ।''

''ਗੱਲ ਇਹ ਆ ਬਈ ਮੇਰੇ ਸਾਂਢੂ ਮਰੇ ਨੂੰ ਕਈ ਸਾਲ ਹੋਗੇ ਤੈਨੂੰ ਪਤਾ ਈ ਆ। ਮੇਰੀ ਵੱਡੀ ਸਾਲੀ ਵਿਚਾਰੀ ਬੜੀ ਭਲੀਮਾਣਸ ਜਨਾਨੀ ਆ। ਕੁੜੀਆਂ ਦੋਹੇਂ ਉਹਦੇ ਗਲ ਚੜ੍ਹੀਆਂ ਪਈਆਂ। ਉਹਨੇ ਸਾਰੀ ਜੁੰਮੇਵਾਰੀ ਮੇਰੇ ਤੇ ਈ ਸਿੱਟੀ ਆ ਵਈ ਇਨ੍ਹਾਂ ਦਾ ਬੰਨ੍ਹ ਸੁਬ ਤੂੰ ਹੀ ਕਰਨਾ ਜਿਵੇਂ ਮਰਜੀ ਕਰ। ਵੇਖ ਲੈਣ ਦੇਣ ਨੂੰ ਤਾਂ ਕੁਸ਼ ਨੀ, ਬਾਕੀ ਕੁੜੀ ਨੀ ਤੁਸੀਂ ਨਿੰਦ ਸਕਦੇ। ਬੱਸ ਥੋੜ੍ਹਾ ਜਿਆ ਖੱਬੀ ਅੱਖ ਤੋਂ ਟੀਰਾ ਵੇਖਦੀ ਆ। ਉਹ ਵੀ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ, ਨਈਂ ਛੇਤੀ ਕੋਈ ਪਛਾਣ ਨੀ ਸਕਦਾ। ਵੈਸੇ ਉੱਚੀ ਲੰਮੀ ਸੋਹਣੀ ਸੁਨੱਖੀ ਜਵਾਨ ਆ। ਬਲਕਾਰ ਨਾਲ ਜੋੜੀ ਸੋਹਣੀਂ ਜਚੂਗੀ।''

ਸਰਦੂਲ ਨੇ ਇਕ ਟੱਕ ਜੀਤ ਵੱਲ ਵੇਖਿਆ। ਜਿਵੇਂ ਸੋਚ ਰਿਹਾ ਹੋਵੇ ਸਾਡੇ ਸ਼ਰੀਕੇ ਕਬੀਲੇ ਚੋਂ ਤਾਂ ਸਾਡੇ ਦੁਖ ਦਰਦ ਨੂੰ ਕਿਸੇ ਨਾ ਸਮਝਿਆ ਪਰ ਤੂੰ ਸਾਡਾ ਦਰਦ ਆਪਣੇ ਦਿਲ ਤੇ ਮਹਿਸੂਸ ਕਰ ਲਿਆ। ਤੇਰਾ ਦੇਣ ਅਸੀਂ ਕਿਵੇਂ ਦੇਵਾਂਗੇ।

ਜਦੋਂ ਇਸ ਗੱਲ ਦਾ ਬਲਕਾਰ ਨੂੰ ਪਤਾ ਲੱਗਾ ਤਾਂ ਉਹਨੇ ਗੈਰ ਬਰਾਦਰੀ ਦਾ ਰਿਸ਼ਤਾ ਲੈਣ ਤੋਂ ਸਾਫ ਈ ਮਨ੍ਹਾਂ ਕਰ ਦਿੱਤਾ। ''ਅਜੇ ਮੇਰੇ ਐਨੇ ਮਾੜੇ ਦਿਨ ਵੀ ਨੀ ਆਏ, ਬਈ ਸੀਰੀਆਂ ਸਾਂਝੀਆਂ ਦਾ ਜਵਾਈ ਬਣਜਾਂ।''

ਸਰਦੂਲ ਖਿਝ ਗਿਆ ''ਚੱਲ ਠੀਕ ਆ ਜੇ ਇਥੇ ਨੀ ਕਰਾਉਣਾਂ ਤਾਂ ਲੈ ਜੀਂ ਬਰਾਤ ਕਿਸੇ ਰਜਵਾੜੇ ਦੇ ਘਰੇ.... ਸਾਲਾ ਵੱਡਾ ਲਾਟ ਸਾਬ। ਆਪਾਂ ਸਿਰਫ ਕੁੜੀ ਵੇਖਣ ਜਾਣਾਂ ਕੋਈ ਬਰਾਤ ਨੀ ਲੈ ਕੇ ਚੱਲੇ। ਜੇ ਤੇਰੇ ਨਾ ਪਸੰਦ ਹੋਈ ਤਾਂ ਰਹਿਣ ਦਿਆਂਗੇ। ਫਿਰ ਕਰਾਂ ਲੀਂ ਜਿਥੇ ਤੇਰਾ ਮਨ ਕਰੂ।'' ਉਹਦੀ ਗੱਲ ਸੁਣਕੇ ਬਲਕਾਰ ਚੁੱਪ ਕਰ ਗਿਆ।

ਥੋੜੇ ਦਿਨਾਂ ਬਾਦ ਹੀ ਸ਼ਹਿਰ ਗੁਰਦੁਆਰਾ ਸਾਬ ਵਿੱਚ ਕੁੜੀ ਵੇਖੀ ਗਈ। ਕੁੜੀ ਬਾਰੇ ਸਰਦੂਲ ਦੇ ਵਾਰ ਵਾਰ ਪੁੱਛਣ ਤੇ ਵੀ ਬਲਕਾਰ ਕੁਸ਼ ਨਾ ਬੋਲ ਸਕਿਆ ਉਹਨੇ ਸੰਗਦੇ ਨੇ ਈ ਹਾਂ ਵਿੱਚ ਸਿਰ ਹਿਲਾ ਦਿੱਤਾ। ਉਸਤੋਂ ਹਫਤੇ ਬਾਦ ਹੀ ਚੁੰਨੀ ਚੜ੍ਹਾਵਾ ਕਰਕੇ ਜੀਤ ਦੀ ਭਾਣਜੀ ਸੁਖਦੀਪ ਬਲਕਾਰ ਦੀ ਬਹੂ ਬਣਕੇ ਝਾਂਜਰਾਂ ਝਣਕਾਉਂਦੀ ਸਰਦੂਲ ਕੇ ਵਿਹੜੇ ਵਿੱਚ ਘੁੰਮਣ ਲੱਗੀ। ਹੁਣ ਜਦੋਂ ਵੀ ਜੀਤ ਘਰ ਆਂਉਦਾ ਉਹਦੇ ਬੈਠਣ

ਤੋਂ ਪਹਿਲਾਂ ਈ ਮੰਜਾ ਡਾਹ ਦਿੱਤਾ ਜਾਂਦਾ ਨਈਂ ਪਹਿਲਾਂ ਉਹ ਭੁੰਜੇ ਈ ਫੱਟੀ ਤੇ ਬੈਠਦਾ ਹੁੰਦਾ ਸੀ। ਸਰਦੂਲ ਦੇ ਘਰਵਾਲੀ ਫੁੱਲੀ ਨਾ ਸਮਾਂਉਦੀ ਉਹਨੂੰ ਕਹਿੰਦੀ ''ਵੇ ਜੀਤ.... ਸੌਂਹ ਵੀਰ ਦੀ, ਸਾਨੂੰ ਤਾਂ ਤੂੰ ਰੱਬ ਬਣਕੇ ਟੱਕਰਿਆ। ਏਨੀ ਸਿਆਣੀ ਤੇ ਕਾਮੀ ਕੁੜੀ ਸਾਨੂੰ ਜੱਟਾਂ ਨੇ ਕਿੱਥੇ ਦੇਣੀਂ ਸੀ।''

''ਚਾਚੀ ਜਿੰਨਾਂ ਨੇ ਭੁੱਖ ਹੰਢਾਈ ਹੋਵੇ ਨਾ ਉਹ ਜਿੰਦਗੀ 'ਚ ਕਦੀ ਵਿਹਲੇ ਨੀ ਬੈਠਦੇ। ਮੈਨੂੰ ਪਤਾ ਕਿਵੇਂ ਇਨ੍ਹਾਂ ਦੀ ਮਾਂ ਨੇ ਨਿੱਕੇ ਨਿੱਕਿਆਂ ਨੂੰ ਪਾਲਿਆ। ਮੈਂ ਤਾਂ ਕਹਿੰਨਾ ਵੀ ਰੱਬ ਬੰਦੇ ਨੂੰ ਦੁੱਖ ਦਰਦ ਜਿੰਨਾਂ ਮਰਜੀ ਦੇਵੇ ਪਰ ਆਹ ਗਰੀਬੀ ਨਾ ਦੇਵੇ। ਦੁੱਖ ਦਰਦ ਬੰਦਾ ਜਰ ਜਾਂਦਾ ਪਰ ਆਹ ਗਰੀਬੀ ਬੰਦੇ ਨੂੰ ਹਰ ਪਾਸਿਉਂ ਹੌਲਾ ਕਰ ਦਿੰਦੀ ਆ।''

''ਸਹੀ ਕਹਿ ਰਿਹੈਂ ਤੂੰ। ਗਰੀਬੀ ਬਹੁਤ ਬੁਰੀ ਚੀਜ ਆ। ਹੋਰ ਕਿਸੇ ਨੂੰ ਕੀ ਕਹਿਣਾਂ ਮਾੜੇ ਬੰਦੇ ਨੂੰ ਤਾਂ ਭਰਾਵਾ ਆਪਣੇ ਵੀ ਨੀ ਪਛਾਣਦੇ।'' ਗੰਭੀਰ ਜਿਹੀ ਹੁੰਦੀ ਚਰਨਜੀਤ ਬੋਲੀ।

* * *

'ਤੇ ਅੱਜ ਸਰਦੂਲ ਫਿਰ ਉਦਾਸ ਬੈਠਾ ਸੀ। ਕਈ ਥਾਂਈ ਹੱਥ ਪੱਲਾ ਮਾਰ ਚੁੱਕਾ ਸੀ ਪਰ ਕੁੜੀ ਲਈ ਕੋਈ ਚੰਗਾ ਘਰ ਨੀ ਸੀ ਮਿਲ ਰਿਹਾ। ਜੇ ਘਰ ਮਿਲ ਰਿਹਾ ਸੀ ਤਾਂ ਮੁੰਡਾ ਚੰਗਾ ਨੀ ਸੀ ਮਿਲ ਰਿਹਾ। ਜੇ ਮੁੰਡਾ ਮਿਲ ਰਿਹਾ ਸੀ ਤਾਂ ਅਗਲਿਆਂ ਦੀਆਂ ਮੰਗਾਂ ਨੇ ਉਹਨਾਂ ਦੇ ਮੂੰਹ ਬੰਦ ਕਰ ਦਿੱਤੇ ਹੋਏ ਸਨ। ਕੁੜੀ ਗਲ ਚੜ੍ਹੀ ਪਈ ਸੀ। ਜੇ ਛੇਤੀ ਘਰ ਨਾ ਲੱਭਾ ਤਾਂ ਸਾਉਣੀ ਦੀ ਫਸਲ ਵਿਚੋਂ ਜੋੜ ਤੋੜ ਕਰਕੇ ਹੱਥ ਹੇਠ ਰੱਖੇ ਚਾਰ ਪੈਸੇ ਉਹ ਵੀ ਘਰ ਵਿੱਚ ਈ ਖੁਰ ਜਾਣੇ ਸਨ। ਜੀਤ ਨਾਲ ਵੀ ਕਈ ਵਾਰ ਉਹਨੇ ਇਹ ਗੱਲ ਕੀਤੀ ਸੀ ਲੇਕਿਨ ਉਹ ਸੁਣ ਕੇ ਚੁੱਪ ਕਰ ਜਾਂਦਾ ਰਿਹਾ।

ਪਰ ਅੱਜ ਉਹਦੀ ਉਦਾਸੀ ਵਿੱਚ ਸ਼ਰੀਕ ਹੁੰਦਿਆਂ ਜੀਤ ਸੋਚਣ ਲੱਗਾ ਵਈ ਪਹਿਲਾਂ ਵੀ ਮੈਂ ਮੁੰਡੇ ਨੂੰ ਰਿਸ਼ਤਾ ਕਰਵਾ ਹੀ ਚੁੱਕਾਂ। ਹੁਣ ਤਾਂ ਵੈਸੇ ਵੀ ਰਿਸ਼ਤੇਦਾਰੀ ਆਲੀ ਗੱਲ ਈ ਹੋ ਗਈ ਆ। ਜੇ ਇਹਨਾਂ ਨੂੰ ਆਵਦੀ ਬਰਾਦਰੀ ਵਿੱਚ ਘਰ ਨੀ ਲੱਭ ਰਿਹਾ ਤਾਂ ਕਿਉਂ ਨਾ ਆਵਦੇ ਮਾਮੇ ਨਾ ਗੱਲ ਕਰਕੇ ਬਲਜੀਤ ਦਾ ਰਿਸ਼ਤਾ ਉਹਦੇ ਮੁੰਡੇ ਨੂੰ ਕਰਵਾ ਦਿਆਂ। ਸੁੱਖ ਨਾਲ ਮੁੰਡਾ ਵਧੀਆ ਪੜ੍ਹਿਆ ਲਿਖਿਆ ਨੌਕਰੀ ਕਰਦਾ ਤੇ ਉੱਚਾ ਲੰਮਾ ਸੋਹਣਾਂ ਸਨੁੱਖਾ ਜਵਾਨ ਵੀ ਐ। ਕੁੜੀ ਨਾਲ ਉਹਦੀ ਜੋੜੀ ਵੀ ਵਧੀਆ ਜਚੂਗੀ। 'ਤੇ ਨਾਲੇ ਇਹਨਾਂ ਦਾ ਵੀ ਫਿਕਰ ਲਹਿ ਜੂ। ਕੁੜੀ ਵੇਖ ਕੇ ਮਾਮਾ ਵੀ ਨਾਂਹ ਨੀ ਕਰਦਾ। ਜੇ ਸਰਦੂਲ ਹਾਂ ਕਰੇ ਤਾਂ ਗੱਲ ਚਲਾ ਕੇ ਵੇਖ ਲੈਨੇ ਆਂ। ਉਹ ਅਜੇ ਸੋਚ ਈ ਰਿਹਾ ਸੀ ਕਿ....।

''ਹੋਰ ਸੁਣਾਂ ਜੀਤ ਕੀ ਹਾਲ ਚਾਲ ਆ।'' ਚਾਹ ਲੈ ਕੇ ਆਈ ਚਰਨਜੀਤ ਉਹਨਾਂ ਦੇ ਕੋਲ ਆ ਖੜ੍ਹੀ। ਉਹਨੇ ਕੱਚ ਦਾ ਗਲਾਸ ਸਰਦੂਲ ਨੂੰ ਫੜ੍ਹਾਇਆ ਤੇ ਸਟੀਲ ਦਾ ਗਲਾਸ ਜੀਤ ਵੱਲ ਕਰ ਦਿੱਤਾ। ਗਲਾਸ ਫੜ੍ਹ ਕੇ ਜੀਤ ਬੁੱਲ੍ਹਾਂ ਵਿੱਚਦੀ ਹੱਸਿਆ ''ਨਾ ਤੁਸੀਂ ਆਹ ਗਲਾਸ ਅਜੇ ਸਿੱਟਿਆ ਈ ਨੀ?'' ਜੀਤ ਵੱਲ ਵੇਖ ਕੇ ਛਿੱਥਾ ਜਿਹਾ ਹੋਇਆ ਸਰਦੂਲ ਸੁਬੜ੍ਹ ਵਿਚ ਤੀਲੇ ਲਾਉਣ ਲੱਗ ਪਿਆ ਤੇ ਚਰਨਜੀਤ ਖੇਤਾਂ ਵੱਲ ਵੇਖਣ ਲੱਗੀ। ਤਿੰਨਾਂ ਵਿਚਕਾਰ ਇਕਦਮ ਚੁੱਪ ਛਾਅ ਗਈ। 'ਤੇ ਫਿਰ ਚਾਹ ਦੀ ਆਖਰੀ ਘੁੱਟ ਭਰਦਾ ਜੀਤ ਉਠ ਖੜ੍ਹਾ ਹੋਇਆ। ''ਚੱਲ ਠੀਕ ਆ ਚਾਚਾ.... ਮੈਂ ਚੱਲਦਾਂ ਫਿਰ।''

**94638-83994**

## ਸਾਵਣ / ਆਸ਼ਾ ਸ਼ਰਮਾ

ਜਦੋਂ ਤਪਦੀ ਧਰਤੀ ਉੱਤੇ ,ਵਰਖਾ ਦੀ ਬੂੰਦ ਬਰਸਦੀ ਏ।
ਧਰਤੀ ਦੀ ਤਪਸ਼ ਨੂੰ ਜਦੋਂ,ਕਿਣ ਮਿਣ ਠੰਡੀ ਕਰਦੀ ਏ।
ਧਰਤੀ ਇਸ ਮੇਲ ਨੂੰ, ਭਿੰਨੀ ਖੁਸ਼ਬੂ ਵਿਚ ਬਦਲਦੀ ਏ।
ਇਹ ਭਿੰਨੀ ਜਿਹੀ ਖੁਸ਼ਬੂ ਜਦੋਂ, ਮੌਸਮ ਦਾ ਰੰਗ ਬਦਲਦੀ ਹੈ।
ਸਾਵਣ ਦੀ ਓਹ ਛੋਟੀ ਬਦਲੀ, ਆਕਾਸ਼ ਨੂੰ ਜਾ ਦੱਸਦੀ ਹੈ।
ਜੀਵਨ ਭਰਮਾ ਆਇਆ ਹਾਂ, ਲੂੰ ਨੂੰ ਸ਼ਾਂਤ ਕਰ ਆਇਆ ਹਾਂ
ਮੈਂ ਸਾਵਣ ਆਇਆ ਹਾਂ.........

ਧਰਤੀ ਦੀ ਹਿੱਕ ਉੱਤੇ, ਹੋ ਗਏ ਜੀਵਨ ਦੇ ਪੂਰ ਸਵੇਰੇ।
ਸਾਵਣ ਦੀਆਂ ਝੜੀਆਂ ਦੇ ਹੁੰਦੇ, ਘਰ ਘਰ ਖੁਸ਼ੀਆਂ ਦੇ ਖੇੜੇ।
ਖੀਰ ਪੂੜੇ ਸਾਰੇ ਖਾਵਣ, ਪੀਂਘਾਂ ਪਾਈਆਂ ਹਰ ਇੱਕ ਵਿਹੜੇ।
ਤ੍ਰਿੰਝਣਾਂ ਦੇ ਸ਼ੋਰ ਸੁਣੀਦੇ ਨੇ, ਚਰਖੇ ਦੀ ਘੂਕਰ ਗਾਉਂਦੀ ਏ
ਘਰਾਂ ਵਿਚ ਬੰਦ ਬਸ਼ਿੰਦਿਆਂ ਦੇ, ਜੀਵਨ ਦੇ ਗੀਤ ਸੁਣਾਉਂਦੀ ਏ
ਜੀਵਨ ਮਹਿਕਾ ਆਇਆ ਹਾਂ, ਝੜੀਆਂ ਲਾ ਆਇਆ ਹਾਂ
ਮੈਂ ਸਾਵਣ ਆਇਆ ਹਾਂ........

ਪਾਣੀ ਦੀ ਕਿਸ਼ਤੀ ਚੱਲਦੀ ਹੈ, ਹਾਸਿਆਂ ਦੀ ਟਹਿਕ ਬਿਖਰਦੀ ਹੈ।
ਠੰਡੀ ਪੂਰ ਪਈ ਵਗਦੀ ਹੈ, ਗਲੀਆਂ ਵਿੱਚ ਰੌਣਕ ਲੱਗਦੀ ਹੈ।
ਪੀਂਘਾਂ ਝੂਟਦੀਆਂ ਮੁਟਿਆਰਾਂ, ਕੁੜੀਆਂ ਪੇਕੇ ਆਵਣ ਸੌ ਵਾਰਾਂ।
ਹੱਥਾਂ ਨੂੰ ਮਹਿੰਦੀ ਲੱਗਦੀ ਹੈ, ਚੂੜੀ ਦੀ ਖਣ ਖਣ ਵੱਜਦੀ ਹੈ।
ਕਿਤੇ ਦਿਲ ਨੂੰ ਟੁੰਬਣ ਲੱਗਦੀ ਏ, ਦਿਲ ਦੇ ਰਾਗ ਸੁਣਾਂਦੀ ਹੈ।
ਯਾਦ ਸੱਜਣ ਦੀ ਆਉਂਦੀ ਹੈ, ਵਿੱਛੜੀਆਂ ਨੂੰ ਮਿਲਾਉਂਦੀ ਹੈ
ਸਾਵਣ ਦੇ ਇਸ ਮੌਸਮ ਵਿਚ, ਜ਼ਿੰਦਗੀ ਹੀ ਬਦਲ ਜਾਂਦੀ ਹੈ।
ਜ਼ਿੰਦਗੀ ਦੇ ਅਰਥ ਬਦਲ ਆਇਆ ਹਾਂ, ਮੈਂ ਸਾਵਣ ਆਇਆ ਹਾਂ।

## ਇੱਕ ਸ਼ਾਮ ਦਾ ਸੁਫਨਾ / ਰਜਨੀਸ਼ ਜੱਸ



ਸੁਸਤ ਜਿਹੇ ਹੋਕੇ
ਬੈਠਣ ਨੂੰ ਜੀ ਕਰਦਾ ਏ!
ਜਿੱਥੇ ਨਾ ਕਿਤੇ ਜਾਣ ਦੀ
ਜਲਦੀ ਨਾ ਹੋਵੇ
ਨਾ ਹੀ ਕੁਝ ਕਰਨ ਦੀ,
ਕਾਹਲ ਹੋਵੇ!

ਬਸ ਉਸ ਪਲ ਚ
ਰੁਕ ਜਾਏ ਮਨ,
ਪੂਰੇ ਦਾ ਪੂਰਾ!

ਟੈਂਟ ਲਾ ਕੇ
ਪਹਾੜ 'ਤੇ ਬੈਠੇ ਹੋਈਏ!
ਅੱਗ ਬਲ ਰਹੀ ਹੋਵੇ!
ਪੱਥਰਾਂ ਦਾ ਚੁਲ੍ਹਾ ਬਣਾਕੇ
ਗੁੜ ਦਾ ਚਾਹ
ਬਣਾ ਰਹੀਏ ਹੋਈਏ!
ਮੀਂਹ 'ਚ ਭਿੱਜੀ ਲੱਕੜ ਨੂੰ
ਰਾਤ ਦੇ ਖਾਣਾ ਬਣਾਉਣ
ਲਈ ਅੱਗ ਕੋਲ
ਸੁਖਾ ਰਹੀਏ ਹੋਈਏ!

ਤੇਰੀਆਂ ਜ਼ੁਲਫ਼ਾਂ 'ਚੋ ਕਦੇ ਕੋਈ ਬੂੰਦ
ਮੇਰੇ ਹੱਥ ਤੇ ਡਿੱਗੇ ਤੇ ਮੇਰੇ ਅੰਦਰ
ਝੁਣਝੁਣੀ ਜਿਹੀ ਉੱਠੇ!

ਰਾਹ ਤੇ ਨਾ ਕਿਤੇ ਜਾਣ ਦੀ
ਤਾਂਘ ਨਾ ਹੋਵੇ,
ਨਾ ਕਿਸੇ ਦੇ ਆਉਣ ਦੀ ਉਡੀਕ ਹੋਵੇ!

ਸ਼ਾਮ ਢਲ ਗਈ ਹੋਵੇ
ਮੀਂਹ ਹਟ ਗਿਆ ਹੋਵੇ!
ਚੰਨ ਚੜ੍ਹ ਰਿਹਾ ਹੋਵੇ
ਤਾਰੇ ਅਸਮਾਨ ਦੀ ਚੁੰਨੀ ਚ
ਚਮਕਣ ਲੱਗ ਪਏ ਹੋਣ!

ਮੈਂ ਤੇਰੀਆਂ ਅੱਖਾਂ 'ਚ
ਇਕ ਨਵੀਂ ਸੇਵਰ
ਉੱਗਦੀ ਵੇਖ ਰਿਹਾ ਹੋਵਾਂ!

ਜਿਥੇ ਪੂਰੀ ਦੁਨੀਆਂ 'ਚ
ਅਮਨ ਤੇ ਸ਼ਾਂਤੀ ਹੋਵੇ!
ਪੂਰੀ ਦੁਨੀਆ ਦੇ ਹਥਿਆਰ
ਲੋਹਾਰ ਭੱਠੀ ਚ ਪਿਘਲਾ ਕੇ
ਬੱਚਿਆਂ ਦੇ ਖਿਲੌਣੇ
ਬਣਾ ਰਿਹਾ ਹੋਵੇ!
ਕੋਈ ਵੀ ਢਿੜ੍ਹ ਭੁੱਖਾ ਨਾ ਹੋਵੇ!
ਕੋਈ ਕਿਸੇ ਦਾ ਹੱਕ ਨਾ ਖੋਹੇ!
ਕੋਈ ਔਰਤ ਕਿਸੇ
ਕੋਠੇ ਤੇ ਨਾ ਬੈਠੀ ਹੋਵੇ!
ਕਿਸੇ ਕਲਾਕਾਰ ਬੱਚੇ ਨੂੰ
ਉਸਦੇ ਮਾਂ ਬਾਪ ਕੁੱਟ ਕੇ
ਡਾਕਟਰ ਜਾਂ ਇੰਜੀਨਿਅਰ
ਨਾ ਬਣਾ ਰਹੇ ਹੋਣ
ਤਾਂ ਜੋ ਇੱਕ ਹੋਰ
ਹਿਟਲਰ ਨਾ ਬਣ ਸਕੇ!

ਕਲਾਕਾਰ ਆਪਣੀ ਕਲਾ ਦਾ
ਪ੍ਰਦਰਸ਼ਨ ਕਰ ਰਹੇ ਹੋਵਣ!
ਲੇਖਕ ਕਹਾਣੀ ਲਿਖ ਰਿਹਾ ਹੋਵੇ!
ਸਭ ਉਸ ਕੁਦਰਤ ਦਾ
ਸ਼ੁਕਰ ਮਨਾ ਰਹੇ ਹੋਣ
ਲੱਖਾਂ ਕਰੋੜਾ ਹੱਥ!
ਅਸਮਾਨ 'ਚ ਉੱਪਰ ਉੱਠ ਗਏ ਹੋਵਣ!
ਕੋਈ ਚਿਹਰਾ ਨਜ਼ਰ ਨਾ ਆ ਰਿਹਾ ਹੋਵੇ
ਸਭ ਉਸਦੇ ਸਿਜਦੇ 'ਚ ਹੋਣ!

ਕੀ ਕਦੇ ਕੋਈ ਸ਼ਾਮ
ਅਜਿਹੀ ਹੋ ਸਕਦੀ ਹੈ?

## 'ਮੈਂ' ਤੇ 'ਖੁਦ' / ਪਰਵਿੰਦਰ ਗੋਗੀ



ਮੈਂ ਇੱਕ ਤੋਂ
ਦੋ ਹਿੱਸਿਆਂ ਵਿੱਚ
ਵੰਡੀ ਜਾਂਦੀ ਹਾਂ
ਜਦੋਂ
ਘਰ ਤੋਂ ਬਾਹਰ
ਜਾਣ ਲੱਗਿਆਂ
ਬਾਹਰ ਲੋਕਾਂ ਵਿੱਚ
ਵਿਚਰਣ ਤੋਂ ਪਹਿਲਾਂ
ਮੈਂ 'ਖੁਦ' ਨੂੰ
ਘਰ ਛੱਡ ਜਾਂਦੀ ਹਾਂ
ਆਖਦੀ ਹਾਂ
''ਆ ਕੇ ਮਿਲਾਂਗੀ''
ਤੇ ਬਾਹਰ ਗਈ
ਮੇਰੀ 'ਮੈਂ' ਨੂੰ
ਮੈਂ ਬਾਹਰ ਛੱਡ
ਆਉਂਦੀ ਹਾਂ
ਉਹਨਾਂ ਲੋਕਾਂ ਵਿੱਚ
ਉਹਨਾਂ ਭੀੜਾਂ ਵਿੱਚ
ਜੋ ਉਸ ਨੂੰ ਜਾਣਦੀਆਂ ਨੇ
ਪਹਿਚਾਣਦੀਆਂ ਨੇ
ਫਿਰ–
ਮੇਰੀ 'ਮੈਂ' ਸਰਦਲ ਦੇ
ਬਾਹਰ ਖੜ੍ਹ
ਮੇਰਾ ਇੰਤਜ਼ਾਰ
ਕਰਦੀ ਰਹਿੰਦੀ
ਤੇ ਮੇਰੀ 'ਖੁਦੀ'
ਦਹਿਲੀਜ਼ ਦੇ ਅੰਦਰ
ਉਡੀਕ ਰਹੀ ਹੁੰਦੀ ।

## ਲਿਖਤੁਮ ਬਖਤਾਵਰ ਸਿੰਘ / ਬਖਤਾਵਰ ਧਾਲੀਵਾਲ



ਅੱਗੇ ਮਿਲੇ ਸ.ਭਗਤ ਸਿੰਘ।
ਏਥੇ ਸਭ ਠੀਕ ਨਹੀਂ ਹੈ,
ਉਂਝ ਸਭ ਠੀਕ-ਠਾਕ ਹੈ।
ਅੱਗੇ ਸਮਾਚਾਰ ਹੈ,
ਧੀਆਂ ਕੁੱਖ 'ਚ ਵੀ
ਸੁਰੱਖਿਅਤ ਨਹੀਂ,
ਘਰ-ਬਾਹਰ,
ਤੇ ਰਾਹਾਂ 'ਚ ਵੀ ਨਹੀਂ।
ਉਂਝ ਸਭ ਠੀਕ -ਠਾਕ ਹੈ।

ਅੱਗੇ ਸਮਾਚਾਰ ਇਹ ਹੈ ਕਿ,
ਮਜ਼ਦੂਰ ਅੱਜ ਵੀ
ਚੌਂਕ 'ਚ ਖਲੋਤਾ,
ਪੱਲੇ ਬੰਨ੍ਹੀ ਰੋਟੀ ਨੂੰ ਪੁੱਛਦਾ ਹੈ,
ਦਿਹਾੜੀ ਵਾਲੇ ਘਰ ਖਾਵਾਂ।
ਜਾਂ ਬੱਝੀ-ਬੱਝਾਈ ਘਰ ,
ਬੱਚਿਆਂ ਲਈ ਲੈ ਜਾਵਾਂ।
ਪਰਿਵਾਰ ਦੀ ਸੁੱਖ-ਸਾਂਦ ਸਮੇਤ,
ਅੱਗੇ ਸਮਾਚਾਰ ਇਹ ਹੈ ਕਿ,
ਕੁਰਸੀ ਤੇ ਬੈਠੀ ਚਮੜੀ,
ਗੋਰੀ ਹੋਵੇ ਜਾਂ ਕਾਲੀ।
ਹਾਕਮ ਹੀ ਹੁੰਦੀ ਹੈ।
ਅੱਜ ਵੀ ਤੇਰੇ ਦੇਸ ਦੀਆਂ,
ਚਿਮਨੀਆਂ 'ਚੋ ਧੂੰਆਂ ਨਹੀਂ,
ਹੌਂਕੇ ਨਿਕਲਦੇ ਨੇ।
ਇੱਥੇ ਰੂੰ ਨਹੀਂ,
ਬੰਦਾ ਪਿੰਜਿਆ ਜਾਂਦਾ ਹੈ।
ਕੀ ਪੁੱਛ ਰਹੇ ਹੋ?
''ਮਾਨਸ ਕੀ ਜਾਤ ਸਬੈ ਏਕੈ
ਪਹਿਚਾਨਬੋ'' ਨਹੀਂ!

ਏਥੇ ਬੰਦਾ ਧਰਮ
ਕਰਕੇ ਜਾਣਿਆ ਜਾਂਦਾ,
ਤੇ ਧਰਮ ਕਰਕੇ ਮਾਰਿਆ ਜਾਂਦਾ।
ਸਮਾਜਵਾਦ
ਕੁਰਸੀ ਦੇ ਪਾਵਿਆਂ,
ਹੇਠ ਸਹਿਕ ਰਿਹਾ ਹੈ।
ਏਥੇ ਬੰਦਾ ਨਾਮ ਕਰਕੇ ਨਹੀਂ,
ਵੋਟ ਕਰਕੇ
ਪਹਿਚਾਣਿਆ ਜਾਂਦਾ ਹੈ।
ਏਥੇ ਬੰਦਾ
ਆਧਾਰ ਕਰਕੇ ਨਹੀਂ ਹੈ
ਆਧਾਰ ਕਾਰਡ ਕਰਕੇ
ਜਾਣਿਆ ਜਾਂਦਾ ਹੈ
ਸਮਾਜਵਾਦ ਜ਼ਿੰਦਾਬਾਦ।

## ਬਜ਼ਾਰ ਯੁਗ ਵਿਚ ਰਿਸ਼ਤੇ – ਜਗਮੋਹਨ ਸਿੰਘ



ਸ਼ਿਸ਼ ਪੁਛਦੈ:
ਮੁਨੀਵਰ !
ਮਾਤ ਲੋਕ ਵਿਚ
ਸਬੰਧ ਕਿਉਂ ਟੁੱਟਦੇ ਨੇ ?

ਮੁਨੀ ਸਮਝਾਉਂਦੈ:
ਵਤਸ !
ਮਾਤਲੋਕ ਵਿਚ
ਇਸ ਸਮੇਂ ਹੈ ਬਜ਼ਾਰ ਯੁਗ
ਤੇ ਸਬੰਧਾਂ ਦੀ ਬੁਨਿਆਦ ਹੈ
ਆਪਸੀ ਮੁਫ਼ਾਦ
ਇਕ ਦੂਜੇ ਦੀ
ਇਕ ਦੂਜੇ ਕੋਲੋਂ
ਫਾਇਦੇ ਦੀ ਆਸ
ਬਜ਼ਾਰ ਯੁਗ ਵਿਚ
ਜ਼ਰੂਰਤਾਂ – ਗਰਜ਼ਾਂ ਹੀ ਨੇ
ਜੋ ਬੰਨੀਂ ਰਖਦੀਆਂ ਨੇ
ਬੰਦੇ ਨੂੰ ਬੰਦੇ ਨਾਲ
ਨਿਰਭਰਤਾ ਹੈ
ਇਕ ਦੂਜੇ ਦੀ ਇਕ ਦੂਜੇ ਉੱਪਰ
ਜੀਣ ਥੀਣ ਲਈ

ਜਾਰੀ ਰਖਦੈ ਮੁਨੀ ਪ੍ਰਵਚਨ
ਵਤਸ!
ਬਜ਼ਾਰ ਯੁਗ ਵਿਚ
ਸਬੰਧ ਟੁੱਟਦੇ ਨਹੀਂ
ਇਕ ਦੂਜੇ ਦੀ
ਇਕ ਦੂਜੇ ਕੋਲੋਂ
ਫਾਇਦੇ ਦੀ
ਆਸ ਮੁੱਕਦੀ ਹੈ
ਰਿਸ਼ਤਾ ਰੂਪ ਬਦਲਦਾ ਹੈ

ਦੋਸਤੀ ਦੁਸ਼ਮਣੀ 'ਚ
ਤਬਦੀਲ ਹੁੰਦੀ ਹੈ
ਇਕ ਦੂਜੇ ਨੂੰ
ਦੁਖੀ ਵੇਖਣ ਦੀ
ਇੱਛਾ ਪਣਪਦੀ ਹੈ
ਚੁੱਭਣ ਲਗਦੈ
ਦੂਜੇ ਦਾ ਜੀਣਾ ਵੀ
ਕੀ ਇਹ ਰਿਸ਼ਤੇ ਦੀ
ਨਗੇਸ਼ਨ ਨਹੀਂ ?

ਮੋੜਵਾਂ ਪੁਛਦੈ ਸ਼ਿਸ਼
ਨਹੀਂ ਇਹ
ਰਿਸ਼ਤੇ ਨਗੇਸ਼ਨ ਨਹੀਂ
ਕੰਟੀਨਿਯੂਏਸ਼ਨ ਹੈ
ਪਰ ਕਿਸੇ ਹੋਰ ਰੂਪ ਵਿਚ
ਮੁਨੀਵਰ ਸਮਝਾਉਂਦੈ
ਅਤੇ ਕਿਸੇ ਪੁਰਾਣੀ ਗੱਲ ਨੂੰ
ਯਾਦ ਕਰ ਚੁੱਪ ਹੋ ਜਾਂਦੈ।

## ਕਹਾਣੀ / ਠੰਡੇ ਹੱਥ / ਹਰਦੀਪ ਸੱਭਰਵਾਲ

ਕੋਵਿਡ ਦੀ ਲੰਮੀ ਤਾਲਾਬੰਦੀ ਤੋਂ ਬਾਅਦ ਜ਼ਿੰਦਗੀ ਮੁੜ ਕੇ ਆਪਣੇ ਪੁਰਾਣੇ ਰੰਗਾ ਵੱਲ ਪਰਤ ਰਹੀ ਸੀ, ਲਗਭਗ ਦੋ ਸਾਲਾਂ ਬਾਅਦ ਯੂਨੀਵਰਸਿਟੀ 'ਚ ਪੁਸਤਕ ਮੇਲੇ ਦਾ ਆਯੋਜਨ ਹੋ ਰਿਹਾ ਸੀ। ਇੱਕ ਅਨੁਵਾਦਕ ਮਿੱਤਰ ਵੱਲੋਂ ਵਾਰ-ਵਾਰ ਕਹਿਣ ਤੇ ਲੇਖਕ ਆਖਰਕਾਰ ਪੁਸਤਕ ਮੇਲੇ ਵਿੱਚ ਜਾਣ ਲਈ ਤਿਆਰ ਹੋ ਗਿਆ।



ਮੋਟਰਸਾਈਕਲ ਪਾਰਕਿੰਗ ਵਿੱਚ ਖੜ੍ਹਾ ਕਰਕੇ ਉਹ ਅਜੇ ਇਹੀ ਸੋਚ ਰਿਹਾ ਸੀ ਕਿ ਦੋਸਤ ਨੂੰ ਫੋਨ ਕਰਕੇ ਪੁੱਛ ਲਵਾਂ ਕਿ ਉਹ ਕਿੱਥੇ ਹੈ, ਕਿ ਉਸਨੂੰ ਦੋਸਤ ਦੋ ਬੰਦਿਆਂ ਨਾਲ ਪਿੱਛੇ ਆਉਂਦਾ ਦਿਖਾਈ ਦਿੱਤਾ। ਉਨ੍ਹਾਂ ਵਿੱਚੋਂ ਇੱਕ ਵੀਹ ਤੋਂ ਪੱਚੀ ਸਾਲ ਦਾ ਲੜਕਾ ਸੀ ਅਤੇ ਇੱਕ ਪੰਜਾਹ ਦੇ ਆਸ-ਪਾਸ ਆਦਮੀ ਸੀ। ਲੇਖਕ ਆਪ ਪੰਤਾਲੀ ਸਾਲਾਂ ਦਾ ਹੋ ਗਿਆ ਸੀ, ਹਲਕੀ ਸਫੇਦ ਦਾੜ੍ਹੀ ਵਾਲਾ, ਉਸਨੂੰ ਇਹ ਗੱਲ ਉਦੋਂ ਯਾਦ ਆਈ ਜਦੋਂ ਮੁੰਡੇ ਨੇ ਹੱਥ ਮਿਲਾਉਣ ਦੀ ਬਜਾਏ ਉਸਦੇ ਪੈਰ ਛੂਹੇ।

''ਇਹ ਬੁੱਤ ਤਰਾਸ਼ ਹਨ, ਸ਼ਹਿਰ ਦੇ ਮੁੱਖ ਚੌਂਕ 'ਤੇ ਜਿਹੜਾ ਆਜ਼ਾਦੀ ਘੁਲਾਟੀਏ ਦਾ ਬੁੱਤ ਲਗਿਆ ਹੈ, ਉਹ ਇਹਨਾਂ ਨੇ ਹੀ ਬਣਾਇਆਂ ਹੈ'', ਲੇਖਕ ਦੇ ਦੋਸਤ ਨੇ ਅੱਧਖੜ ਉਮਰ ਦੇ ਆਦਮੀ ਦੀ ਜਾਣ-ਪਛਾਣ ਕਰਵਾਈ। ਮੂਰਤੀਕਾਰ ਨੇ ਗਰਮਜੋਸ਼ੀ ਨਾਲ ਆਪਣਾ ਹੱਥ ਵਧਾਇਆ ਅਤੇ ਲੇਖਕ ਨਾਲ ਹੱਥ ਮਿਲਾਇਆ। ਜਿਵੇਂ ਹੀ ਉਸਨੇ ਹੱਥ ਮਿਲਾਇਆ ਤਾਂ ਇੱਕ ਠੰਡੀ ਲਹਿਰ ਉਸਦੇ ਹੱਥਾਂ ਵਿੱਚੋਂ ਦੀ ਲੰਘ ਗਈ, ਕੁਝ ਸ਼ਬਦ ਉਸਦੇ ਗਲੇ ਤੱਕ ਪਹੁੰਚ ਗਏ, ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਲੇਖਕ ਦੇ ਦੋਸਤ ਨੇ ਲੇਖਕ ਦੀ ਜਾਣ-ਪਛਾਣ ਸ਼ੁਰੂ ਕਰ ਦਿੱਤੀ।

''ਇਹ ਬਹੁਤ ਵਧੀਆ ਨਜ਼ਮ ਲਿੱਖਦੇ ਹਨ''

''ਚੰਗੀ ਗੱਲ ਹੈ ਫਿਰ ਤਾਂ ਕਿਸੇ ਦਿਨ ਅਸੀਂ ਇਹਨਾਂ ਨੂੰ ਸੁਣਾਂਗੇ ਅਤੇ ਵਿਚਾਰ ਵਟਾਂਦਰਾ ਕਰਾਂਗੇ,'' ਬੁੱਤ ਤਰਾਸ਼ ਨੇ ਕਿਹਾ।

ਲੇਖਕ ਦਾ ਚਿਹਰਾ ਨਿਰੋਲ ਰਿਹਾ। ਦੋ-ਚਾਰ ਗੱਲਾਂ ਇਧਰ ਉਧਰ ਹੁੰਦੀਆਂ ਰਹੀਆਂ, ਇਸ ਦੌਰਾਨ ਕੁਝ ਹੋਰ ਲੋਕ ਵੀ ਮਿਲਦੇ ਰਹੇ, ਲੇਖਕ ਇੱਕ ਸਟਾਲ 'ਤੇ ਰੁਕਿਆ, ਇਕੋ ਇਕ ਪ੍ਰਕਾਸ਼ਕ ਜੋ ਉਸਨੂੰ ਜਾਣਦਾ ਸੀ, ਉਸਦੇ ਮਿੱਤਰ ਨੂੰ ਤਾਂ ਜਿਵੇ ਸਾਰਾ ਮੇਲਾ ਹੀ ਜਾਣਦਾ ਸੀ, ਇੰਨੀ ਵੱਡੀ ਭੀੜ, ਇੱਕ ਤੋਂ ਇੱਕ ਨਾਮਵਰ ਸਾਹਿਤਕਾਰ। ਸਾਹਿਤ ਦੀ ਦੁਨੀਆ ਦੀਆਂ ਮਸ਼ਹੂਰ ਹਸਤੀਆਂ, ਉਹ ਇਸ ਸਭ ਤੋਂ ਕਿੰਨਾ ਕਟਿਆ ਹੋਇਆ ਹੈ, ਅਜੇ ਉਹ ਇਹ ਸਭ ਸੋਚ ਰਿਹਾ ਸੀ ਕਿ ਉਸਦੇ ਫੋਨ ਦੀ ਘੰਟੀ ਵੱਜੀ।

''ਮੈਨੂੰ ਜਾਣਾ ਪਵੇਗਾ, ਕੋਈ ਕੰਮ ਪੈ ਗਿਆ ਹੈ'', ਲੇਖਕ ਨੇ ਆਪਣੇ ਦੋਸਤ ਨੂੰ ਕਿਹਾ।

''ਇੰਨੀ ਜਲਦੀ!, ਅਜੇ ਤਾਂ ਮੇਲਾ ਦੇਖਿਆ ਤਕ ਨਹੀਂ, ਕਿਸੇ ਨੂੰ ਮਿਲੇ ਨਹੀਂ, ਥੋੜ੍ਹੀ ਦੇਰ ਹੋਰ ਰੁਕ ਜਾਓ, ਤੁਹਾਨੂੰ ਇਥੇ ਚੰਗਾ ਮਹਿਸੂਸ ਹੋਵੇਗਾ'', ਦੋਸਤ ਨੇ ਕੁਝ ਦੇਰ ਹੋਰ ਰੁਕਣ ਲਈ ਅਰਜ ਕਰਦੇ ਹੋਏ ਕਿਹਾ।

''ਜੇ ਮੈਂ ਰੁਕ ਸਕਦਾ, ਤਾਂ ਮੈਂ ਰੁਕ ਜਾਂਦਾ, ਮੈਂ ਤਾਂ ਕੁਝ ਵਿਸ਼ਵ ਪ੍ਰਸਿੱਧ ਕਹਾਣੀਆਂ ਦਾ ਅਨੁਵਾਦ ਵੀ ਲੈਣਾ ਚਾਹੁੰਦਾ ਸੀ, ਅਜੇ ਤਾਂ ਦੋ ਦਿਨ ਬਾਕੀ ਹਨ, ਮੈਂ ਫਿਰ ਆਵਾਂਗਾ'', ਲੇਖਕ ਨੇ ਵਿਦਾ ਹੁੰਦੇ ਹੋਏ ਕਿਹਾ।

ਇਸ ਦੌਰਾਨ ਮੂਰਤੀਕਾਰ ਫਿਰ ਉੱਥੇ ਪਹੁੰਚ ਗਏ। ''ਇਹ ਕੀ, ਤੁਸੀਂ ਜਾ ਰਹੇ ਹੋ?''

''ਹਾਂ, ਕੁਝ ਜ਼ਰੂਰੀ ਕੰਮ ਆ ਗਿਆ'', ਲੇਖਕ ਨੇ ਕਿਹਾ, ਮੂਰਤੀਕਾਰ ਨੇ ਹੱਥ ਮਿਲਾਇਆ, ਇੱਕ ਵਾਰੀ ਆਪਣਾ ਹੱਥ ਛੁਡਾਇਆ ਤੇ ਫਿਰ ਤੋਂ ਲੇਖਕ ਦਾ ਹੱਥ ਫੜ ਲਿਆ, ''ਇੰਨੇ ਠੰਡੇ ਹੱਥ, ਮੈਂ ਪਹਿਲਾਂ ਵੀ ਮਹਿਸੂਸ ਕੀਤਾ ਸੀ, ਜਦੋਂ ਤੁਸੀਂ ਆਏ ਸੀ, ਅਜੀਬ ਹੈ, ਮੈਂ ਅੱਜ ਤੱਕ ਕਿਸੇ ਦੇ ਅਜਿਹੇ ਠੰਡੇ ਹੱਥ ਦੇਖੇ ਹਨ'', ਬੁੱਤ ਤਰਾਸ਼ ਨੇ ਹੈਰਾਨ ਹੋਏ ਕਿਹਾ।

''ਅੱਜ ਬਹੁਤ ਠੰਡ ਹੈ ਅਤੇ ਮੈਂ ਦਸਤਾਨੇ ਨਹੀਂ ਪਹਿਨਦਾ, ਸ਼ਾਇਦ ਇਸ ਲਈ,'' ਲੇਖਕ ਨੇ ਮੁਸਕਰਾ ਕੇ ਕਿਹਾ, ਪਰ ਬੁੱਤ ਤਰਾਸ਼ ਨੂੰ ਉਸਦੀ ਮੁਸਕਰਾਹਟ ਵਿੱਚ ਇਕ ਤਰਲਤਾ ਨਜਰ ਆਈ । ਇੱਕ ਮੁਸਕਰਾਹਟ ਤਰਲ ਕਿਵੇਂ ਹੋ ਸਕਦੀ ਹੈ, ਲੇਖਕ ਵਿੱਚ ਮੂਰਤੀਕਾਰ ਦੀ ਦਿਲਚਸਪੀ ਵਧ ਗਈ। ਪਰ ਉਦੋਂ ਤੱਕ ਲੇਖਕ ਉੱਥੋਂ ਜਾ ਚੁੱਕਾ ਸੀ।

ਤਕਰੀਬਨ ਪੰਦਰਾਂ ਦਿਨਾਂ ਬਾਅਦ ਮੂਰਤੀਕਾਰ ਕਿਤੇ ਜਾ ਰਹੀ ਸੀ ਤਾਂ ਉਸ ਨੇ ਲੇਖਕ ਨੂੰ ਇੱਕ ਫਲ ਵਿਕਰੇਤਾ ਕੋਲ ਖੜ੍ਹਾ ਦੇਖਿਆ, ਸ਼ਾਇਦ ਮੁੱਲ ਨੂੰ ਲੈ ਕੇ ਕੁਝ ਬਹਿਸ ਜਿਹੀ ਚੱਲ ਰਹੀ ਸੀ।

''ਕਿਵੇਂ ਓ ਜਨਾਬ ?'' ਬੁੱਤ ਤਰਾਸ਼ ਨੇ ਨੇੜੇ ਆਉਂਦਿਆਂ ਪੁੱਛਿਆ।

''ਠੀਕ ਜੀ, ਤੁਸੀਂ ਕਿਵੇਂ ਹੋ,'' ਲੇਖਕ ਨੇ ਉਸ ਵੱਲ ਦੇਖੇ ਬਿਨਾਂ ਕਿਹਾ। ਅਤੇ ਫਲ ਦੀ ਰੇਹੜੀ ਛੱਡ ਕੇ ਦੂਜੇ ਪਾਸੇ ਤੁਰ ਪਿਆ।

''ਤੁਸੀਂ ਪਛਾਣਿਆ'', ਮੂਰਤੀਕਾਰ ਨੇ ਉਸਦੇ ਨਾਲ ਤੁਰਦਿਆਂ ਕਿਹਾ। ਸਵਾਲ ਨੇ ਲੇਖਕ ਨੂੰ ਅਚਾਨਕ ਰੁਕਣ ਲਈ ਮਜਬੂਰ ਕੀਤਾ। ਉਸਨੇ ਮੂਰਤੀਕਾਰ ਦੇ ਚਿਹਰੇ ਵੱਲ ਧਿਆਨ ਨਾਲ ਵੇਖਿਆ, ਜਿਵੇਂ ਪਛਾਣਨ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਫਿਰ ਉਹ ਬੇਪਰਵਾਹ ਹੋ ਕੇ ਬੋਲਿਆ, "ਸ਼ਾਇਦ ਤੁਹਾਨੂੰ ਬੁਰਾ ਲੱਗੇਗਾ, ਅਤੇ ਤੁਹਾਨੂੰ ਲੱਗਣਾ ਵੀ ਚਾਹੀਦਾ ਹੈ, ਅਸਲ ਵਿੱਚ ਲੋਕ ਇਸ ਕਰਕੇ ਮੇਰੇ ਤੋਂ ਦੂਰ ਰਹਿੰਦੇ ਹਨ, ਅਸਲ ਵਿੱਚ ਮੈਨੂੰ ਚਿਹਰੇ ਭੁੱਲਣ ਦੀ ਆਦਤ ਹੈ, ਜਾਂ ਇਹ ਕਹਿ ਲਓ ਕਿ ਇਸ ਮਾਮਲੇ ਵਿੱਚ ਮੇਰੀ ਯਾਦਦਾਸ਼ਤ ਬਹੁਤ ਜ਼ਿਆਦਾ ਹੀ ਕਮਜ਼ੋਰ ਹੈ"

"ਤੁਸੀਂ ਮੈਨੂੰ ਇਹ ਦਿਲਚਸਪ ਗੱਲ ਦੱਸੀ, ਤੁਸੀਂ ਮੈਨੂੰ ਪਛਾਣਿਆ ਨਹੀਂ, ਅਸੀਂ ਹੁਣੇ ਹੀ ਪੁਸਤਕ ਮੇਲੇ ਵਿੱਚ ਮਿਲੇ ਸੀ", ਮੂਰਤੀਕਾਰ ਨੂੰ ਥੋੜ੍ਹੀ ਬੇਚੈਨੀ ਮਹਿਸੂਸ ਹੋਈ, ਅਤੇ ਲੇਖਕ ਨੇ ਉਸਨੂੰ ਸਨਕੀ ਜਾਪਿਆ।

"ਓਹ ਹਾਂ, ਮੈਨੂੰ ਯਾਦ ਆਇਆ, ਤੁਸੀਂ ਉਹ ਬੁੱਤ ਤਰਾਸ਼, ਮੇਰੀ ਗੁਸਤਾਖੀ ਲਈ ਮਾਫ ਕਰਨਾ, ਮੇਰੇ ਨਾਲ ਅਜਿਹਾ ਅਕਸਰ ਹੁੰਦਾ ਹੈ", ਲੇਖਕ ਨੇ ਇੰਨੀ ਸਹਿਜਤਾ ਨਾਲ ਕਿਹਾ ਕਿ ਮੂਰਤੀਕਾਰ ਨੂੰ ਉਸਦੀ ਗੱਲ ਦਾ ਯਕੀਨ ਹੋ ਗਿਆ।

"ਅੱਛਾ ਫੇਰ ਤਾਂ ਬਹੁਤ ਸਾਰੀਆਂ ਕਹਾਣੀਆਂ ਬਣ ਜਾਂਦੀਆਂ ਹੋਣਗੀਆਂ," ਮੂਰਤੀਕਾਰ ਨੇ ਕਿਹਾ।

"ਹਾਹਾਹਾ" ਲੇਖਕ ਨੇ ਹੱਸਦੇ ਹੋਏ ਕਿਹਾ, "ਇੱਕ ਵਾਰ ਇੱਕ ਔਰਤ ਮੈਨੂੰ ਰਸਤੇ ਵਿੱਚ ਮਿਲੀ ਅਤੇ ਦੁਆ ਸਲਾਮ ਕਰਨ ਲੱਗੀ, ਮੈਨੂੰ ਯਾਦ ਨਹੀਂ ਸੀ ਆ ਰਿਹਾ ਕਿ ਇਸਨੂੰ ਕਿੱਥੇ ਦੇਖਿਆ ਸੀ, ਅਗਲੇ ਦਿਨ ਤੱਕ ਮੈਨੂੰ ਇੰਨਾ ਯਕੀਨ ਸੀ ਕਿ ਮੈਂ ਉਸ ਔਰਤ ਦੇ ਘਰ ਵੀ ਗਿਆ ਹਾਂ,ਤੇ ਫਿਰ ਤੀਜੇ ਦਿਨ ਮੈਨੂੰ ਯਾਦ ਆਇਆ ਕਿ ਉਹ ਕਿਸੇ ਦੋਸਤ ਦੀ ਪਤਨੀ ਹੈ।

"ਦਿਲਚਸਪ ਗੱਲ ਹੈ, ਇਸ 'ਤੇ ਇੱਕ ਕਹਾਣੀ ਲਿਖੀ ਜਾ ਸਕਦੀ ਸੀ", ਬੁੱਤ ਤਰਾਸ਼ ਨੇ ਕਿਹਾ।

"ਲਿਖੀ ਤਾਂ ਜਾ ਸਕਦੀ ਹੈ, ਪਰ ਮੈਂ ਅਜਿਹੀਆਂ ਕਹਾਣੀਆਂ ਨਹੀਂ ਲਿਖਦਾ", ਲੇਖਕ ਨੇ ਸਹਿਜਤਾ ਨਾਲ ਕਿਹਾ।

"ਤਾਂ ਕਿਸ ਕਿਸਮ ਦਾ?",ਬੁੱਤ ਤਰਾਸ਼ ਨੇ ਪੁੱਛਿਆ, ਦੂਜੇ ਹੀ ਪਲ ਉਸਨੂੰ ਆਪਣਾ ਸਵਾਲ ਅਜੀਬ ਲੱਗਿਆ, "ਮੇਰਾ ਮਤਲਬ ਹੈ ਕਿ ਤੁਸੀਂ ਅੱਜਕੱਲ੍ਹ ਕੀ ਲਿਖ ਰਹੇ ਹੋ, ਤੁਹਾਡੇ ਦਿਮਾਗ ਵਿੱਚ ਕਿਹੜੀ ਕਹਾਣੀ ਚੱਲ ਰਹੀ ਹੈ"

ਸਵਾਲ ਸੁਣ ਕੇ ਕਹਾਣੀਕਾਰ ਜਿਵੇਂ ਕਿਧਰੇ ਗੁਆਚ ਗਿਆ, "ਹਾਂ, ਮੇਰੇ ਦਿਮਾਗ ਵਿੱਚ ਇੱਕ ਕਹਾਣੀ ਹੈ, ਪਰ ਮੈਨੂੰ ਇਹ ਨਹੀਂ ਸਮਝ ਆ ਰਹੀ ਕਿ ਇਸ ਨੂੰ ਕਿਵੇਂ ਸ਼ਬਦ ਰੂਪ ਦੇਵਾਂ, ਅਤੇ ਜਬਰਦਸਤੀ ਲਿਖਣਾ ਮੈਨੂੰ ਆਉਂਦਾ ਨਹੀਂ।"

"ਇਹ ਵੀ ਠੀਕ ਹੈ, ਮੇਰਾ ਵੀ ਮੰਨਣਾ ਹੈ ਕਿ ਕਲਾ ਆਪ-ਮੁਹਾਰੇ ਹੀ ਪੈਦਾ ਹੁੰਦੀ ਹੈ, ਇਸ ਨੂੰ ਜ਼ਬਰਦਸਤੀ ਕਿਵੇਂ ਰਚਿਆ ਜਾ ਸਕਦਾ ਹੈ", ਮੂਰਤੀਕਾਰ ਨੇ ਲੇਖਕ ਦੀ ਗੱਲ ਦਾ ਸਮਰਥਨ ਕੀਤਾ।

ਇਕ ਪਲ ਵਿਚ ਲੇਖਕ ਨੇ ਆਪਣਾ ਆਪਾ ਗੁਆ ਲਿਆ, "ਤੁਸੀਂ ਇਹ ਕਿਵੇਂ ਕਹਿ ਸਕਦੇ ਹੋ, ਅੱਜਕੱਲ੍ਹ ਪੇਡ ਰਾਈਟਿੰਗ ਦਾ ਜ਼ਮਾਨਾ ਹੈ, ਪੈਸੇ ਦਿਓ ਅਤੇ ਕੁਝ ਵੀ ਲਿਖਣਾ ਲਵੋ, ਹਰ ਪਾਸੇ ਪੇਡ ਨਿਊਜ਼ ਦਾ ਦੌਰ ਚੱਲ ਰਿਹਾ ਹੈ, ਦੂਰ ਕੀ ਜਾਣਾ ਹੈ, ਜੋ ਬੁੱਤ ਤੁਸੀਂ ਬਣਾਇਆ ਹੈ, ਸ਼ਹਿਰ ਦੇ ਚੌਰਾਹੇ ਲਈ, ਨਗਰਪਾਲਿਕਾ ਨੇ ਤੁਹਾਨੂੰ ਇਸਦੇ ਲਈ ਪੈਸੇ ਦਿੱਤੇ ਹਨ, ਇਹ ਨਹੀਂ ਕਿ ਇਹ ਕਲਾ ਦੀ ਤਰ੍ਹਾਂ ਸਵੈਚਲਿਤ ਤੌਰ 'ਤੇ ਰਚਿਆ ਗਿਆ ਹੈ।

ਮੂਰਤੀਕਾਰ ਉਸ ਦੀ ਇਸ ਅਚਾਨਕ ਆਈ ਪ੍ਰਤੀਕ੍ਰਿਆ 'ਤੇ ਹੈਰਾਨ ਸੀ. ਹਾਲਾਂਕਿ ਇਸ ਵਾਰ ਉਹ ਗੁੱਸੇ ਨਹੀਂ ਹੋਇਆ, ਸਗੋਂ ਗੱਲ ਕਰਨ ਲਈ ਦਿਲਚਸਪੀ ਵੱਧ ਗਈ ਸੀ।

"ਤੁਸੀਂ ਠੀਕ ਕਹਿ ਰਹੇ ਹੋ, ਚਲੋ ਕਿਤੇ ਬੈਠ ਕੇ ਚਾਹ ਪੀ ਕੇ ਗੱਲ ਕਰੀਏ।"

"ਪਰ ਮੈਂ ਚਾਹ ਨਹੀਂ ਪੀਂਦਾ", ਲੇਖਕ ਨੇ ਇੰਜ ਕਿਹਾ ਜਿਵੇਂ ਉਸਨੂੰ ਇੱਕ ਪਲ ਪਹਿਲਾਂ ਦਾ ਆਪਣਾ ਵਿਵਹਾਰ ਯਾਦ ਨਹੀਂ ਸੀ, "ਪਰ ਮੈਂ ਤੁਹਾਡੇ ਨਾਲ ਕੋਲਡ ਡਰਿੰਕ ਪੀ ਲਵਾਂਗਾ"

ਇੰਨੀ ਠੰਡ 'ਚ ਕੋਲਡ ਡਰਿੰਕ! ਮੂਰਤੀਕਾਰ ਨੇ ਸੋਚਿਆ ਅਤੇ ਫਿਰ ਕਿਹਾ, "ਕਮਾਲ ਹੈ, ਤੁਸੀਂ ਚਾਹ ਨਹੀਂ ਪੀਂਦੇ, ਹਾਲਾਂਕਿ ਲੇਖਕਾਂ ਦੀ ਸਭਾ ਸ਼ਾਮ ਨੂੰ ਚਾਹ ਦੇ ਆਲੇ ਦੁਆਲੇ ਜਾਂ ਸ਼ਰਾਬ ਦੇ ਦੁਆਲੇ ਹੀ ਜੰਮਦੀ ਹੈ।"

"ਜ਼ਰੂਰ ਇੰਦਾ ਹੀ ਹੁੰਦਾ ਹੋਵੇਗਾ", ਕੁਰਸੀ 'ਤੇ ਬੈਠੇ ਲੇਖਕ ਨੇ ਕਿਹਾ, "ਤੁਹਾਨੂੰ ਪਤਾ ਹੈ ਸਾਡੇ ਘਰ ਚੁੱਲ੍ਹੇ 'ਤੇ ਚਾਹ ਧੁਖਦੀ ਹੀ ਰਹਿੰਦੀ ਸੀ, ਮੇਰੇ ਪਿਤਾ ਜੀ ਚਾਹ ਦੇ ਬਹੁਤ ਸ਼ੌਕੀਨ ਸਨ, ਉਦੋਂ ਮੈਂ ਵੀ ਬਹੁਤ ਚਾਹ ਪੀਂਦਾ ਸੀ। ਪਰ ਫਿਰ "

ਬੁੱਤ ਤਰਾਸ਼ ਨੇ ਮਹਿਸੂਸ ਕੀਤਾ ਕਿ ਲੇਖਕ ਦੇ ਸ਼ਬਦਾਂ ਦੀ ਇਕਸੁਰਤਾ ਟੁੱਟ ਰਹੀ ਹੈ, ਜਿਵੇਂ ਕਿ ਸ਼ਬਦ ਰਾਹ ਭਟਕ ਰਹੇ ਹੋਣ। ਫਿਰ ਉਸਨੇ ਗੱਲ ਬਦਲਦੇ ਹੋਏ ਕਿਹਾ, "ਆਪਣੀ ਕੋਈ ਰਚਨਾ, ਕੋਈ ਨਜ਼ਮ ਸੁਣਾਓ।"

"ਜ਼ਰੂਰ
ਘਰ ਬਿਨਾ ਆਦਮੀ
ਉਵੇਂ ਹੀ ਹੁੰਦਾ ਹੈ, ਜਿਵੇਂ
ਜੜ੍ਹਾਂ ਤੋਂ ਬਿਨਾਂ ਰੁੱਖ,
ਕਿਸੇ ਕਿਰਾਏ ਦੇ ਘਰ ਵਿੱਚ ਆਦਮੀ
ਉੱਨੀਆਂ ਹੀ ਲੱਤਾਂ ਫੈਲਾ ਸਕਦੇ ਹੈ,
ਸੁੰਦਰ, ਰੰਗੀਨ ਕੱਚ ਦੀ ਖਾਲੀ ਸ਼ਰਾਬ ਦੀ ਬੋਤਲ ਦੇ ਪਾਣੀ ਵਿੱਚ,
ਜਿੰਨੀਆ ਆਪਣੀਆਂ ਜੜ੍ਹਾਂ ਫੈਲਾਉਂਦਾ ਹੈ ਕੋਈ ਮਨੀ ਪਲਾਂਟ....."

"ਵਾਹ ਵਾਹ, ਬਹੁਤ ਵਧੀਆ, ਸੋਹਣੇ ਢੰਗ ਨਾਲ ਕਿਰਾਏਦਾਰ ਦੇ ਦਰਦ ਨੂੰ ਬਿਆਨ ਕੀਤਾ ਹੈ, ਲੱਗਦਾ ਹੈ ਕਿ

ਤੁਸੀਂ ਕਿਸੇ ਸਮੇਂ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਰਹੇ ਹੋਵੋਗੇ", ਮੂਰਤੀਕਾਰ ਨੇ ਕਿਹਾ।

"ਓਹੋ, ਤੁਹਾਨੂੰ ਇੰਜ ਲਗਿਆ, ਮੇਰੀ ਇੱਕ ਕਵਿਤਾ ਹੈ, ਵੇਸਵਾ ਦੇ ਦਰਵਾਜ਼ੇ ਉੱਤੇ, ਚੰਗਾ ਹੋਇਆ ਮੈਂ ਤੁਹਾਨੂੰ ਉਹ ਕਵਿਤਾ ਨਹੀਂ ਸੁਣਾਈ", ਲੇਖਕ ਨੇ ਮੁਸਕਰਾ ਕੇ ਕਿਹਾ।

"ਓਹੋ ਤੁਸੀਂ ਤਾਂ ਬੁਰਾ ਮੰਨ ਗਏ , ਮੈਂ ਤਾਂ ਕਵਿਤਾ ਦੀ ਤਾਰੀਫ਼ ਕੀਤੀ ਸੀ"

"ਇਹ ਤਾਰੀਫ਼ ਇਸ ਤਰ੍ਹਾਂ ਹੈ ਜਿਵੇਂ ਕੋਈ ਤੁਹਾਨੂੰ ਇਹ ਕਹੇ ਕਿ ਕੀ ਤੁਸੀਂ ਆਜ਼ਾਦੀ ਘੁਲਾਟੀਏ ਦੇ ਪਰਿਵਾਰ ਵਿੱਚੋਂ ਹੋ"

"ਕੀ ਤੁਸੀਂ ਹਮੇਸ਼ਾ ਨਿੱਜੀ ਹਮਲਾ ਕਰਦੇ ਹੋ?" ਬੁੱਤ ਤਰਾਸ਼ ਨੇ ਨਾਰਾਜ਼ ਹੁੰਦੇ ਹੋਏ ਕਿਹਾ।

"ਅੱਛਾ, ਚਲੋ, ਇਹ ਦੱਸੋ, ਤੁਸੀਂ ਹੁਣ ਤੱਕ ਕਿੰਨੇ ਬੁੱਤ ਬਣਾਏ ਹਨ", ਲੇਖਕ ਨੇ ਕਿਹਾ ਜਿਵੇਂ ਕੋਈ ਇਤਰਾਜ਼ਯੋਗ ਗੱਲ ਹੋਈ ਹੀ ਨਹੀਂ।

"ਕਈ ਨੇ, ਕਦੇ ਗਿਣੇ ਨਹੀਂ, ਕਦੇ ਅਜਿਹੀ ਲੋੜ ਮਹਿਸੂਸ ਨਹੀਂ ਕੀਤੀ", ਮੂਰਤੀਕਾਰ ਨੇ ਵੀ ਆਪਣਾ ਗੁੱਸਾ ਛੱਡਦਿਆਂ ਕਿਹਾ।

"ਤਾਂ ਤੁਹਾਡੀ ਸ਼ਾਹਕਾਰ ਰਚਨਾ ਬਾਰੇ ਤੁਸੀਂ ਕੀ ਕਹੋਗੇ?"

"ਸ਼ਾਹਕਾਰ ਰਚਨਾ, ਤੁਸੀਂ ਇਹ ਦਿਲਚਸਪ ਗੱਲ ਦੱਸੀ, ਮੈਂ ਕਿਹੜਾ ਇੰਨਾ ਮਸ਼ਹੂਰ ਸ਼ਿਲਪਕਾਰ ਹਾਂ ਜੋ ਮੈਂ ਇਹ ਸਭ ਸੋਚ ਸਕਾਂ"

"ਪਰ ਤੁਹਾਨੂੰ ਸੋਚਣਾ ਚਾਹੀਦਾ ਹੈ, ਅੱਛਾ ਸਮਾਂ ਬਹੁਤ ਹੋ ਗਿਆ ਹੈ, ਹੁਣ ਮੈਨੂੰ ਜਾਣਾ ਚਾਹੀਦਾ ਹੈ", ਲੇਖਕ ਨੇ ਕਾਹਲੀ ਨਾਲ ਕਿਹਾ ਅਤੇ ਕੁਰਸੀ ਤੋਂ ਉੱਠ ਕੇ ਬਾਹਰ ਨਿਕਲ ਗਿਆ, ਫਿਰ ਝੱਟ ਵਾਪਸ ਆ ਕੇ ਬੋਲਿਆ।

"ਤੁਸੀਂ ਮੇਰੀ ਕਹਾਣੀ ਬਾਰੇ ਜਾਣਨਾ ਚਾਹੋਗੇ ਜੋ ਮੈਂ ਲਿਖਣਾ ਚਾਹੁੰਦਾ ਹਾਂ ਪਰ ਲਿਖ ਨਹੀਂ ਸਕ ਰਿਹਾ, ਹੋ ਸਕਦਾ ਹੈ ਕਿ ਤੁਹਾਨੂੰ ਆਪਣੀ ਸ਼ਾਹਕਾਰ ਰਚਨਾ ਲਈ ਇਸ ਵਿੱਚੋਂ ਕੋਈ ਤਸਵੀਰ ਮਿਲ ਜਾਵੇ"

"ਜ਼ਰੂਰ, ਮੈਂ ਸੁਣਨਾ ਚਾਹਾਂਗਾ"

"ਵੈਸੇ, ਮੈਂ ਤੁਹਾਨੂੰ ਦੱਸ ਦੇਵਾਂ ਕਿ ਇਹ ਕਹਾਣੀ ਮੇਰੇ ਇੱਕ ਦੋਸਤ ਦੀ ਜ਼ਿੰਦਗੀ ਦੀ ਇੱਕ ਸੱਚੀ ਘਟਨਾ ਹੈ, ਕੁਝ ਦਿਨ ਪਹਿਲਾਂ, ਜਦੋਂ ਮਹਾਂਮਾਰੀ ਨੇ ਸਾਨੂੰ ਚਾਰੇ ਪਾਸਿਓਂ ਘੇਰ ਲਿਆ ਸੀ, ਸਭ ਤੋਂ ਪਹਿਲਾਂ ਉਸ ਦੇ ਪਿਤਾ ਜੀ ਇਸ ਦੀ ਲਪੇਟ ਵਿੱਚ ਆਏ। ਮੁਢਲੇ ਪੜਾਅ 'ਤੇ, ਉਹਨਾਂ ਨੂੰ ਹਸਪਤਾਲ ਲਿਜਾਇਆ ਗਿਆ, ਪਿਤਾ ਨੇ ਪੁੱਤਰ ਨੂੰ ਫੋਨ ਕੀਤਾ ਕਿ ਜੇ ਤੁਸੀਂ ਮੈਨੂੰ ਜ਼ਿੰਦਾ ਵੇਖਣਾ ਚਾਹੁੰਦੇ ਹੋ, ਤਾਂ ਆ ਕੇ ਵਾਪਸ ਲੈ ਜਾਓ, ਇੱਥੇ ਜੋ ਵਿਵਹਾਰ ਹੈ, ਕੋਈ ਵੀ ਨਹੀਂ ਬਚ ਸਕਦਾ, ਜਦੋਂ ਤੱਕ ਉਹ ਉਨ੍ਹਾਂ ਨੂੰ ਲੈਣ ਪਹੁੰਚਿਆ, ਉਹ ਸੱਚਮੁੱਚ ਬਚੇ ਨਹੀਂ, ਫਿਰ ਇੱਕ ਹੋਰ ਲਹਿਰ ਆਈ, ਉਸਦਾ ਜਵਾਨ ਪੁੱਤਰ ਉਸਦੀ ਲਪੇਟ ਵਿੱਚ ਆ ਗਿਆ, ਉਸਨੂੰ ਆਕਸੀਜਨ ਦੀ ਜ਼ਰੂਰਤ ਸੀ, ਪਰ ਕਿਧਰੇ ਨਹੀਂ ਸੀ ਮਿਲ ਰਹੀ, ਕਿਸੇ ਨੇ ਦੱਸਿਆ ਕਿ ਉਹ ਸੱਠ ਕਿਲੋਮੀਟਰ ਦੂਰ ਉਦਯੋਗਿਕ ਖੇਤਰ ਵਿੱਚ ਬਲੈਕ ਵਿੱਚ ਮਿਲ ਜਾਵੇਗੀ, ਕਿਸੇ ਤਰ੍ਹਾਂ ਪੈਸੇ ਦਾ ਪ੍ਰਬੰਧ ਕੀਤਾ। ਅਤੇ ਆਕਸੀਜਨ ਦੇ ਸਿਲੰਡਰ ਨੂੰ ਕਿਸੇ ਸਮਗਲਰ ਵਾਂਗ ਹਸਪਤਾਲ ਲਿਜਾਇਆ ਗਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ, ਉਸਦੀ ਪਤਨੀ ਸਦਮੇ ਨੂੰ ਬਰਦਾਸ਼ਤ ਨਾ ਕਰ ਸਕੀ ਅਤੇ ਉਸਦਾ ਮਾਨਸਿਕ ਸੰਤੁਲਨ ਵਿਗੜ ਗਿਆ, ਕੀ ਇਹ ਅਜੀਬ ਗੱਲ ਨਹੀਂ ਹੈ, ਉਸਦਾ ਅਤੀਤ ਅਤੇ ਭਵਿੱਖ ਮਰ ਗਿਆ ਹੈ ਅਤੇ ਵਰਤਮਾਨ ਨੇ ਮਾਨਸਿਕ ਸੰਤੁਲਨ ਗਵਾ ਲਿਆ ਹੈ"

"ਬਹੁਤ ਵਧੀਆ ਵਿਸ਼ਾ, ਜੇਕਰ ਇਸ ਵਿਸ਼ੇ ਨਾਲ ਨਿਆਂ ਹੋ ਜਾਵੇ ਤਾਂ ਇਹ ਬਹੁਤ ਵਧੀਆ ਕਹਾਣੀ ਬਣੇਗੀ"

"ਵਿਸ਼ੇ ਨਾਲ ਇਨਸਾਫ਼, ਵਿਡੰਬਨਾ ਇਹ ਹੈ ਕਿ ਅਸੀਂ ਪਾਤਰਾਂ ਨਾਲ ਨਹੀਂ, ਵਿਸ਼ੇ ਨਾਲ ਇਨਸਾਫ਼ ਚਾਹੁੰਦੇ ਹਾਂ, ਪਰ ਇੱਕ ਮਿੰਟ ਰੁਕੋ, ਆਓ ਥੋੜਾ ਬਦਲੀਏ ਅਤੇ ਤੁਹਾਨੂੰ ਕਹਾਣੀ ਦਾ ਮੁੱਖ ਪਾਤਰ ਬਣਾ ਦਿੰਦੇ ਹਾਂ ਅਤੇ ਇਹ ਤੁਹਾਡੇ ਪਿਤਾ ਅਤੇ ਪੁੱਤਰ ਨਾਲ ਵਾਪਰ ਰਿਹਾ ਹੈ.....

ਆਪਣੇ ਪੁੱਤਰ ਤੇ ਪਿਤਾ ਬਾਰੇ ਸੋਚਦਿਆਂ ਹੀ ਮਰਤਿਕਰ ਚਿਹਰਾ ਭੱਖ ਗਿਆ, "ਕੀ ਗੱਲ ਕਰ ਰਹੇ ਹੋ, ਤੈਨੂੰ ਹੋਸ਼ ਨਹੀਂ ਰਿਹਾ ਲਗਦਾ"।

"ਠੀਕ ਕਿਹਾ, ਜੇ ਹੋਸ਼ ਵਿੱਚ ਹੁੰਦਾ ਤਾਂ ਮੈਂ ਵੀ ਵਿਸ਼ੇ ਨਾਲ ਇਨਸਾਫ਼ ਦੀ ਗੱਲ ਵੀ ਕਰਦਾ, ਸਾਡੇ ਸਿਸਟਮ ਵਿੱਚ ਵੀ ਇਹੀ ਇਨਸਾਫ਼ ਪ੍ਰਚਲਿਤ ਹੈ, ਵਿਸ਼ੇ ਨਾਲ ਇਨਸਾਫ਼, ਜੇਕਰ ਕੋਈ ਵਿਵਸਥਾ ਦੀ ਘਾਟ ਕਾਰਨ ਮਹਾਂਮਾਰੀ ਵਿੱਚ ਮਰ ਜਾਵੇ ਤਾਂ ਮੁਆਵਜ਼ਾ ਦਿਓ, ਕੋਈ ਦੰਗਿਆਂ ਵਿੱਚ ਮਰ ਜੈ, ਕੋਈ ਗੱਡੀ ਹੇਠ ਕੁਚਲਿਆ ਜਾਵੇ, ਕੋਈ ਹੜ੍ਹ ਵਿੱਚ ਮਰ ਜਾਵੇ, ਤਾਂ ਵੀ, ਕੋਈ ਜਾਤੀਗਤ ਹਿੰਸਾ ਵਿਚ ਮਰੇ, ਸਮੂਹਿਕ ਬਲਾਤਕਾਰ ਦਾ ਸ਼ਿਕਾਰ ਹੋਵੇ, ਵਿਵਸਥਾ ਦੀ ਕਿਸੇ ਵੀ ਖਾਮੀ ਦਾ ਸ਼ਿਕਾਰ ਬਣੇ, ਮੁਆਵਜਾ ਦੇ ਦਿਓ, ਇਸ ਨਾਲ ਭਾਵੇਂ ਪਾਤਰ ਨਾਲ ਇਨਸਾਫ਼ ਹੋਵੇ ਜਾਂ ਨਾ ਹੋਵੇ, ਵਿਸ਼ੇ ਨਾਲ ਇਨਸਾਫ਼ ਹੁੰਦਾ ਹੈ।

ਬੁੱਤ ਤਰਾਸ਼ ਕੋਲ ਕੋਈ ਜਵਾਬ ਨਹੀਂ ਸੀ,

"ਮੈਂ ਤੁਹਾਨੂੰ ਕਿਹਾ ਸੀ ਕਿ ਮੈਨੂੰ ਚਿਹਰੇ ਯਾਦ ਨਹੀਂ ਰਹਿੰਦੇ ਹਨ, ਪਰ ਮੈਨੂੰ ਇਸ ਦਾ ਅਫਸੋਸ ਨਹੀਂ ਹੈ, ਸਾਡੇ ਸਿਸਟਮ ਨੂੰ ਚਿਹਰਿਆਂ ਦੀ ਜ਼ਰੂਰਤ ਨਹੀਂ ਹੈ, ਭੀੜ ਦੀ ਜਰੂਰਤ ਹੈ, ਚਿਹਰਿਆਂ ਦੀ ਨਹੀਂ ਵਿਸ਼ਿਆਂ ਦੀ ਜਰੂਰਤ ਹੈ ਜਿਨ੍ਹਾਂ ਨੂੰ ਭੁਣਾਇਆ ਜਾ ਸਕੇ, ਸਾਡਾ ਸਿਸਟਮ, ਸਰਕਾਰਾਂ ਅਤੇ ਨਿਆਂ ਸਭ ਇੱਕ ਈਵੈਂਟ ਮੈਨੇਜਮੈਂਟ ਕੰਪਨੀ ਵਾਂਗ ਕੰਮ ਕਰਦੇ ਨੇ ਜੋ ਵਿਸ਼ਿਆਂ ਨੂੰ ਆਪਣੇ ਆਪਣੇ ਢੰਗ ਨਾਲ ਵਰਤਣਾ

## ਦੋ ਗ਼ਜ਼ਲਾਂ / ਕੁਲਵਿੰਦਰ ਕੁੱਲਾ



ਸਿਰ ਉੱਤੇ ਚੁਭਵੀਆਂ ਕਿਰਨਾਂ ਤੇ ਪੈਰੀਂ ਤਪਸ਼ ਹੋਵੇ।
ਸਫ਼ਰ ਬਿਖੜਾ ਨਹੀਂ ਸਾਹਵੇਂ ਜੇ ਤੇਰਾ ਨਕਸ਼ ਹੋਵੇ।

ਮੇਰੀ ਅੱਖ ਵਿਚ, ਸਵਾਸਾਂ, ਧੜਕਣਾਂ ਵਿਚ, ਤੂੰ ਰਗਾਂ ਵਿਚ,
ਮੇਰਾ ਇਹ ਜਿਸਮ ਕਿ ਜਿੱਦਾਂ ਤੇਰਾ ਹੀ ਕਕਸ਼ ਹੋਵੇ।

ਜੇ ਕੋਈ ਰੂਪ ਦੇਵਾਂ ਖ਼ਾਬ ਅਪਣੇ ਨੂੰ ਕਦੇ ਮੈਂ,
ਉਹ ਸਾਵੀ ਧਰਤ ਹੋਵੇ ਜਾਂ ਉਹ ਨੀਲਾ ਅਰਸ਼ ਹੋਵੇ।

ਰੁਕੇ ਕਿਉਂ ਜ਼ਿੰਦਗੀ ਖ਼ਾਬਾਂ ਤੋਂ ਖਾਲੀ ਅੱਖ ਲੈ ਕੇ,
ਕੋਈ ਪੈਂਡਾ ਤਾਂ ਤੈਅ ਹੋਵੇ, ਕੋਈ ਤਾਂ ਲਕਸ਼ ਹੋਵੇ।

ਕਟਹਿਰੇ ਤੀਕ ਆਉਣਾ ਹੀ ਹੈ ਵੱਡਾ ਜ਼ੁਰਮ ਮੇਰਾ,
ਸਜ਼ਾ ਵੀ ਹੋਣ ਦੇ, ਮੇਰਾ ਨਾ ਕੋਈ ਪਕਸ਼ ਹੋਵੇ।

'ਮੇਰਾ ਹੰਝੂ' ਕਿ ਜਿਸ 'ਤੇ ਚਮਕਦਾ ਹੈ ਅਕਸ ਤੇਰਾ,
ਤੇਰੇ ਜਿਉਂ ਇਸ਼ਕ ਦੀ ਕੋਈ ਇਲਾਹੀ ਬਖ਼ਸ਼ ਹੋਵੇ।

.....

ਨਾ ਰਚਾ ਬਹੁਤੇ ਅਡੰਬਰ, ਰਹਿਣ ਦੇ।
ਤਿਲ ਕੁ ਭਰ ਤੇਰਾ ਹੈ ਅੰਬਰ, ਰਹਿਣ ਦੇ।

ਵੇਖ ਕੇ ਸਾਹਵੇਂ ਸਲੀਬਾਂ ਡੋਲਦੈਂ,
ਤੂੰ ਨਾ ਬਣ ਸਕਣੈਂ ਪੈਗੰਬਰ,ਰਹਿਣ ਦੇ।

ਅੰਨ੍ਹਿਆਂ, ਬੇਹੁਨਰਿਆਂ ਦੇ ਸ਼ਹਿਰ ਵਿਚ,
ਕੌਣ ਜਿੱਤਦਾ ਹੈ ਸੁਅੰਬਰ, ਰਹਿਣ ਦੇ।

ਲਾਹ ਦੇ ਕੰਧ ਤੋਂ ਖ਼ੌਫ਼ ਦੇ ਸਾਮਾਨ ਨੂੰ,
ਇਸ 'ਤੇ ਟੰਗੇ ਫੁੱਲ ਕਲੰਡਰ ਰਹਿਣ ਦੇ।

ਆਪਣੇ ਹੱਥੀਂ ਫੜੀ ਰੱਖ ਕਲਮ ਤੂੰ,
ਵਕਤ ਦੇ ਹੱਥਾਂ 'ਚ ਖੰਜਰ ਰਹਿਣ ਦੇ।

ਜਸ਼ਨ ਵਿਚ ਲੰਘੇ ਤੇਰਾ ਅਪ੍ਰੈਲ ਮਾਂਹ,
ਵਿਲਕਦਾ ਮੇਰਾ ਸਤੰਬਰ ਰਹਿਣ ਦੇ।

ਚਾਹੁੰਦੇ ਹਨ, ਉਸਦੀ ਸਫਲਤਾ ਅਤੇ ਇਥੋਂ ਤੱਕ ਕਿ ਅਸਫ਼ਲਤਾ ਨੂੰ ਵੀ ਇੱਕ ਈਵੈਂਟ ਬਣਾ ਦਿੰਦੇ ਹਨ, ਸਾਨੂੰ ਸਾਰਿਆਂ ਨੂੰ ਵੀ ਇਸ ਤਮਾਸ਼ੇ ਦੀ ਆਦਤ ਵੀ ਪੈ ਗਈ ਹੈ ਅਤੇ ਅਸੀਂ ਇਹ ਸਭ ਕੁਝ ਮਜ਼ੇ ਨਾਲ ਦੇਖਦੇ ਹਾਂ, ਪਰ ਪਤਾ ਕਦੋਂ ਤੱਕ ਜਦੋਂ ਤਕ ਅਸੀਂ ਆਪ ਉਹ ਤਮਾਸ਼ਾ ਨਹੀਂ ਬਣ ਜਾਂਦੇ, ਉਸ ਦਿਨ ਅਸੀਂ ਕਿਰਦਾਰ ਨਾਲ ਇਨਸਾਫ ਲਈ ਚੀਕਦੇ ਹਾਂ, ਵਿਸ਼ੇ ਨਾਲ ਨਹੀਂ, ਪਰ...."

ਫਿਰ ਇੱਕ ਪਲ ਲਈ ਰੁਕ ਕੇ ਲੇਖਕ ਨੇ ਕਿਹਾ।

ਲੇਖਕ ਨੇ ਕਿਹਾ, "ਸੁਣੋ, ਕੀ ਤੁਸੀਂ ਕੋਈ ਅਜਿਹਾ ਬੁੱਤ ਬਣਾ ਸਕਦੇ ਹੋ, ਜਿਸ ਵਿੱਚ ਭੂਤਕਾਲ ਅਤੇ ਭਵਿੱਖ ਦੋਵੇਂ ਵਰਤਮਾਨ ਦੀ ਗੋਦੀ ਵਿੱਚ ਮਰੇ ਹੋਏ ਹਨ ਅਤੇ ਪਾਗਲ ਹੋਇਆ ਵਰਤਮਾਨ ਨੂੰ ਇਧਰ-ਉਧਰ ਦੇਖ ਰਿਹਾ ਹੈ, ਯਕੀਨ ਮੰਨੋ ਇਹ ਤੁਹਾਡਾ ਸ਼ਾਹਕਾਰ ਬੁੱਤ ਹੋਵੇਗਾ।"

ਇਸ ਤੋਂ ਪਹਿਲਾਂ ਕਿ ਮੂਰਤੀਕਾਰ ਕੋਈ ਜਵਾਬ ਦਿੰਦਾ, ਲੇਖਕ ਦੇ ਫ਼ੋਨ ਦੀ ਘੰਟੀ ਵੱਜੀ, ਸੁਣ ਕੇ ਲੇਖਕ ਨੇ ਕਿਹਾ, "ਮਾਫ਼ ਕਰਨਾ, ਮੇਰੀ ਪਤਨੀ ਦੀ ਤਬੀਅਤ ਥੋੜੀ ਵਿਗੜ ਗਈ ਹੈ, ਮੈਨੂੰ ਜਾਣਾ ਪਵੇਗਾ।"

ਅਤੇ ਅਲਵਿਦਾ ਕਹਿਣ ਲਈ, ਉਸਨੇ ਮੂਰਤੀਕਾਰ ਵੱਲ ਆਪਣਾ ਹੱਥ ਵਧਾਇਆ। ਮੂਰਤੀਕਾਰ ਦੇ ਹੱਥਾਂ ਵਿਚ ਇਕ ਕੰਬਣੀ ਜਿਹੀ ਛਿੜ ਗਈ। ਉਸ ਨੇ ਲੇਖਕ ਨੂੰ ਦੂਰ ਤੱਕ ਜਾਂਦੇ ਹੋਏ ਦੇਖਿਆ ਜਦੋਂ ਤੱਕ ਉਹ ਨਜ਼ਰਾਂ ਤੋਂ ਔਝਲ ਨਹੀਂ ਹੋ ਗਿਆ ਸੀ, ਪਰ ਮੂਰਤੀਕਾਰ ਨੂੰ ਆਪਣੇ ਹੱਥ ਤੇ ਉਸ ਦੇ ਠੰਡੇ ਹੱਥਾਂ ਦੀ ਛੋਹ ਚਿੰਬੜੀ ਹੋਈ ਮਹਿਸੂਸ ਹੋ ਰਹੀ ਸੀ।

ਮੂਰਤੀਕਾਰ ਨੂੰ ਮਹਿਸੂਸ ਹੋਇਆ ਕਿ ਲੇਖਕ ਦੇ ਅੰਦਰ ਕੁਝ ਮਰਿਆ ਹੋਇਆ ਹੈ, ਪਰ ਉਹ ਇਹ ਨਹੀਂ ਸਮਝ ਸਕਿਆ ਕਿ ਲੇਖਕ ਉਸ ਮੁਰਦੇ ਨੂੰ ਵੀ ਆਪਣੇ ਅੰਦਰ ਜ਼ਿੰਦਾ ਰੱਖਣਾ ਚਾਹੁੰਦਾ ਹੈ।

**84372-78289**

## ਮੁਆਫ ਕਰੀਂ ਕਵਿਤਾ / ਗੁਰਮੀਤ ਕੜਿਆਲਵੀ



ਕਵਿਤਾ !
ਮੈਂ ਤੇਰਾ ਸੁਹਿਰਦ ਪੁੱਤ ਨਹੀਂ ਹਾਂ
ਤੂੰ ਧੜਕਦੀ ਏਂ
ਮਜ਼ਲੂਮਾਂ,ਮਹਿਰੂਮਾਂ,ਨਿਮਾਣਿਆਂ ਨਿਤਾਣਿਆਂ ਤੇ
ਕਿਰਤੀਆਂ ਦੀ ਧੜਕਣ ਨਾਲ
ਮੈਂ ਮਹਿਬੂਬਾ ਦੇ ਅਲਿੰਗਨ 'ਚੋਂ ਹੀ
ਬਾਹਰ ਨਹੀਂ ਨਿਕਲਦਾ .

ਕਵਿਤਾ !
ਤੂੰ ਬਾਬੇ ਦੀ ਬਾਣੀ ਬਣ ਕੇ
ਵੰਗਾਰ ਦਿੰਨੀ ਏਂ 'ਬਾਬਰਾਂ ਤੇ ਜ਼ਾਬਰਾਂ ਨੂੰ
ਮੈਂ ! ਝੋਲੀ ਅੱਡ
''ਬਾਬਰਾਂ'' ਦੇ ਤਖਤ ਦੀ ਪਰਿਕਰਮਾਂ
ਕਰਦਿਆਂ
ਇਨਾਮ-ਸਨਮਾਨ ਦੀ ਖੈਰ ਮੰਗਦਾ ਹਾਂ
ਆਪਣੀ ਗੈਰਤ ਛਿੱਕੇ 'ਤੇ ਟੰਗਦਾ ਹਾਂ

ਕਵਿਤਾ!
ਜਦੋਂ ਮੈਂ ਨਿੱਕਾ ਜਿਹਾ ਸਾਂ
ਤੂੰ ਲੋਰੀ ਬਣ ਸੁਆਉਂਦੀ ਰਹੀ
ਫਿਰ ਮੇਰੇ ਅੰਦਰ ਜ਼ਜ਼ਬਾਤ ਮਚਲੇ
ਤੂੰ ਇਹਨਾਂ ਮਘਦੇ ਜ਼ਜ਼ਬਾਤਾਂ ਨੂੰ
ਲਰਜਦੀ ਜ਼ੁਬਾਨ ਦਿਤੀ
ਮੈ ਭਰਿਆ-ਭੁਕੰਨਿਆ ਮਰਦ
ਤੈਨੂੰ ਹਥਿਆਰ ਬਣਾ
ਠਾਰਦਾ ਰਿਹਾ ਆਪਣੇ ਅੰਦਰਲੀ ਅਗਨੀ
ਉੱਡਦਾ ਰਿਹਾ ਨਵੇਂ ਆਕਾਸ਼ਾਂ ਵੱਲ

ਕਵਿਤਾ !
ਮੈਂ ਪਾਕ ਪਵਿਤਰ ਸ਼ਬਦਾਂ ਨੂੰ
ਜ਼ਿਬਾਹ ਕਰਦਾ ਰਿਹਾ
ਨਿਸ ਦਿਨ ਕਿਰਦਾ ਰਿਹਾ ਭੁਰਦਾ ਰਿਹਾ
ਅਣਆਈ ਮੌਤੇ ਮਰਦਾ ਰਿਹਾ

ਕਵਿਤਾ !
ਤੂੰ ਮੈਨੂੰ ਵਰਜਦੀ ਰਹੀ ਸਮਝਾਉਂਦੀ ਰਹੀ
ਮੇਰੀਆਂ ਮਿਸਕ-ਮੀਣੀਆ ਹਰਕਤਾਂ 'ਤੇ
ਮੰਦ -ਮੰਦ ਮੁਸਕਰਾਉਂਦੀ ਰਹੀ

ਮੈਂ ਮੁਨਕਰ ਹੋਇਆ ਰਿਹਾ
ਤੇਰੀਆਂ ਸਮਝੌਣੀਆਂ ਤੋਂ
ਕਵੀ, ਸ਼ਰੋਮਣੀ ਕਵੀ, ਰਾਜ ਕਵੀ ਤੇ
ਮਹਾਂਕਵੀ ਬਣ ਰਾਜਧਾਨੀ ਦੇ
ਆਜ਼ਾਦੀ ਜਸ਼ਨਾ ਦਾ ਹਿੱਸਾ ਬਣਿਆ ਰਿਹਾ
ਤੂੰ ਮੈਨੂੰ ਲੋਕਾਂ ਨਾਲ ਖੜਨ ਲਈ ਕਿਹਾ
ਮੈਂ ਉਹਨਾਂ ਵੱਲ ਪਿੱਠ ਕਰੀ ਰੱਖੀ

ਕਵਿਤਾ !
ਜਦੋਂ ਤੂੰ ਸਿਸਕਦੀ ਤੇ ਧੁਖਦੀ ਸੈਂ
ਮੈਂ ਛਾਤੀ 'ਤੇ ਸਨਮਾਨ ਚਿੰਨ
ਸਜਾਉਣ 'ਚ ਮਗਨ ਸਾਂ
ਜਦੋਂ ਤੇਰੇ ਹੱਥਾਂ 'ਚ ਮਘਦੀ
ਸੂਹੀ ਲਾਟ ਸੀ ਮੈਂ ਬੁਝੇ ਚਿਰਾਗਾਂ ਦੀ
ਹੋਣੀ ਹੰਡਾਉਂਦਾ ਸਾਂ ਤੇ ਆਪਣੇ ਲਾਸ਼ ਹੋਣ ਦਾ
ਮਾਤਮ ਮਨਾਉਂਦਾ ਸਾਂ

ਕਵਿਤਾ !
ਮੇਰੇ ਜਿਹਿਆਂ ਵਲੋਂ ਤੈਨੂੰ
ਵਾਰ ਵਾਰ ਜਿਬਾਹ ਕਰਨ ਦੇ ਬਾਵਜੂਦ
ਤੂੰ ਅਮਰ-ਅਜ਼ਲ ਏਂ
ਤੇ ਮੈਂ ਆਪਣੇ ਸੈਕੜੇ ਤਮਗਿਆਂ ਨਾਲ ਵੀ
ਬਦਬੂ ਮਾਰਦੀ ਜ਼ਿੰਦਾ ਲਾਸ਼

ਕਵਿਤਾ!
ਮੈਨੂੰ ਹੁਣ ਪਤਾ ਲੱਗਾ ਕਿ
ਰਾਜਧਾਨੀ ਲੇਖਕ ਨੂੰ
ਦਾਤਣ ਵਾਂਗ ਵੀ ਚਿੱਥ ਕੇ ਸੁੱਟ ਦਿੰਦੀ ਹੈ
ਮੇਰੀ ਹੋਂਦ ਨੈਪਕਿੰਨ ਤੋਂ ਵੱਧ ਨਹੀਂ
ਮੈਂ ਹੁਣ ਸੋਚਦਾ ਹਾਂ ਕਿ
ਆਪਣੇ ਲੋਕਾਂ ਨਾਲ ਖੜਦਾ ਤਾਂ
ਕਵਿਤਾ ਵਾਂਗ ਹੀ
ਅਮਰ-ਅਜ਼ਲ ਹੁੰਦਾ

ਕਵਿਤਾ ! ਮੁਆਫ ਕਰੀਂ
ਮੈਂ ਤੇਰਾ ਸੁਹਿਰਦ ਪੁੱਤ ਨਹੀਂ ਹਾਂ
ਤੂੰ ਧੜਕਦੀ ਏਂ
ਮਜ਼ਲੂਮਾਂ ਮਹਿਰੂਮਾ, ਨਿਮਾਣਿਆ ਨਿਤਾਣਿਆ
ਤੇ ਕਿਰਤੀਆਂ ਦੀ ਧੜਕਣ ਨਾਲ
ਮੈਂ ਮਹਿਬੂਬਾ ਦੇ ਅਲਿੰਗਨ 'ਚੋਂ ਹੀ
ਬਾਹਰ ਨਹੀਂ ਨਿਕਲਦਾ।

## ਮੌਲਿਕ ਪਛਾਣ / ਕਾਂਤਾ ਰਾਏ, ਭੋਪਾਲ



"ਤੁਸੀਂ ਆਪਣਾ ਪਤਾ ਦੱਸੋ, ਇੱਕ ਕਿਤਾਬ ਭੇਜਣੀ ਹੈ ਤੁਹਾਨੂੰ।"
"ਮੇਰਾ ਪਤਾ ਨੋਟ ਕਰੋ, ਦੱਸਦੀ ਹਾਂ,
ਰਮਾਂ ਸਿੰਘ ਪਤਨੀ - ਰਾਮ ਬਹਾਦਰ ਸਿੰਘ
2-15,110/2,
ਬੇਲਾਪੁਰ "ਇੱਕ ਗੱਲ ਪੱਛਾ, ਬੁਰਾ ਤਾਂ ਨਹੀਂ ਮੰਨੋਗੇ ਤੁਸੀਂ?" "ਬਿਲਕੁੱਲ ਨਹੀਂ ਜੀ, ਬੇਝਿਜਕ ਪੁੱਛੋ।"
"ਤੁਸੀਂ ਡਾਕ ਪਤੇ ਵਿਚ 'ਪਤਨੀ -ਰਾਮ ਬਹਾਦਰ ਸਿੰਘ' ਕਿਉਂ ਬੋਲਿਆ?"
"ਖਾਨਦਾਨੀ ਪਛਾਣ ਤਾਂ ਉਨ੍ਹਾਂ ਦੀ ਹੈ ਇੱਥੇ, ਇਸੇ ਕਰਕੇ।"
"ਕਿੰਨ੍ਹੇ ਦਿਨਾਂ ਤੋਂ ਇੱਥੇ ਇਸ ਘਰ ਵਿੱਚ ਰਹਿ ਰਹੇ ਹੋ ਤੁਸੀਂ?"
"ਜਦੋਂ ਤੋਂ ਵਿਆਹ ਹੋਇਆ ਹੈ ਉਦੋਂ ਤੋਂ ਹੀ।"
"ਵਿਆਹ ਨੂੰ ਕਿੰਨਾ ਚਿਰ ਹੋਇਆ?" "ਹੁਣ ਤਾਂ ਬੱਚਿਆਂ ਦੇ ਵਿਆਹ ਦੀ ਉਮਰ ਵੀ ਹੋ ਗਈ ਐ, ਸੋਨੂੰ ਵਿਆਹ ਦੇ ਪਹਿਲੇ ਸਾਲ ਹੀ ਹੋ ਗਿਆ ਸੀ।"
"ਚੰਗੀ ਤਰ੍ਹਾਂ ਦੱਸੋ ਕਿੰਨਾਂ ਸਮਾਂ ਹੋਇਆ?"
"ਉਂਗਲਾਂ ਤੇ ਗਿਣ ਕੇ ਦੱਸ ਰਹੀ ਹਾਂ.... ਪੂਰੇ 25 ਸਾਲ ਹੋ ਗਏ ਨੇ...... ਵਿਆਹ ਨੂੰ। "25 ਸਾਲ ਤਾਂ ਬਹੁਤ ਹੁੰਦੇ ਨੇ, ਇੱਕ ਜਗ੍ਹਾਂ ਤੇ ਰਹਿਣ ਲਈ।" "ਹਾਂ ਇਹ ਤਾਂ ਹੈ।"
"ਕੀ ਇੰਨ੍ਹਾਂ 25 ਸਾਲਾਂ ਵਿਚ ਵੀ ਲੋਕ ਇੱਥੇ ਤੁਹਾਨੂੰ ਤੁਹਾਡੇ ਨਾਂ ਨਾਲ ਨਹੀਂ ਜਾਣਦੇ।ਪਤੀ ਦੀ ਪਛਾਣ ਦੱਸਣ ਦੀ ਜਰੂਰਤ ਪੈਂਦੀ ਹੈ?" "ਜਾਣਦੇ ਤਾਂ ਹੋਣਗੇ, ਮੈਂ ਉਨ੍ਹਾਂ ਦੇ ਨਾਂ ਬਿਨਾਂ ਕਦੇ ਕੁਝ ਮੰਗਵਾਇਆ ਹੀ ਨਹੀਂ।"
"ਇੱਕ ਵਾਰ ਤੁਸੀਂ ਆਪਣੇ ਨਾਂ, ਪਛਾਣ ਤੇ ਡਾਕ ਮੰਗਵਾ ਕੇ ਦੇਖੋ, ਚੰਗਾ ਲੱਗੇਗਾ।"

## ਡਿਊਟੀ / ਡਾ. ਸ਼ੀਲ ਕੌਸ਼ਿਕ, ਸਿਰਸਾ



ਰਾਧਿਕਾ ਜਦੋਂ ਵੀ ਸਵੇਰੇ ਦੀ ਸੈਰ ਤੇ ਜਾਂਦੀ ਤਾਂ ਉਸਨੂੰ ਦਿਨ ਨਿਕਲਣ ਤੇ ਵੀ ਸੜਕ ਤੇ ਜਗਦੀਆਂ ਲਾਈਟਾਂ ਨੂੰ ਦੇਖ ਕੇ ਬਹੁਤ ਤਕਲੀਫ਼ ਹੁੰਦੀ। ਉਹ ਸੋਚਦੀ ਇਕ ਪਾਸੇ ਤਾਂ ਸਰਕਾਰ ਬਿਜਲੀ ਦੀ ਘਾਟ ਦਾ ਰੋਣਾ ਰੋਂਦੀ ਹੈ। ਲੰਬੇ ਲੰਬੇ ਬਿਜਲੀ ਦੇ ਕੱਟ ਲਗਦੇ ਹਨ ਅਤੇ ਦੂਜੇ ਪਾਸੇ ਏਵੇਂ ਬਿਜਲੀ ਦੀ ਬਰਬਾਦੀ ਹੁੰਦੀ ਰਹਿੰਦੀ ਹੈ। ਜੇਕਰ ਉਸ ਨੂੰ ਪਤਾ ਲਗ ਜਾਵੇ ਕਿ ਫਾਲਤੂ ਚਲਦੀਆਂ ਇਹਨਾਂ ਲਾਈਟਾਂ ਦੀ ਸੁਚ ਕਿਥੇ ਹੈ ਤਾਂ ਉਹ ਖੁਦ ਬੰਦ ਕਰ ਦਿੰਦੀ।
ਇਕ ਦਿਨ ਇਕ ਆਦਮੀ ਬਿਜਲੀ ਦੇ ਖੰਭੇ ਤੇ ਲੱਗਿਆ ਬਕਸਾ ਖੋਲ੍ਹ ਰਿਹਾ ਸੀ। ਰਾਧਿਕਾ ਨੇ ਉਸ ਤੋਂ ਪੁੱਛਿਆ, "ਭਾਈ, ਕੀ ਤੈਨੂੰ ਪਤਾ ਐ ਕਿ ਇਹ ਲਾਈਟਾਂ ਕਿੱਥੋਂ ਬੰਦ ਹੁੰਦੀਆਂ ਨੇ?"
"ਉਹੀ ਤਾਂ ਮੈਂ ਕਰ ਰਿਹਾ ਹਾਂ। ਇਹ ਰਿਹਾ ਇਹਨਾਂ ਦਾ ਸਵਿੱਚ।" ਉਸ ਨੇ ਲਾਈਟਾਂ ਬੰਦ ਕਰਦੇ ਹੋਏ ਕਿਹਾ।
"ਭਾਈ, ਤੂੰ ਲਾਇਟਾਂ ਬੰਦ ਕਰਨ ਏਨੀ ਲੇਟ ਕਿਉਂ ਆਉਦੈ? ਪਤਾ ਨਹੀਂ ਲਗਦਾ ਕਿੰਨੀ ਬਿਜਲੀ .....।"
ਰਾਧਿਕਾ ਅਜੇ ਕਹਿ ਹੀ ਰਹੀ ਸੀ ਕਿ ਉਹ ਝੱਟ ਬੋਲਿਆ , "ਤੈਨੂੰ ਇਹਦੇ ਨਾਲ ਕੀ? ਜਦੋਂ ਮੇਰੀ ਨੀਂਦ ਖੁੱਲਦੀ ਹੈ ਤਾਂ ਬੰਦ ਕਰ ਜਾਂਦਾ ਹਾਂ।"
ਰਾਧਿਕਾ ਚੁੱਪ ਚਾਪ ਉਸ ਨੂੰ ਜਾਂਦੇ ਹੋਏ ਦੇਖਦੀ ਰਹੀ।
ਹੁਣ ਸਵੇਰੇ ਸੈਰ ਤੇ ਗਈ ਰਾਧਿਕਾ ਜਦੋਂ ਵੀ ਲਾਈਟਾਂ ਜਗਦੀਆਂ ਦੇਖਦੀ ਤਾਂ ਖੁਦ ਹੀ ਉਨ੍ਹਾਂ ਬੁਝਾ ਦਿੰਦੀ।

## ਬਰਫ਼ੀ / ਸੁਭਾਸ਼ ਨੀਰਵ



ਉਹ ਦਿੱਲੀ ਏਅਰ ਪੋਰਟ ਤੇ ਉਤਰਿਆ। ਬਾਹਰ ਆ ਕੇ ਪਹਿਲਾਂ ਮੋਬਾਇਲ ਤੇ ਕਿਸੇ ਨਾਲ ਗੱਲ ਕੀਤੀ ਅਤੇ ਫੇਰ ਨੇੜੇ ਦੇ ਹੋਟਲ ਲਈ ਟੈਕਸੀ ਫੜ ਲਈ। ਉਹ ਅਕਸਰ ਅਜਿਹਾ ਹੀ ਕਰਦਾ ਹੈ। ਜਦੋਂ ਵੀ ਇੰਡੀਆ ਦਸ ਪੰਦਰਾਂ ਦਿਨਾਂ ਦੇ ਲਈ ਆਉਂਦਾ ਹੈ, ਨਿਊਯਾਰਕ ਤੋਂ ਦਿੱਲੀ ਦੀ ਫਲਾਇਟ ਲੈਂਦਾ ਹੈ। ਦਿੱਲੀ ਇਕ ਰਾਤ ਸਟੇਅ ਕਰਕੇ ਅਗਲੇ ਦਿਨ ਮੁੰਬਈ ਦੇ ਲਈ ਦੂਜੀ ਫਲਾਇਟ ਫੜਦਾ ਹੈ। ਮੁੰਬਈ ਵਿਚ ਉਹਦਾ ਘਰ ਹੈ। ਮਾਤਾ ਪਿਤਾ ਹਨ, ਪਤਨੀ ਹੈ, ਛੋਟੀ ਭੈਣ ਹੈ ਜਿਹੜੀ ਅਲੱਗ ਰਹਿੰਦੀ ਹੈ।
ਹੋਟਲ ਦੇ ਆਪਣੇ ਕਮਰੇ ਵਿਚ ਜਦੋਂ ਪਹੁੰਚਿਆ ਰਾਤ ਦੇ ਅੱਠ ਵਜ ਰਹੇ ਸਨ। ਉਹ ਨਹਾ ਧੋ ਕੇ ਫਰੈਸ਼ ਹੋਣਾ ਚਾਹੁੰਦਾ ਸੀ ਕਿ ਉਦੋਂ ਹੀ ਬੈੱਲ ਵੱਜੀ। ਦਰਵਾਜਾ ਖੋਲਿਆ। ਸਾਹਮਣੇ ਨਜ਼ਰ ਪੈਂਦਿਆ ਹੀ ਉਹਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਉਭਰ ਆਈਆਂ। ਅਜਨਬੀ ਲੜਕੀ ਨੇ ਵੀ ਆਪਣੀ ਘਬਰਾਹਟ ਨੂੰ ਤੁਰੰਤ ਝਟਕਿਆ।
"ਦੇਖਿਆ ਫੜ ਲਿਆ ਨਾ। ਮੈਂ ਤੁਹਾਨੂੰ ਹੋਟਲ ਵਿਚ ਵੜਦਿਆ ਅਤੇ ਇਸ ਕਮਰੇ ਵਿਚ ਆਉਂਦੇ ਦੇਖ ਲਿਆ ਸੀ। ਸੋਚਿਆ ਪਿੱਛਾ ਕਰਦੀ ਹਾਂ।" "ਸ਼ਿਖਾ! ਤੂੰ ਇੱਥੇ?"
"ਹੂੰਅ... ਹੈਰਾਨ ਕਿਉਂ ਹੁੰਦੇ ਹੋ? ਕੱਲ ਮੁੰਬਈ ਦਿੱਲੀ ਦੀ ਚਾਰ ਵਜੇ ਵਾਲੀ ਫਲਾਇਟ ਤੋਂ ਉੱਤਰੀ ਸੀ। ਅੱਜ ਰਾਤ ਦੀ

ਫਲਾਇਟ ਤੋਂ ਵਾਪਸ ਮੁੰਬਈ। ਅਕਸਰ ਇਸੇ ਹੋਟਲ ਵਿਚ ਰੁਕਣਾ ਹੁੰਦਾ ਹੈ, ਅਗਲੀ ਡਿਊਟੀ ਤੇ ਜਾਣ ਤਕ।"

"ਬਈ ਮੈਂ ਤਾਂ ਭੁੱਲ ਹੀ ਗਿਆ ਸੀ ਕਿ ਤੂੰ ਦੋ ਸਾਲ ਤੋਂ ਏਅਰ ਲਾਈਨਸ ਵਿਚ ਜਾੱਬ ਕਰ ਰਹੀ ਹੈ।" ਉਹਨੇ ਆਪਣੇ ਆਪ ਨੂੰ ਠੀਕ ਕਰਦੇ ਹੋਏ ਕਿਹਾ।

"ਪਰ ਤੁਸੀਂ ਕਦੇ ਦੱਸ ਕੇ ਇੰਡੀਆ ਨਹੀਂ ਆਉਂਦੇ। ਕੋਈ ਫੋਨ ਹੀ ਕਰ ਲਿਆ ਕਰੋ।"

"ਮੈਨੂੰ ਸਰਪ੍ਰਾਈਜ ਦੇਣ ਦੀ ਆਦਤ ਹੈ ਨਾ। ਚੱਲ ਛੱਡ, ਘਰੇ ਸਭ ਠੀਕ ਨੇਂ? ਜਾਂਦੀ ਰਹਿੰਨੀ ਐ ਮੰਮੀ ਪਾਪਾ ਨੂੰ ਮਿਲਣ?"

"ਮਹੀਨੇ ਦੋ ਮਹੀਨਿਆਂ ਵਿਚ ਇਕ ਦੋ ਵਾਰੀ ਚਲੀ ਹੀ ਜਾਂਦੀ ਹਾਂ। ਤੁਸੀਂ ਦੱਸੋ ਕਿਵੇਂ ਚਲ ਰਿਹਾ ਹੈ ਯੂ.ਐਸ.ਏ. ਵਿਚ। ਅਤੇ ਕਦੋਂ ਬੁਲਾ ਰਿਹਾ ਹੈ ਭਾਬੀ ਨੂੰ ਆਪਣੇ ਕੋਲ?"

"ਠੀਕ ਹੈ, ਗਰੀਨ ਕਾਰਡ ਮਿਲ ਜਾਵੇ ਤਾਂ ਉਹਨੂੰ ਵੀ ਬੁਲਾ ਲਵਾਂਗਾ ਆਪਣੇ ਕੋਲ।" "ਮੰਮੀ ਪਾਪਾ ਦੇ ਕੋਲ ਕਦੋਂ ਪਹੁੰਚ ਰਹੇ ਹੋ?"

"ਕੱਲ ਦਿਨ ਵਿਚ ਇੱਥੇ ਕੁਝ ਕੰਮ ਹੈ, ਇਸ ਕਰਕੇ ਇੱਥੇ ਰੁਕਣਾ ਪਿਆ। ਕੱਲ ਸ਼ਾਮ ਦੀ ਫਲਾਇਟ ਤੋਂ ਮੈਂ ਮੁੰਬਈ ਪਹੁੰਚ ਰਿਹਾ ਹਾਂ।" "ਚੰਗਾ ਵੀਰੇ ਚਲਦੀ ਹਾਂ ... ਰਾਤ ਦਸ ਵਜੇ ਮੇਰੀ ਫਲਾਇਟ ਹੈ।" "ਓ.ਕੇ. ਬਾਏ....।" "ਬਾਏ।"

ਸ਼ਿਖਾ ਦੇ ਜਾਂਦੇ ਹੀ ਉਹਨੇ ਮੋਬਾਇਲ ਤੇ ਫੋਨ ਮਿਲਾਇਆ।

"ਸਰ! ਕੀ ਬਰਫੀ ਪਹੁੰਚੀ ਨਹੀਂ ਅਜੇ ਤਕ।" ਉੱਧਰੋਂ ਆਵਾਜ਼ ਆਈ। "ਏਹ ਤੂੰ ...?" ਉਹ ਤੜਫਿਆ।

"ਕੀ ਹੋਇਆ ਸਰ! ਪਸੰਦ ਨਹੀਂ ਆਈ? ਦੂਜੀ ਭੇਜਦਾ ਹਾਂ।"

"ਨਹੀਂ ਰਹਿਣ ਦੇ ਹੁਣ ... ਇੰਡੀਆ ਤੋਂ ਮੁੜਦੇ ਸਮੇਂ ਦੇਖਾਂਗਾ।" ਉਹਨੇ ਝਟਕੇ ਨਾਲ ਫੋਨ ਬੰਦ ਕੀਤਾ ਅਤੇ ਫਰੈਸ਼ ਹੋਣ ਲਈ ਬਾਥਰੂਮ ਵਿਚ ਵੜ ਗਿਆ।

## ਪਾਣੀ / ਸੀਮਾ ਜੈਨ, ਗਵਾਲੀਅਰ



ਮੇਰੀ ਮਾਂ ਪਾਣੀ ਭਰਨ ਲਈ ਹੀ ਵਿਆਹ ਕੇ ਲਿਆਂਦੀ ਗਈ ਸੀ। ਰਾਜਸਥਾਨ ਦੇ ਪਿੰਡਾਂ ਵਿਚ ਜੋ ਵਿਅਕਤੀ ਥੋੜਾ ਖਰਚ ਉਠਾ ਸਕਦਾ ਹੈ, ਉਹ ਦੋ ਵਿਆਹ ਕਰਾ ਲੈਂਦਾ ਹੈ। ਇਕ ਪਤਨੀ ਚੰਗੇ ਪਰਿਵਾਰ ਤੋਂ, ਘਰ ਵਿਚ ਰਾਜ ਕਰਨ ਲਈ; ਦੂਜੀ ਪਤਨੀ ਗਰੀਬ ਪਰਿਵਾਰ ਤੋਂ, ਪਾਣੀ ਭਰਨ ਲਈ। ਅਜਿਹਾ ਕਰਨਾ ਨੌਕਰ ਰੱਖਣ ਤੋਂ ਸਸਤਾ ਜੋ ਪੈਂਦਾ ਸੀ। ਮਾਂ ਸਵੇਰੇ ਤਿੰਨ ਵਜੇ ਉੱਠਦੀ, ਕੋਹਾਂ ਦੂਰ ਤੋਂ ਪਾਣੀ ਲਿਆਉਂਦੀ ਤੇ ਫਿਰ ਦਿਨ ਭਰ ਘਰ ਦੇ ਕੰਮਾਂ ਵਿਚ ਲੱਗੀ ਰਹਿੰਦੀ।

ਮਾਂ ਦੇ ਸੁਬਾ ਹਨੇਰੇ ਉੱਠ ਜਾਣ ਕਾਰਨ ਮੈਂ ਵੀ ਛੇਤੀ ਉੱਠ ਜਾਂਦਾ ਸੀ। ਤਦੇ ਮਿਹਨਤ ਕਰਕੇ ਮੈਂ ਪੜ੍ਹ-ਲਿਖ ਗਿਆ। ਕਾਰ ਚਲਾਉਂਦਿਆਂ ਵਾਰ ਵਾਰ ਮਾਂ ਦੀ ਗੱਲ ਯਾਦ ਆ ਰਹੀ ਸੀ'ਬੇਟੇ, ਮਨ ਲਾ ਕੇ ਪੜ ਲੈ, ਪੜਾਈ ਹੀ ਤੇਰੇ ਕੰਮ ਆਊਗੀ।'

ਦੋ ਸਾਲ ਬਾਅਦ ਪਿੰਡ ਜਾ ਰਿਹਾ ਹਾਂ, ਮਾਂ ਨੂੰ ਲਿਆਉਣ ਵਾਸਤੇ। ਹੁਣ ਮਾਂ ਸ਼ਹਿਰ ਵਿਚ ਮੇਰੇ ਨਾਲ ਹੀ ਰਹੇਗੀ। ਸਵੇਰੇ ਚਾਰ ਵਜੇ ਪਿੰਡ ਪਹੁੰਚਿਆ। ਮਾਂ ਘਰ ਨਹੀਂ ਮਿਲੀ। ਧਿਆਨ ਆਇਆ, ਉਹ ਤਾਂ ਪਾਣੀ ਲੈਣ ਗਈ ਹੋਵੇਗੀ। ਹੱਡੀਆਂ ਜਮਾ ਦੇਣ ਵਾਲੀ ਠੰਡ ਸੀ। ਸਰਦ ਹਨੇਰੇ ਵਿਚ ਮੈਂ ਕਾਰ ਪਾਣੀ ਵਾਲੇ ਰਾਹ ਉੱਤੇ ਭਜਾ ਲਈ। ਪਿਛਲੇ ਪੱਚੀਆਂ ਵਰਿਆਂ ਤੋਂ ਮਾਂ ਕਿੰਨਾ ਔਖਾ ਜੀਵਨ ਜਿਊਂ ਰਹੀ ਹੈ। ਸੋਚ ਲਿਆ ਸੀ, ਅੱਜ ਤੋਂ ਬਾਅਦ ਮਾਂ ਕਦੇ ਵੀ ਇਸ ਸੁੰਨੇ ਰਾਹ ਤੋਂ ਪਾਣੀ ਲੈਣ ਲਈ ਨਹੀਂ ਜਾਵੇਗੀ। ਮੈਨੂੰ ਦੇਖ ਕੇ ਮਾਂ ਨੇ ਮੈਨੂੰ ਛਾਤੀ ਨਾਲ ਲਾ ਲਿਆ। ਬੋਲੀ "ਇੱਥੇ ਕਿਉਂ ਆਇਐਂ ਲਾਲਤਾ ? ਕਿੰਨੀ ਠੰਡ ਹੈ। ਚੱਲ ਘਰ ਚੱਲ, ਮੈਂ ਪਾਣੀ ਲੈ ਕੇ ਆਉਂਦੀ ਹਾਂ।"

ਮੈਂ ਮਾਂ ਦਾ ਹੱਥ ਫੜ ਕੇ ਕਿਹਾ "ਮਾਂ, ਇਹ ਘੜਾ ਇੱਥੇ ਹੀ ਛੱਡ ਤੇ ਮੇਰੇ ਨਾਲ ਘਰ ਚੱਲ।"

ਮਾਂ ਲਈ ਪਾਣੀ ਦਾ ਘੜਾ ਛੱਡਣਾ ਕਿਸੇ ਅਚਰਜ ਤੋਂ ਘੱਟ ਨਹੀਂ ਸੀ, ਉਹ ਬੋਲੀ "ਬੇਟੇ, ਫੇਰ ਸਾਰਾ ਦਿਨ"

ਮੈਂ ਮਾਂ ਨੂੰ ਵਿਚਕਾਰ ਹੀ ਟੋਕਦਿਆਂ ਕਿਹਾ "ਉਹਨਾਂ ਨੂੰ ਇਕ ਦਿਨ ਬਿਨਾ ਪਾਣੀ ਦੇ ਵੀ ਰਹਿਣ ਦੇ ਮਾਂ!"

ਵਿਧਵਾ ਮਾਂ ਨੂੰ ਆਪਣੇ ਨਾਲ ਲੈ ਕੇ ਸ਼ਹਿਰ ਆ ਗਿਆ। ਸੁਸਾਇਟੀ ਵਿਚ ਮੇਰਾ ਫਲੈਟ ਸੀ, ਸਾਰੀਆਂ ਸਹੂਲਤਾਂ ਵਾਲਾ। ਸ਼ਾਮੀਂ ਮਾਂ ਨੂੰ ਆਪਣੇ ਨਾਲ ਸਵਿਮਿੰਗ ਪੂਲ ਲੈ ਗਿਆ। ਉੱਥੇ ਮਾਂ ਉਦਾਸ ਹੋ ਗਈ। ਲੋਕਾਂ ਨੂੰ ਤੈਰਦਾ ਦੇਖ ਉਹ ਰੋਣ ਲੱਗ ਪਈ। ਘਰ ਪਹੁੰਚ ਕੇ ਮੈਂ ਮਾਂ ਨੂੰ ਪੁੱਛਿਆ "ਕੀ ਗੱਲ ਮਾਂ, ਤੂੰ ਉਦਾਸ ਕਿਉਂ ਹੋਗੀ?"

ਮਾਂ ਨੇ ਦਰਦ ਭਰੀ ਆਵਾਜ਼ ਵਿਚ ਕਿਹਾ, "ਜਿਸ ਚਾਰ ਘੜੇ ਪਾਣੀ ਨੇ ਪੂਰੀ ਜ਼ਿੰਦਗੀ ਦਾ ਸੁੱਖ ਖੋਹ ਲਿਆ, ਉਸ ਪਾਣੀ ਦਾ ਇਹ ਹਾਲ"

## ਹੋਮ ਹੈਪੀ ਹੋਮ / ਅੰਜੂ ਖਰਬੰਦਾ



ਨੇਹਾ ਇੱਕ ਦਿਨ ਬੱਚਿਆਂ ਨੂੰ ਪੜ੍ਹਾ ਰਹੀ ਸੀ। ਇਕ ਕਵਿਤਾ ਵਿਚ ਦਾਦਾ ਦਾਦੀ ਨਾਨਾ ਨਾਨੀ ਦੀ ਗੱਲ ਆਈ ਤਾਂ ਰੇਨੇਸਾਂ ਨੇ ਨੇਹਾ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੇ ਹੋਏ ਕਿਹਾ,'ਮੰਮਾ ਘਰ ਵਿਚ ਦਾਦਾ ਦਾਦੀ ਦੀ ਫੋਟੋ ਹੈ ਪਰ ਨਾਨਾ ਨਾਨੀ ਦੀ ਕਿਉਂ ਨਹੀਂ ?'

ਉਸਦੀ ਗੱਲ ਸੁਣਕੇ ਰੋਹਨ ਜ਼ੋਰ ਜ਼ੋਰ ਨਾਲ ਹੱਸਣ ਲੱਗਿਆ ਤੇ ਬੋਲਿਆ,' ਬੁੱਧੂ ਤੈਨੂੰ ਏਨਾ ਵੀ ਨਹੀਂ ਪਤਾ. ਇਹ ਘਰ ਪਾਪਾ ਦਾ ਹੈ ਤਾਂ ਪਾਪਾ ਦੇ ਮੰਮੀ ਪਾਪਾ ਦੀ ਫੋਟੋ ਹੀ

ਲੱਗੇਗੀ ਨਾ ? ਕਿਉਂ ਪਾਪਾ ?

ਕੋਲ ਹੀ ਬੈਠੇ ਪਤੀ ਦੇਵ ਨੇ ਨੇਹਾ ਦੇ ਵੱਲ ਦ੍ਰਿੜ੍ਹਤਾ ਨਾਲ ਦੇਖਦੇ ਕਿਹਾ,'ਜਿੰਨਾ ਇਹ ਘਰ ਮੇਰਾ ਹੈ ਓਨਾ ਹੀ ਤੁਹਾਡੀ ਮੰਮੀ ਦਾ ਵੀ ਹੈ.'

ਇੰਨਾ ਕਹਿ ਕੇ ਉਹ ਉਠ ਕੇ ਜਾਣ ਲੱਗਿਆ ਤਾਂ ਨੇਹਾ ਨੇ ਪੁੱਛਿਆ,'ਕਿਧਰ ਚੱਲੇ ਇਕ ਦਮ?'

'ਬੱਚਿਆਂ ਦਾ ਸਵਾਲ ਵਾਜਿਬ ਹੈ ਤਾਂ ਜਵਾਬ ਵੀ ਵਾਜਿਬ ਹੋਣਾ ਚਾਹੀਦਾ ਹੈ. ਤੂੰ ਆਪਣੇ ਮੰਮੀ ਪਾਪਾ ਦੀ ਇਕ ਵਧੀਆ ਜਿਹੀ ਫੋਟੋ ਲੱਭ ਕੇ ਰੱਖ,ਮੈਂ ਅੱਜ ਹੀ ਫਰੇਮ ਕਰਵਾ ਕੇ ਲਿਆਉਂਦਾ ਹਾਂ।

## ਡਿਊਟੀ / ਅਰਚਨਾ ਮਿਸ਼ਰਾ



ਨੀਲਮ ਦੀ ਬੇਬਾਕੀ ਤੋਂ ਪੂਰਾ ਸਟਾਫ਼ ਵਾਕਿਫ਼ ਸੀ। ਭਾਵੇਂ ਕਸਟਮਰ ਨੂੰ ਜਵਾਬ ਦੇਣਾ ਹੋਵੇ ਜਾਂ ਬਰਾਂਚ ਮੈਨੇਜਰ ਨੂੰ, ਉਸਨੂੰ ਭੋਰਾ ਵੀ ਡਰ ਨਹੀਂ ਸੀ ਲੱਗਦਾ। ਕੋਈ ਉਨ੍ਹੂੰ ਕੁਝ ਕਹਿਣ ਦਾ ਹੌਂਸਲਾ ਨਾਲ ਕਰਦਾ। ਉਂਜ ਵੀ ਇਸ ਨੌਕਰੀ ਵਿਚ ਦੋਸਤੀ ਨਿਭਾਉਣ ਦਾ ਸਮਾਂ ਨਹੀਂ ਹੁੰਦਾ. ਦੂਜਾ ਉਹ ਲੰਚ ਵੇਲੇ ਬਾਹਰ ਚਲੀ ਜਾਂਦੀ ਤੇ ਕਈ ਵਾਰ ਪੰਜ ਦਸ ਮਿੰਟ ਦੇਰੀ ਨਾਲ ਵਾਪਿਸ ਆਉਂਦੀ। ਪਰ ਕਿਸੇ ਦੀ ਮਜਾਲ ਸੀ ਕਿ ਉਸਨੂੰ ਕੋਈ ਟੋਕ ਜਾਵੇ। ਸਾਰਿਆਂ ਨੂੰ ਪਤਾ ਸੀ ਕਿ ਉਸਦੇ ਪਤੀ ਖਾਣਾ ਖਾਣ ਘਰ ਆਉਂਦੇ ਹਨ। ਕਈ ਬਾਰ ਤਾਂ ਉਸ ਨੂੰ ਉਨ੍ਹਾਂ ਦੋਹਾਂ ਦਾ ਪਿਆਰ ਦੇਖ ਕੇ ਮਨ ਹੀ ਮਨ ਈਰਖਾ ਵੀ ਹੁੰਦੀ। ਪਰ ਅੱਜ ਨੀਲਮ ਨੂੰ ਲੰਚ ਰੂਮ ਵਿਚ ਦੇਖ ਕੇ ਉਸਨੂੰ ਬਹੁਤ ਹੈਰਾਨੀ ਹੋਈ।

'ਕੀ ਗੱਲ ਹੋਈ ਅੱਜ ਇੱਥੇ ਲੰਚ? 'ਹਾਂ' 'ਤਾਂ ਹੁਣ ਘਰ ਨਹੀਂ ਜਾਵੋਗੇ ?' 'ਨਹੀਂ ਯਾਰ ਹੁਣ ਜਾਣ ਦੀ ਜਰੂਰਤ ਨਹੀਂ '

'ਕਿਉਂ ' 'ਪਤੀ ਦਾ ਟਰਾਂਸਫਰ ਬਾਹਰ ਹੋ ਗਿਆ ਹੈ' 'ਉਹ ਫੇਰ ਤਾਂ ਰੋਜ਼ ਮਿਸ ਕਰੋਗੇ'

'ਨਹੀਂ ਯਾਰ ਕੋਈ ਮਿਸ ਵਿਸ ਨਹੀਂ। ਹੁਣ ਮੇਰੀ ਡਿਊਟੀ ਖਤਮ' 'ਮਤਲਬ ?'

'ਮੈਂ ਤਾਂ ਲੰਚ ਵਿਚ ਘਰ ਇਸ ਲਈ ਜਾਂਦੀ ਸੀ ਕਿਉਂਕਿ ਮੇਰੇ ਪਤੀ ਤੇ ਕੰਮ ਵਾਲੀ ਬਾਈ ਦੋਵੇਂ ਉਸੇ ਵੇਲੇ ਆਉਂਦੇ ਸਨ।'

ਕਹਿ ਕੇ ਉਸਨੇ ਨਜ਼ਰਾਂ ਨੀਵੀਆਂ ਕਰ ਲਈਆਂ।

## ਪਿੰਜਰਾ / ਜਸਬੀਰ ਢੰਡ



ਦੋ ਤਿੰਨ ਦਿਨਾਂ ਤੋਂ ਬੇਹੱਦ ਗਰਮੀ ਪੈ ਰਹੀ ਸੀ। ਉਹ ਟੀਵੀ ਮੂਹਰੇ ਬੈਠਾ ਖ਼ਬਰਾਂ ਸੁਣ ਰਿਹਾ ਸੀ। ਅਚਾਨਕ ਬਹੁਤ ਤੇਜ਼ ਹਨੇਰੀ ਚੱਲਣ ਦੀ ਆਵਾਜ਼ ਦੇ ਨਾਲ ਹੀ ਬੂਹੇ-ਬਾਰੀਆਂ ਤਾੜ-ਤਾੜ ਖੜਕਣ ਲੱਗੇ। ਕਾਲੀ-ਬੋਲੀ ਹਨੇਰੀ ਦੇ ਨਾਲ ਆਸਮਾਨ 'ਤੇ ਘਟਾ-ਟੋਪ ਛਾ ਗਈ। ਸ਼ਾਹ ਕਾਲੇ ਬੱਦਲਾਂ ਨੇ ਦਿਨੇ ਹੀ ਰਾਤ ਪਾ ਦਿੱਤੀ ਸੀ। ਫੇਰ ਸ਼ੈੱਡ ਦੀ ਟੀਨ ਦੀ ਛੱਤ ਤੋਂ ਜ਼ੋਰ-ਜ਼ੋਰ ਦੀ ਕਣੀਆਂ ਡਿੱਗਣ ਦੀ ਆਵਾਜ਼ ਆਈ। ਵੇਖਦੇ ਹੀ ਵੇਖਦੇ ਮੋਹਲੇਧਾਰ ਮੀਂਹ ਪੈਣ ਲੱਗ ਪਿਆ। ਉਸ ਨੂੰ ਅੰਦਰ ਹੁੰਮਸ ਮਹਿਸੂਸ ਹੋਈ। ਟੀਵੀ ਬੰਦ ਕਰਕੇ ਉਹ ਜਾਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਬਾਹਰ ਬਾਲਕਨੀ ਦੀ ਛੱਤ ਹੇਠ ਪਈ ਮੰਜੀ 'ਤੇ ਬੈਠ ਗਿਆ। ਬਾਹਰ ਦਾ ਨਜ਼ਾਰਾ ਹੀ ਹੋਰ ਸੀ।

ਮੀਂਹ ਦੀ ਠੰਢੀ ਹਵਾ ਦੇ ਛਰਾਟਿਆਂ ਨੇ ਪਿਛਲੇ ਦਿਨਾਂ ਦੀ ਗਰਮੀ ਨੂੰ ਦੂਰ ਭਜਾ ਦਿੱਤਾ ਸੀ। ਬੱਦਲ ਪੂਰੇ ਜ਼ੋਰ ਦੀ ਗੜ੍ਹਕ ਰਿਹਾ ਸੀ। ਬਿਜਲੀ ਵਾਰ-ਵਾਰ ਬੱਦਲਾਂ ਵਿਚਦੀ ਚਮਕਦੀ ਤੇ ਨਾਲ ਦੀ ਨਾਲ ਜ਼ੋਰਦਾਰ ਗੜਗੜਾਹਟ ਹੁੰਦੀ। ਮੀਂਹ ਦੀਆਂ ਠੰਢੀਆਂ ਫੁਹਾਰਾਂ ਉਸ ਉਪਰ ਪੈ ਰਹੀਆਂ ਸਨ। ਉਹ ਚੱਪਲਾਂ ਲਾਹ ਕੇ ਮੰਜੀ 'ਤੇ ਲੱਤਾਂ ਲਮਕਾ ਕੇ ਬੈਠ ਗਿਆ। ਫਰਸ਼ 'ਤੇ ਤੇਜ਼ ਵਗਦੇ ਪਾਣੀ ਵਿਚ ਉਹ ਨੰਗੇ ਪੈਰਾਂ ਨਾਲ ਛਪ-ਛਪ ਕਰਨ ਲੱਗਾ। ਅਕਹਿ ਆਨੰਦ ਦੀ ਅਵਸਥਾ ਵਿਚ ਗੜੂੰਦ ਉਹ ਕੁਦਰਤ ਦੇ ਬਲਿਹਾਰੇ ਜਾ ਰਿਹਾ ਸੀ। ਅਜੇ ਪੰਜਰਾਂ ਕੁ ਮਿੰਟ ਹੀ ਹੋਏ ਸਨ ਕਿ ਪਤਨੀ ਦੀ ਤੇਜ਼ ਆਵਾਜ਼ ਨਾਲ ਤ੍ਰਭਕ ਗਿਆ।

"ਪੱਖਾ ਚੱਲਦਾ ਹੀ ਛੱਡ ਆਏ। ਹਜ਼ਾਰ ਵਾਰ ਕਹਿ-ਕਹਿ ਕੇ ਥੱਕ ਗਈ, ਪਰ ਤੁਹਾਡੇ 'ਤੇ ਕੋਈ ਅਸਰ ਨਹੀਂ ਹੁੰਦਾ। ਭਕਾਵੀ ਰੱਖੀ ਆਂ ਮੈਂ ਤਾਂ ਸਾਰੇ ਟੱਬਰ ਦੀ!" ਉਹ ਭਰੀ-ਪੀਤੀ ਢਾਕਾਂ 'ਤੇ ਹੱਥ ਧਰੀ ਉਸ ਦੇ ਸਿਰਹਾਣੇ ਖੜ੍ਹੀ ਸੀ। "ਨਾਲੇ ਆਹ ਮੀਂਹ 'ਚ ਭਿੱਜੀ ਜਾਨੇ ਓ। ਨਾਲੇ ਮੰਜੀ ਭਿੱਜੀ ਜਾਂਦੀ ਐ। ਤੁਹਾਨੂੰ ਤਾਂ ਕੋਈ ਪਤਾ ਈ ਨਹੀਂ ਲੱਗਦਾ। ਪਤਾ ਨਹੀਂ ਹਰ ਵੇਲੇ ਕੀਹਦੇ ਖਿਆਲਾਂ 'ਚ ਗੁਆਚੇ ਰਹਿੰਨੇ ਓ?" ਅਜਿਹੇ ਮੌਕਿਆਂ 'ਤੇ ਉਹ ਕੁਝ ਨਹੀਂ ਬੋਲਦਾ। ਕਿਸੇ ਮੁਜਰਮ ਵਾਂਗ ਚੁੱਪਚਾਪ ਕਟਹਿਰੇ ਵਿਚ ਖੜ੍ਹਾ ਰਹਿੰਦਾ ਹੈ। ਉਸ ਨੂੰ ਇੰਜ ਜਾਪਿਆ ਜਿਵੇਂ ਕਿਸੇ ਨੇ ਬਹਿਸ਼ਤ ਵਿਚੋਂ ਧੱਕਾ ਦੇ ਕੇ ਧਰਤੀ 'ਤੇ ਪਟਕਾ ਮਾਰਿਆ ਹੋਵੇ।

ਮੀਂਹ ਉਵੇਂ ਜਿਵੇਂ ਪੈ ਰਿਹਾ ਸੀ, ਬੱਦਲ ਉਵੇਂ ਜਿਵੇਂ ਗੜ੍ਹਕ ਰਿਹਾ ਸੀ, ਬਿਜਲੀ ਉਵੇਂ ਜਿਵੇਂ ਚਮਕ ਰਹੀ ਸੀ, ਪਰ ਹੁਣ ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ। ਕੁਦਰਤ ਦਾ ਉਹ ਸਾਰਾ ਤਲਿਸਮ ਜੋ ਕੁਝ ਸਮਾਂ ਪਹਿਲਾਂ ਉਸ ਨੂੰ ਸ਼ਰਸ਼ਾਰ ਕਰ ਰਿਹਾ ਸੀ, ਇਕਦਮ ਕਿਧਰੇ ਛਾਈਂ-ਮਾਈਂ ਹੋ ਗਿਆ ਸੀ। ਉਸ ਨੂੰ ਇੰਜ ਜਾਪਿਆ ਜਿਵੇਂ ਦੋ ਦਿਨ ਪਹਿਲਾਂ ਵਾਲੀ ਧੁੱਪ ਅਤੇ ਲੋਅ ਉਸ ਦਾ ਪਿੰਡਾ ਲੂਹ ਰਹੀ ਹੋਵੇ!

## ਗ਼ਜ਼ਲਾਂ / ਸ਼ਾਇਰ ਭੱਟੀ



### ਗ਼ਜ਼ਲ

ਅਪਣੀ ਹਰ ਗਲਤੀ ਤੇ ਭੁਗਤਾਨ ਬੜੇ ਕੀਤੇ ਨੇ।
ਆਪਾਂ ਖੁਦ ਹੀ ਅਪਣੇ ਨੁਕਸਾਨ ਬੜੇ ਕੀਤੇ ਨੇ।

ਝੁੱਲੀ ਇਸ਼ਕ ਹਨੇਰੀ ਅੱਗ ਬਲੀ ਵਿਚ ਸੀਨੇ ਦੇ,
ਤੇ ਹੁਸਨ ਨੇ ਚੋਬਰ ਬੇਈਮਾਨ ਬੜੇ ਕੀਤੇ ਨੇ।

ਇਤਿਹਾਸ ਗਵਾਹੀ ਭਰਦਾ ਹੈ, ਹਰਦਮ ਇਸ ਗੱਲ ਦੀ,
ਇਸ਼ਕ ਲਈ, ਆਸ਼ਕ ਨੇ ਘਮਸਾਨ ਬੜੇ ਕੀਤੇ ਨੇ।

ਉਸ ਨੇ ਦਿਲ ਵਾਲੀ ਦੌਲਤ ਸੀ ਵਾਰੀ ਕਈਆਂ ਤੋਂ,
ਤੇ ਕਈਆਂ ਤੇ ਉਸ ਨੇ ਅਹਿਸਾਨ ਬੜੇ ਕੀਤੇ ਨੇ।

ਅਸਲ ਚਲਾਨ ਤਾਂ ਹੋਣਾ ਚਾਹੀਦਾ ਹੈ ਉੱਨ੍ਹਾਂ ਦਾ,
ਜਿੰਨ੍ਹਾਂ ਨੇ ਨਿਰਦੋਸ਼ਾਂ ਦੇ ਚਲਾਨ ਬੜੇ ਕੀਤੇ ਨੇ।

ਕੁਝ ਨਾ ਕੁਝ ਹਰਜ਼ਾਨਾਂ ਆਵੇ ਉਹਦੇ ਹਿੱਸੇ ਵੀ,
ਜਿਹਨੇ ਦਿਲ ਦੇ ਵਿਹੜੇ ਵੀਰਾਨ ਬੜੇ ਕੀਤੇ ਨੇ।

ਦੁਨੀਆ ਨੂੰ ਲੁੱਟਣ ਵਾਲੇ ਕੁਝ ਸ਼ਾਤਰ ਲੋਕਾਂ ਹੀ,
ਪੱਥਰਾਂ ਤੇ ਨਾਮ ਲਿਖਾ ਕੇ ਦਾਨ ਬੜੇ ਕੀਤੇ ਨੇ।

ਭੱਟੀ ਤੇਰੇ ਬਿਆਨਾਂ ਨੂੰ ਏਥੇ ਕੌਣ ਸੁਣੇ ਗਾ,
ਦੁਸ਼ਮਣ ਨੇ ਹਰ ਥਾਂ ਤੇ ਗੁਣਗਾਨ ਬੜੇ ਕੀਤੇ ਨੇ।

### ਗ਼ਜ਼ਲ

ਅਸੀਂ ਰੁੱਖਾਂ ਜਿਹੇ ਹਾਂ ਵੇਖ ਓਸੇ ਥਾਂ ਖੜ੍ਹੇ ਹਾਂ।
ਤੇਰੀ ਖ਼ਾਤਰ ਤੁਫ਼ਾਨਾਂ ਨਾਲ ਹਰ ਰੁੱਤੇ ਲੜੇ ਹਾਂ।

ਜਰਾਂਗੇ ਹੱਸ ਕੇ ਹਰ ਵਾਰ ਤੇਰਾ ਯਾਰ ਵੇਖੀਂ,
ਹਵਾ ਵਾਂਗਰ ਮੁਹੱਬਤ ਵਿਚ ਅਸੀਂ ਜ਼ਿੱਦੀ ਬੜੇ ਹਾਂ।

ਤਲੀ ਉੱਤੇ ਟਿਕਾਈ ਜਾਨ ਫਿਰਦੇ ਹਾਂ ਕਰੀਂ ਗ਼ੌਰ,
ਨਾ ਸੋਚੀਂ ਇਸ਼ਕ ਦੀ ਪੌੜੀ ਬੜੀ ਸੌਖੀ ਚੜ੍ਹੇ ਹਾਂ।

ਤੇਰੇ ਕਰ ਕੇ ਪਛਾਣਨ ਲੋਕ ਅਣਜਾਣੇ ਵੀ ਸਾਨੂੰ,
ਤੇਰੇ ਕਰਕੇ ਰਕੀਬਾਂ ਦੀ ਅਸੀਂ ਨਜ਼ਰੀਂ ਚੜ੍ਹੇ ਹਾਂ।

ਗਿਆ ਕਿਉਂ ਦੂਰ ਸਾਥੋਂ , ਜਾਣ ਲੱਗੇ ਦੱਸ ਤੇ ਜਾਂਦਾ,
ਅਸੀਂ ਕਦ ਦੇ ਪਰੇਸ਼ਾਨੀ ’ਚ ਬੁੱਤ ਬਣ ਕੇ ਖੜ੍ਹੇ ਹਾਂ।

ਨਿਵਾਰਨ ਪੀੜ ਸਾਡੀ ਦਾ ਕਦੋਂ ਹੋਣਾ ਪਤਾ ਨਈਂ,
ਦਿਨਾਂ ਦੀ ਖੇਡ ਹੈ ਭੱਟੀ ਅਸੀਂ ਤਿੜਕੇ ਘੜੇ ਹਾਂ।

### ਗ਼ਜ਼ਲ

ਐ ਦੁਨੀਆਂ ਦੇ ਮਾਲਕ ਐਸੀ ਕਿਰਪਾ ਕਰ ਦੇਹ
ਏਸ ਉਦਾਸੇ ਮੌਸਮ ਵਿੱਚ ਤੂੰ ਖੁਸ਼ੀਆਂ ਭਰ ਦੇਹ

ਹੋ ਜਾਵਾਂ ਅਪਣੀ ਮਾਂ ਦੇ ਪਰਛਾਵੇਂ ਵਰਗਾ,
ਤੂੰ ਰੱਬਾ ਏਦਾਂ ਦਾ ਕੋਈ ਮੈਨੂੰ ਵਰ ਦੇਹ

ਜਿੰਨ੍ਹਾਂ ਦੇ ਹੱਥਾਂ ਵਿੱਚ ਮਿਹਨਤ ਦੇ ਅੱਟਣ ਹਨ,
ਰੱਬਾ ਉੱਨ੍ਹਾਂ ਹੱਥਾਂ ਉੱਤੇ ਖੁਸ਼ੀਆਂ ਧਰ ਦੇਹ।


ਜਿਹੜੇ ਦੁਖ ਵੰਡਾਉਂਦੇ ਧਰਤੀ ਤੇ ਲੋਕਾਂ ਦਾ,
ਉਹਨਾਂ ਨੂੰ ਧਰਤੀ ਉੱਤੇ ਸੋਹਣਾ ਘਰ ਦੇਹ।

ਮਿਹਨਤ ਸਾਡੀ ਨੂੰ ਏਨਾ ਫਲ ਲਾ ਦੇ ਰੱਬਾ,
ਸਾਡੀ ਹਿੰਮਤ ਨੂੰ ਤੂੰ ਦੂਣ ਸਵਾਈ ਕਰ ਦੇਹ।

ਛੱਡ ਬੁਰੇ ਕੰਮਾਂ ਨੂੰ ਸੋਚਣ ਚੰਗਾ ਚੰਗਾ
ਰੱਬਾ ਬੇਈਮਾਨੀ ਨੂੰ ਕੋਈ ਤਾਂ ਡਰ ਦੇਹ।

ਮਿਲ ਬਹਿ ਜਿੱਥੇ ਸਾਰੀ ਦੁਨੀਆ ਹੱਸੇ ਖੇਡੇ,
ਤੂੰ ਰੱਬਾ ਕੋਈ ਇੰਤਜ਼ਾਮ ਅਜੇਹਾ ਕਰ ਦੇਹ।

## ਨਹੀਂ ਮੰਜ਼ੂਰ ਪਿੱਤਰ ਸੱਤਾ / ਕੁਲਵਿੰਦਰ ਚਾਵਲਾ



ਬਰਾਬਰੀ ਦਾ ਦੇ ਹੋਕਾ
ਉਹ ਮੇਰੇ ਅੱਗੇ ਤੁਰਦਾ
ਮੈਨੂੰ ਆਪਣੇ ਕਦਮਾਂ ਉੱਤੇ
ਚੱਲਣ ਦੀ ਤਾਕੀਦ ਕਰਦਾ
ਮੇਰੀ ਹੌਲੀ ਰਫਤਾਰ 'ਤੇ
ਤੰਨਜ਼ ਕੱਸਦਾ
ਮੇਰੀਆਂ ਖਾਮੀਆਂ ਗਿਣਦਾ
ਆਪਣੀਆਂ ਵੱਡੀਆਂ ਪੁਲਾਘਾਂ 'ਤੇ
ਗੁਮਾਨ ਕਰਦਾ ਬਿਨਾਂ ਪਿਛਾਂਹ ਵੇਖੇ
ਅਗਾਂਹ ਪੈਰ ਧਰਦਾ

ਮੈਂ ਥਾਂਏ ਖਲੋਤੀ
ਉਸਦਾ ਆਖਿਆ ਸੁਣਦੀ
ਮਨ ਹੀ ਮਨ ਦੁਹਰਾਉਂਦੀ
ਅੰਦਰੋਂ ਅੰਦਰੀ ਟੁੱਟਦੀ
ਇੱਕ ਵੀ ਪੁਲਾਂਘ ਅੱਗੇ ਨਾ ਪੁੱਟਦੀ
ਸੋਚਦੀ;ਸੋਚਦੀ; ਸਿਰਫ ਸੋਚਦੀ
ਪਿੱਤਰ ਸੱਤਾ' 'ਤੋਂ
ਪਿੱਛਾ ਛੁਡਾਉਣਾ ਲੋਚਦੀ

ਸ੍ਵੈ 'ਤੇ ਵਿਸ਼ਵਾਸ ਕਰਦੀ
ਇੱਕ ਨਵੀਂ ਰਾਹ 'ਤੇ ਪੈਰ ਧਰਦੀ
ਲੰਮੀਆਂ ਪੁਲਾਂਘਾਂ ਭਰਦੀ
ਬਿਨਾਂ ਉਸ ਵੱਲ ਵੇਖਿਆਂ
ਉਸਦੇ ਕੋਲੋਂ ਗੁਜ਼ਰਦੀ
ਰਫਤਾਰ ਤੇਜ਼ ਕਰਦੀ
ਅੱਗੇ; ਅੱਗੇ; ਹੋਰ ਅੱਗੇ ਵਧਦੀ
ਉਸਦੀਆਂ ਛੱਡੀਆਂ ਪੈੜਾਂ ਦੇ
ਬਿਲਕੁਲ ਸਮਾਨਾਂਤਰ
ਆਪਣੀਆਂ ਪੈੜਾਂ ਦੀ
ਡੂੰਘੀ ਛਾਪ ਛੱਡਦੀ
ਆਪਣੀ ਪਿੱਠ ਉੱਤੇ
ਥਾਪੜਾ ਮਾਰਦੀ
ਪਿੱਤਰ ਸੱਤਾ ਨਕਾਰਦੀ।

## ਆਫ ਸਾਇਡ / ਸੰਦੀਪ ਸ਼ਰਮਾ

ਭੁੱਲਣਾ ਤਾਂ ਮੇਰੇ ਸੁਭਾਅ 'ਚ ਹੀ ਸੀ
ਹੱਸਣ, ਰੋਣ, ਪਿਆਰ ਕਰਨ ਵਾਂਗ

ਭੁੱਲਣਾ ਉਵੇਂ ਹੈ ਜਿਵੇਂ ਨਹੁੰ ਵਧਦੇ ਨੇ
ਜਿਵੇਂ ਨਿੱਛ ਮਾਰਦਾਂ
ਜਿਵੇਂ ਉਬਾਸੀ ਲੈਂਦਾ ਹਾਂ

ਨਾਂ ਸ਼ਹਿਰ, ਪਿੰਡ, ਗਰਾਂ
ਜਾਤ, ਨਸਲ, ਦੇਸ਼, ਰੋਸਾ, ਈਰਖਾ



ਸਭ ਯਾਦ ਰੱਖਣ ਨਾਲ਼ ਆਏ
ਯਾਦ ਰੱਖਣਾ ਮੈਂ
ਅਭਿਆਸ ਨਾਲ ਸਿੱਖਿਆ ਹੈ

ਅਭਿਆਸ ਨਾਲ ਹੋਰੂੰ ਹੋ ਜਾਨਾਂ ਮੈਂ
ਕੈਮਰੇ ਵੱਲ ਸੁਚੇਤ ਹੋ
ਕੇ ਖਿਚਾਈ ਫੋਟੋ ਵਰਗਾ

ਭੁੱਲਦਾ ਹੋਇਆ
ਆਪੇ ਵੱਲ ਮੁੜਦਾਂ
ਭੁੱਲਣ ਦਾ ਕੋਈ
ਅਭਿਆਸ ਨਹੀਂ ਹੈ

ਸਮਝ ਨਹੀਂ ਅਭਿਆਸ
ਕਾਹਦੇ ਲਈ
ਕਰ ਰਿਹਾ ਹਾਂ।

## ਡਰਿਆ ਨਾ ਕਰ / ਚਰਨਜੀਤ ਸਮਾਲਸਰ

ਡਰਿਆ ਨਾ ਕਰ ਖੁਦ ਨੂੰ ਦੁੱਖਾਂ ਦੀ
ਸਲੀਬ 'ਤੇ ਚਾੜ੍ਹ ਕੇ
ਅੰਬਰ ਵੀ ਮਿਣਿਆ ਕਰ
ਪਿੰਜਰੇ 'ਚੋਂ ਬਾਹਰ
ਖੰਭਾਂ ਨੂੰ ਖਿਲਾਰ ਕੇ।

ਇਹ ਧਰਤੀ ਅੰਬਰ
ਚੰਨ ਸੂਰਜ ਤੇ ਤਾਰੇ
ਤੇਰੇ ਹੋਵਣਗੇ ਸਾਰੇ,
ਸੰਸਿਆਂ ਦਾ ਚੰਦੋਆ
ਵੇਖ ਖਾਂ ਥੱਲੇ ਉਤਾਰ ਕੇ

ਏਸ ਅੱਗ ਨੇ ਪਾਣੀ ਹੋ ਜਾਣਾ ਹੈ
ਗਾਉਣਾ ਬਿਰਖਾਂ ਨੇ ਤਰਾਨਾ ਹੈ
ਖਿੜਕੀ ਤਾਂ ਖੋਲ੍ਹ
ਨੈਣਾਂ ਤੋਂ ਚਸ਼ਮਾ ਉਤਾਰ ਕੇ।

ਤੂੰ! ਤੂੰ ਨਈਂ ਹੋਵੇਂਗਾ
ਕੁਝ ਹੋਰ ਈ ਹੋਵੇਂਗਾ,
ਕਦੇ ਗਲ ਤਾਂ ਲਾਵੀਂ
ਸੁੱਚੇ ਪਾਣੀਆਂ ਨੂੰ,
ਇਹ ਤੇਰੇ ਹੋਵਣਗੇ
ਜਦੋਂ ਆਇਆ ਤੂੰ
'ਮੈਂ' ਨੂੰ ਮਾਰ ਕੇ।

ਇਹ ਹੱਦਾਂ ਸਰਹੱਦਾਂ
ਭਟਕਣਾ ਤੇ ਮੰਜ਼ਿਲ ਸਭ ਮੁੱਕ ਜਾਣੇ
ਜ਼ਖ਼ਮ ਹਰੇ ਵੀ ਸੁੱਕ ਜਾਣੇ
ਕਦੇ ਚੇਤਿਆਂ 'ਚੋਂ ਵੇਖ
ਦੁੱਖਾਂ ਨੂੰ ਨਿਤਾਰ ਕੇ।



## ਹਿੰਦੀ ਕਵਿਤਾਵਾਂ

### ਨੀਂਦ / ਕੌਸ਼ਲ ਕਿਸ਼ੋਰ



ਮੇਰੀ ਨੀਂਦ ਗੁਆਚ ਗਈ ਹੈ
ਰੁੱਸ ਕੇ ਘਰ ਬਦਲ ਲਿਆ ਹੈ
ਉਸਦੇ ਨਾਲ ਮੇਰੇ ਸੁਪਨੇ ਵੀ
ਚਲੇ ਗਏ ਹਨ
ਰਾਤ ਰਾਤ ਭਰ ਇੰਤਜ਼ਾਰ ਕਰਦਾ ਹਾਂ
ਪਰ ਉਹ ਆਉਂਦੀ ਨਹੀਂ

ਲਾਕਡਾਊਨ ਵਿਚ ਹਾਂ
ਬਾਹਰ ਘੁੰਮ ਨਹੀਂ ਸਕਦਾ
ਉਥੇ ਵਾਇਰਸ ਆਪਣੇ
ਸ਼ਿਕਾਰ ਦੀ ਭਾਲ ਵਿਚ ਹੈ
ਇਹ ਸਰੀਰ ਹੈ ਕਈ
ਬਿਮਾਰੀਆਂ ਦਾ ਘਰ
ਇਕ ਡਰ ਹੈ ਜਿਸਨੇ ਮਨ ਵਿਚ ਬਸਾ
ਲਿਆ ਹੈ ਡੇਰਾ
ਦਿਨਾਂ ਦੀ ਕੀ ਜੀਵਨ
ਦੀ ਤਰਤੀਬ ਹੀ ਬਦਲ ਗਈ ਹੈ

ਰਾਤ ਹਨ੍ਹੇਰੇ ਵਿਚ ਕੱਟਦੀ ਹੈ
ਕੁਝ ਪੜ੍ਹਨਾ ਚਾਹੁੰਦਾ ਹਾਂ
ਪਰ ਪੜ੍ਹ ਨਹੀਂ ਸਕਦਾ
ਮਨ ਉਚਾਟ ਹੋਣ
ਲੱਗਦਾ ਤਾਂ ਕੁਝ ਦੇਰ
ਮੀਡੀਆ ਵਿਚ ਘੁੰਮ ਆਉਂਦਾ ਹਾਂ
ਗੱਲਾਂ ਕਰ ਆਉਂਦਾ ਹਾਂ
ਪਰਤ ਆਉਂਦਾ ਹਾਂ ਤੇ
ਬੈਠ ਜਾਂਦਾ ਹਾਂ ਉਸਦੇ ਕੋਲ

ਉਹ ਸੌਂ ਰਹੀ ਹੁੰਦੀ ਹੈ ਮੈਂ ਜਾਗਦਾ ਹਾਂ
ਉਹ ਨੀਂਦ ਵਿਚ ਹੁੰਦੀ ਹੈ
ਮੈਂ ਨਿਹਾਰਦਾ ਹਾਂ
ਚੇਹਰਾ ਹਨ੍ਹੇਰੇ ਵਿਚ ਵੀ ਚਮਕਦਾ ਹੈ
ਕਾਲੇ ਬੱਦਲਾਂ ਦੇ ਵਿਚਾਲੇ ਚਮਕਦਾ
ਚੰਦ ਨਿਕਲ ਆਇਆ ਹੈ
ਪੱਤਿਆਂ ਦੇ ਵਿਚਾਲੇ
ਫਲ ਝਾਕ ਰਿਹਾ ਹੈ


ਮੈਂ ਹਨ੍ਹੇਰੇ ਦੀ ਭਾਸ਼ਾ ਵਿਚ ਉਸ ਨਾਲ
ਸੰਵਾਦ ਕਰਦਾ ਹਾਂ
ਪਰ ਇਹ ਸਭ ਠੀਕ ਨਹੀਂ ਲੱਗਦਾ
ਕਿ ਕੋਈ ਨੀਂਦ ਵਿਚ ਹੋਵੇ ਤੇ ਮੈਂ
ਸਵਾਰਥੀ ਬਣ ਜਾਵਾਂ

ਉਹ ਕੁਝ ਬੁੜਬੁੜਾਉਂਦੀ ਹੈ
ਬੇਤਰਤੀਬ ਜਿਹੇ
ਸ਼ਬਦ ਨਿਕਲਦੇ ਹਨ
ਮਤਲਬ ਉਸ ਕੋਲ
ਨੀਂਦ ਵੀ ਹੈ ਤੇ ਖਾਬ ਵੀ
ਇਸ ਰੇਗਿਸਤਾਨ ਵਿਚ
ਅਸੀਂ ਤਰਸ ਰਹੇ ਹਾਂ ਬੂੰਦ ਬੂੰਦ ਨੂੰ
ਉਥੇ, ਨਦੀ ਵਹਿ ਰਹੀ ਹੈ
ਜਿਸ ਵਿਚ ਵੇਗ ਵੀ ਹੈ ਤੇ ਧਾਰ ਵੀ।

### ਅਰਥ ਸੰਭਾਵਨਾ / ਸ਼ੁਭਾਸ਼ ਰਾਇ

ਇਕ ਦਿਨ ਮੈਂ
ਇਕ ਸੁਪਨਾ ਦੇਖਿਆ
ਅੰਤਰਿਕਸ਼ ਵਿਚ
ਤਣੀ ਹੋਈ ਰੱਸੀ ਤੇ ਤੁਰਦੇ
ਮੈਂ ਜਾ ਪਹੁੰਚਿਆ ਐਸੇ ਗ੍ਰਹਿ ਤੇ
ਜਿਸ ਨੂੰ ਅਜੇ ਲੱਭਿਆ
ਨਹੀਂ ਗਿਆ ਸੀ

ਇਹ ਦੇਖ ਕੇ ਮੈਨੂੰ ਹੈਰਾਨੀ ਹੋਈ
ਕਿ ਮੇਰੇ ਤੋਂ ਪਹਿਲਾਂ ਧਰਤੀ ਦੇ ਕਈ
ਹੋਰ ਨਾਗਰਿਕ ਉਥੇ ਪਹੁੰਚ ਚੁੱਕੇ ਸਨ
ਉੱਥੇ ਲੋਕ ਗੱਲਾਂ ਕਰ ਰਹੇ ਸਨ



ਇਕ ਅਜਿਹੀ ਭਾਸ਼ਾ ਵਿਚ
ਜਿਸ ਵਿਚ ਕੋਈ ਸ਼ਬਦ ਨਹੀਂ
ਜਿਸਦੀ ਕੋਈ ਲਿੱਪੀ ਨਹੀਂ
ਸਾਰੇ ਲੋਕ ਉਡਾਨ,
ਮੁਕਤੀ, ਪਿਆਰ
ਜੀਵਨ ਤੇ ਮਨੁੱਖਤਾ ਦੇ
ਅਰਥਾਂ ਨਾਲ ਭਰਪੂਰ

ਮਾਫ਼ ਕਰਨਾ ਮੈਂ ਜਿਨ੍ਹਾਂ ਅਰਥਾਂ ਨੂੰ
ਸ਼ਬਦ ਦੇਣ ਦੀ
ਕੋਸ਼ਿਸ਼ ਕਰ ਰਿਹਾ ਹਾਂ
ਉਹ ਉਨ੍ਹਾਂ ਸ਼ਬਦਾਂ ਵਿਚ ਸਮਾਉਂਦੇ
ਨਜਰ ਨਹੀਂ ਆਉਂਦੇ

ਸਚ ਇਹ ਹੈ ਕਿ ਅਰਥਾਂ ਵਿਚ
ਦਾਖਲ ਹੋਣ ਤੋਂ ਬਾਅਦ
ਸ਼ਬਦਾਂ ਦੀ ਜ਼ਰੂਰਤ ਹੀ ਨਹੀਂ ਸੀ
ਰਹਿ ਜਾਂਦੀ
ਇਸ ਲਈ ਜਿਸਨੂੰ ਮੈਂ ਪਿਆਰ
ਕਹਿ ਰਿਹਾ ਹਾਂ
ਉਹ ਪਿਆਰ ਤੋਂ ਵੀ ਗਹਿਰੀ
ਕੋਈ ਸੰਭਾਵਨਾ ਹੋ ਸਕਦੀ ਹੈ
ਜਿਸਨੂੰ ਮੈਂ ਮਨੁੱਖਤਾ
ਕਹਿ ਸਕਦਾ ਹਾਂ
ਉਹ ਕੋਈ ਅਬੁਝ ਮਨੋਭਾਵ ਹੋ
ਸਕਦਾ ਹੈ

ਬਹੁਤ ਸਾਰੀਆਂ ਅਸੰਭਾਵਨਾਵਾਂ
ਸੰਭਵ ਨੇ ਅਰਥਾਂ ਵਿਚ
ਸੁਪਨਿਆਂ ਵਿਚ
ਜੋ ਕੁਝ ਵੀ ਸੰਭਵ ਹੈ
ਉਹ ਸਭ ਸੰਭਵ ਹੈ ਅਰਥਾਂ ਵਿੱਚ।

**ਅਨੁ. ਅ.ਕ.**

## ਉਸਤੋਂ ਬਾਅਦ

ਤੂੰ
ਚਾਹੇ ਜੋ ਕੁਝ ਵੀ
ਲੈ ਲਾ ਮੈਥੋਂ
ਪਰ ਕਵਿਤਾ ਨੂੰ
ਮੇਰੇ ਕੋਲ ਰਹਿਣ ਦੇ
ਉਦੋਂ ਜਦੋਂ
ਸਭ ਕੁਝ ਛੁੱਟ ਜਾਵੇਗਾ
ਤੇ ਸਾਥ ਛੱਡ ਰਹੀਆਂ ਹੋਣਗੀਆਂ
ਸਿਮਰਤੀਆਂ ਵੀ
ਕਵਿਤਾ ਰਹੇਗੀ
ਅਤੇ ਪਹਿਲਾਂ ਦੇ ਵਾਂਗ
ਬੜੀ ਅਪਣੱਤ ਨਾਲ ਉਂਗਲੀ ਫੜੀ
ਨਾਲ ਨਾਲ ਗੱਲਾਂ ਕਰਦੀ
ਤੁਰੇਗੀ
ਮੇਰੇ ਆਖਰੀ ਸਾਹ ਤੱਕ

## ਬੰਦੂਕਾਂ

ਤੁਹਾਨੂੰ ਭਾਵੇਂ ਹੀ ਭਾਉਂਦੀਆਂ ਹੋਣ
ਆਪਣੇ ਖੇਤਾਂ ਵਿੱਚ ਖੜ੍ਹੀ
ਬੰਦੂਕਾਂ ਦੀ ਫ਼ਸਲ
ਪਰ
ਮੈਨੂੰ ਆਨੰਦਿਤ ਕਰਦੀ ਹੈ
ਪੀਲੀ ਪੀਲੀ ਸਰ੍ਹੋਂ
ਤੇ ਦੂਰ ਤੱਕ ਲਹਿਲਹਾਉਂਦੀ
ਕਣਕ ਦੀਆਂ
ਬੱਲੀਆਂ 'ਚੋਂ ਝਰਦਾ ਸੰਗੀਤ
ਤੁਹਾਡੇ ਬੱਚਿਆਂ ਨੂੰ ਸ਼ਾਇਦ
ਲੋਰੀਆਂ ਦਾ ਸੁਖ ਵੀ ਦਿੰਦੀ ਹੋਵੇਗੀ
ਗੋਲੀਆਂ ਦੀ ਗੜਗੜਾਹਟ
ਪਰ ਸੁਣੋ
ਕਦੇ ਖਾਲੀ ਢਿੱਡ ਨਹੀਂ
ਭਰਿਆ ਕਰਦੀਆਂ ਬੰਦੂਕਾਂ
ਸਿਰਫ਼ ਕੁੱਖਾਂ ਨੂੰ ਉਜਾੜਦੀਆਂ ਹਨ.....

## ਰੁਕਦੀ ਨਹੀਂ ਨਦੀ

ਕਦੇ ਕਿਸੇ ਦੇ
ਰੋਕਣ ਨਾਲ
ਨਹੀਂ ਰੁਕਦੀ ਨਦੀ
ਨਾ ਹੀ ਕਿਸੇ ਪੜਾਅ ਤੇ
ਰੁਕਾਵਟ ਤੋਂ ਡਰ ਕੇ
ਦਿਸ਼ਾ ਬਦਲਦੀ ਹੈ
ਨਦੀ ਚੰਚਲ ਹੁੰਦੀ ਹੈ
ਪਰ ਆਪਣੀ ਗੰਭੀਰਤਾ
ਨਹੀਂ ਗੁਆਉਂਦੀ ਕਦੇ
ਮਮਤਾ ਲੁਟਾਉਂਦੀ ਹੈ
ਹਮੇਸ਼ਾ ਬਹੁਤ ਪਿਆਰ ਨਾਲ
ਦੋਹਾਂ ਕਿਨਾਰਿਆਂ ਤੇ
ਮੈਂ ਪੁਲ ਹੋ ਕੇ
ਗਵਾਹ ਹਾਂ
ਉਸਦੀ ਨਿਰੰਤਰਤਾ ਦਾ
ਇਸ ਲਈ ਭਾਉਂਦਾ ਹੈ ਮੈਨੂੰ
ਉਸਨੂੰ ਅਪਲਕ
ਨਿਹਾਰਦੇ ਰਹਿਣਾ
ਨਦੀ
ਜੋ ਦੋਹਾਂ ਕਿਨਾਰਿਆਂ ਨੂੰ
ਦੁਲਾਰਦੀ ਤਾਂ ਹੈ
ਪਰ ਪਾਉਂਦੀ ਨਹੀਂ ਕਿਸੇ ਨਾਲ ਵੀ
ਡੂੰਘਾ ਮੋਹ
ਇਸੇ ਲਈ ਸ਼ਾਇਦ
ਕਦੇ ਰੁਕਦੀ ਨਹੀਂ
ਉਹ ਵਹਿੰਦੀ ਜਾਂਦੀ ਹੈ
ਵਹਿੰਦੀ ਜਾਂਦੀ ਹੈ.....



# ਪਾਕਿਸਤਾਨੀ ਪੰਜਾਬੀ ਕਹਾਣੀ / ਸਲਾਮੀ / ਖ਼ਾਲਿਦ ਫ਼ਰਹਾਦ ਧਾਰੀਵਾਲ

## ਲਿਪੀਅੰਤਰ : ਜਸਪਾਲ ਘਈ



ਕਿਸੇ ਮਰਯਾਦਾ ਦਾ ਖ਼ਾਤਮਾ ਦੁੱਖ ਵਾਲੀ ਗੱਲ ਏ। ਇਕ ਅਜਿਹਾ ਕੰਮ ਜੋ ਕਿਸੇ ਸਮਾਜ ਵਿਚ ਭਲਿਆਈ ਦਾ ਆਧਾਰ ਬਣ ਗਿਆ ਹੋਵੇ, ਉਹਦਾ ਜਾਰੀ ਰਹਿਣਾ ਬਹੁਤ ਜ਼ਰੂਰੀ ਏ। ਪਰ ਮੈਨੂੰ ਇਹ ਦੱਸਦਿਆਂ ਹਿਰਖ ਹੋ ਰਿਹਾ ਏ ਕਿ ਸਾਡੇ ਸ਼ਹਿਰ ਵਿਚ ਅਗਲੇ ਸਾਲ ਇਕ ਅਜ਼ੀਮ ਰਸਮ ਨਹੀਂ ਦੁਹਰਾਈ ਜਾਵੇਗੀ। ਸ਼ਾਇਦ ਤੁਸੀਂ ਆਖੋ ਕਿ ਉਸ ਉੱਤੇ ਰੋਕ ਦਾ ਸਾਰਿਆਂ ਨੂੰ ਰਲ ਕੇ ਵਿਰੋਧ ਕਰਨਾ ਚਾਹੀਦਾ ਏ ਤੇ ਰਸਮ ਦੇ ਪ੍ਰਬੰਧਕ ਦੀ ਗ੍ਰਿਫਤਾਰੀ ਦੀ ਸੂਰਤ ਵਿਚ ਕਿਸੇ ਹੋਰ ਨੂੰ ਅੱਗੇ ਆਉਣਾ ਪਵੇਗਾ।

ਨਹੀਂ, ਅਜਿਹਾ ਕੁਝ ਨਹੀਂ ਜਨਾਬ।

ਨਾ ਤਾਂ ਕਿਸੇ ਨੇ ਰੋਕ ਲਾਈ ਏ ਤੇ ਨਾ ਏਥੇ ਕਿਸੇ ਹੋਰ ਨੂੰ ਪ੍ਰਬੰਧਕ ਬਣਨ ਦੀ ਲੋੜ ਏ। ਸਗੋਂ ਪ੍ਰਬੰਧਕ ਤਾਂ ਬਦਲਿਆ ਹੀ ਨਹੀਂ ਜਾ ਸਕਦਾ। ਹਰ ਸਾਲ ਇਸ ਰਸਮ ਵਿਚ ਪੂਰੇ ਉਤਸ਼ਾਹ ਨਾਲ ਸਾਰਾ ਸ਼ਹਿਰ ਸ਼ਾਮਿਲ ਹੁੰਦਾ ਏ, ਪਰ ਇਹਦੀ ਪੂਰਤੀ ਇੱਕੋ ਆਦਮੀ ਉੱਤੇ ਨਿਰਭਰ ਏ। ਉਹਦੀ ਥਾਂ ਕੋਈ ਦੂਜਾ ਨਹੀਂ ਲੈ ਸਕਦਾ। ਹੈ ਨਾ ਅਜੀਬ ਗੱਲ ! ਲਓ ਮੈਂ ਤੁਹਾਨੂੰ ਪੂਰੀ ਵਾਰਤਾ ਸੁਣਾ ਦਿੰਦਾ ਹਾਂ :

ਸਾਡਾ ਨਿੱਕਾ ਜਿਹਾ ਸ਼ਹਿਰ ਚੌਗੱਤਿਆਂ ਦੇ ਰਾਜ ਵਿਚ ਇਕ ਪਰਗਨਾ ਸੀ, ਜੋ ਅੰਗਰੇਜ਼ਾਂ ਦੇ ਸਮੇਂ ਸੁੰਗੜ ਕੇ ਤਹਿਸੀਲ ਹੈੱਡਕੁਆਰਟਰ ਰਹਿ ਗਿਆ। ਏਸੇ ਸ਼ਹਿਰ ਵਿਚ ਇਕ ਚੌਕ ਏ, ਜਿਸ ਨੂੰ ਸੱਭੇ ਲਾਲ ਚੌਖੰਡੀ ਕਹਿੰਦੇ ਹਨ। ਇਹ ਨਾਂ ਕਿਵੇਂ ਪਿਆ, ਮੈਂ ਅੱਗੇ ਜਾ ਕੇ ਦੱਸਾਂਗਾ। ਓਥੇ ਇਕ ਚੁਬਾਰਾ ਏ, ਜਿਹਦੀ ਸੌੜੀ ਜਿਹੀ ਕੋਠੜੀ ਵਿਚ ਬੈਂਡ ਮਾਸਟਰ ਪਿਆਰੇ ਲਾਲ ਜੀ ਰਹਿੰਦੇ ਹਨ। ਚੁਬਾਰੇ ਦੀ ਬਾਰੀ ਤੋਂ ਹੇਠਾਂ ਬਾਹਰਵਾਰ ਫਿੱਕੀ ਹੋ ਚੁੱਕੀ ਲਿਖਾਈ ਵਾਲਾ 'ਮੌਜੀ ਬੈਂਡ' ਦਾ ਬੋਰਡ ਲਟਕਦਾ ਰਹਿੰਦਾ ਏ। (ਪਹਿਲਾ ਸ਼ਬਦ ਅਸਲ ਵਿਚ 'ਫ਼ੌਜੀ' ਏ, ਉੱਤੋਂ ਬੇਧਿਆਨੀ ਨਾਲ ਥੁੱਕ ਪਾਨ ਦੀ ਪਿਚਕਾਰੀ ਨੇ ਨੁਕਤਾ ਉੜਾ ਛੱਡਿਆ ਏ। ਨੀਝ ਨਾਲ ਵੇਖਿਆਂ ਹੀ ਇਹ ਪਤਾ ਲਗਦਾ ਏ।) ਕਦੇ ਵਿਆਹ ਸ਼ਾਦੀ ਵਿਚ ਜੰਞਾਂ ਨਾਲ ਜਾਂਦੇ ਹੋਣਗੇ। ਖ਼ੈਰ, ਅਸਾਂ ਤੇ ਨਹੀਂ ਡਿੱਠਾ।

ਪਿਆਰੇ ਲਾਲ ਜੀ ਬ੍ਰਿਟਿਸ਼ ਆਰਮੀ ਵਿਚ ਸਨ। ਰਾਜਪੂਤਾਂ ਦੀ ਦੇਖਾ ਦੇਖੀ ਦੋ ਮੀਰਜ਼ਾਦਿਆਂ ਦੇ ਭਰਤੀ ਹੋਣ ਲਈ ਛਾਉਣੀ ਵਿਚ ਅੰਗਰੇਜ਼ ਸਾਹਮਣੇ ਬਹਾਦਰੀ ਦਾ ਇਮਤਿਹਾਨ ਦੇਣ ਦਾ ਲਤੀਫ਼ਾ ਤੁਸਾਂ ਸੁਣਿਆ ਹੋਵੇਗਾ। ਯਕੀਨ ਮੰਨੋ ਉਨ੍ਹਾ ਦੋਵਾਂ ਵਿੱਚੋਂ ਇੱਕ ਤਾਂ ਸਾਡੇ ਏਹੋ ਪਿਆਰੇ ਲਾਲ ਜੀ ਸਨ। ਪਤਲੂਨ ਗੰਦੀ ਹੋਣ ਦੇ ਬਾਵਜੂਦ ਉਨ੍ਹਾ ਨੂੰ ਫ਼ੌਜ ਵਿਚ ਰੱਖ ਲਿਆ ਗਿਆ ਸੀ। ਪਰ ਅੰਗਰੇਜ਼ ਅਫ਼ਸਰ ਨੇ ਉਨ੍ਹਾਂ ਦੇ ਹੱਥ ਲੋਹੇ ਦੀ ਬੰਦੂਕ ਦੇਣ ਦੀ ਬਜਾਏ ਪਿੱਤਲ ਦਾ ਤੂਤਾ ਫੜਾ ਦਿੱਤਾ ਸੀ।

ਤਰੱਕੀ ਕਰਦੇ ਕਰਦੇ ਉਹ ਬੈਂਡ ਮਾਸਟਰ ਬਣ ਗਏ। ਓਧਰ ਦੇਸ਼ ਭਗਤਾਂ ਵੱਲੋਂ ਆਜ਼ਾਦੀ ਦੀ ਲੜਾਈ ਵਿਚ ਜੋਸ਼ ਆ ਗਿਆ ਸੀ ਜਿਹਦਾ ਲਾਜ਼ਮੀ ਅਸਰ ਪਿਆਰੇ ਲਾਲ ਉੱਤੇ ਵੀ ਪਿਆ। ਜਦੋਂ ਲਾਹੌਰ ਵਿਚ ਵਾਇਸਰਾਏ ਦਾ ਪੁਰਜੋਸ਼ ਧੁਨੀਆਂ ਨਾਲ ਸਵਾਗਤ ਕਰਨ ਵਾਲੀ ਮੰਡਲੀ ਵਿਚ ਉਨ੍ਹਾਂ ਦਾ ਨਾਂ ਲਿਖਿਆ ਗਿਆ ਤਾਂ ਉਨ੍ਹਾਂ ਨੇ ਲਾਰਡ ਨੂੰ ਸਲੂਟ ਮਾਰਨੋਂ ਇਨਕਾਰ ਕਰ ਦਿੱਤਾ। ਨਿਯਮ ਦੀ ਇਸ ਉਲੰਘਣ ਪਾਰੋਂ ਉਨ੍ਹਾਂ ਦੀ ਨੌਕਰੀ ਜਾਂਦੀ ਰਹੀ। ਦੇਸ਼ ਭਗਤੀ ਉਨ੍ਹਾ ਦੇ ਸਿਰ ਚੜ੍ਹ ਗਈ ਸੀ। ਹੁਣ ਉਹ ਮੇਲਿਆਂ-ਮੁਸਾਹਬਿਆਂ ਵਿਚ ਭਗਤ ਸਿੰਘ ਦੀ ਘੋੜੀ ਗਾਉਂਦੇ :

'ਆਓ ਨੀ ਭੈਣੋ ਰਲ ਗਾਈਏ ਘੋੜੀਆਂ<br>
ਜੰਞ ਤੇ ਹੋਈ ਏ ਤਿਆਰ ਵੇ ਹਾਂ<br>
ਮੌਤ ਕੁੜੀ ਨੂੰ ਪਰਨਾਵਣ ਚੱਲਿਆ<br>
ਭਗਤ ਸਿੰਘ ਸਰਦਾਰ ਵੇ ਹਾਂ --।'

ਆਵਾਜ਼ ਐਨੀ ਸੁਰੀਲੀ ਨਹੀਂ ਸੀ ਪਰ ਲੋਕਾਂ ਉੱਤੇ ਏਸ ਗਾਉਣ ਦੇ ਬੋਲ ਅਸਰ ਕਰਦੇ। ਗੁਜ਼ਾਰੇ ਜੋਗਾ ਵੇਲਾਂ ਦੀ ਸ਼ਕਲ ਵਿਚ ਉਨ੍ਹਾ ਨੂੰ ਲੱਭ ਈ ਜਾਂਦਾ। ਕਹਿੰਦੇ ਨੇ ਕਿ ਇਕ ਮੇਲੇ ਅੰਦਰ ਮੌਤ ਦੇ ਖੂਹ ਵਿਚ ਫੱਟੇ ਉੱਤੇ ਨੱਚਣ ਵਾਲੀ ਇਕ ਮੁਟਿਆਰ ਉੱਤੇ ਪਿਆਰੇ ਲਾਲ ਜੀ ਆਪਣਾ ਦਿਲ ਹਾਰ ਬੈਠੇ ਸਨ। ਮਨ ਵਿਚ ਦੇਸ਼ ਭਗਤੀ ਨਾਲੋਂ ਹੁਣ ਪ੍ਰੇਮ ਭਗਤੀ ਦੀ ਭਾਵਨਾ ਵੱਧ ਸੀ।ਵੇਲਾਂ ਵਿਚ ਕਮਾਏ ਧਨ ਦਾ ਇਕ ਵੱਡਾ ਹਿੱਸਾ ਉਨ੍ਹਾਂ ਅੱਗੋਂ ਵੇਲਾਂ ਵਿਚ ਉੜਾ ਛੱਡਿਆ। ਤੇ ਫੇਰ ਭੜੀ ਸ਼ਾਹ ਰਹਿਮਾਨ ਦੇ ਮੇਲੇ ਵਿਚ ਉਨ੍ਹਾਂ ਉੱਤੇ ਇਹ ਭੇਤ ਖੁੱਲ੍ਹ ਗਿਆ ਕਿ ਮੁਟਿਆਰ ਦੇ ਭੇਤ ਵਿਚ ਨੱਚਣ ਵਾਲਾ ਅਸਲੋਂ ਇਕ ਮੁੰਡਾ ਏ। ਉਹ ਬੜੇ ਪਿੱਚੀ ਹੋਏ ਤੇ ਮੇਲਿਆਂ ਨੂੰ ਸਦਾ ਲਈ ਖ਼ੈਰਬਾਦ ਆਖ ਦਿੱਤਾ।

ਹੁਣ ਪਿਆਰੇ ਲਾਲ ਜੀ ਨੇ ਸਿਆਸੀ ਜਲਸਿਆਂ ਵਿਚ ਘੋੜੀ ਗਾਉਣ ਦਾ ਮਿਥਿਆ। ਪਰ ਉਹ ਦੁਚਿੱਤੀ ਵਿਚ ਪੈ ਗਏ ਕਿ ਕਾਂਗਰਸ ਦੇ ਇਕੱਠਾਂ ਵਿਚ ਗਾਉਣ ਜਾਂ ਲੀਗ ਦੇ ? ਉਹ ਦੋਵਾਂ ਵਿਚ ਵਾਰੋ ਵਾਰੀ ਗਏ ਤੇ ਮਾਹੌਲ ਵੇਖਿਆ ਤਾਂ ਮੁੜ ਆਏ। ਦੋਵਾਂ ਪਾਸੇ ਦੇਸ਼ ਭਗਤੀ ਨੂੰ ਧਰਮ ਦੀ ਪੁੱਠ ਚਾੜ੍ਹੀ ਜਾ ਰਹੀ ਸੀ। ਪਿਆਰੇ ਲਾਲ ਜੀ ਨੂੰ



ਲੱਗਿਆ ਕਿ ਲੋਕਾਂ ਦੀ ਇਕ ਨਾਸਤਿਕ ਯੋਧੇ ਦਾ ਜਸ ਸੁਣਨ ਨਾਲੋਂ ਹਜ਼ਾਰ ਵਰਿਆਂ ਦੀ ਮਰਿਯਾਦਾ ਵਾਲੇ ਧਰਮਾਂ ਦੀ ਕਥਾ ਸੁਣਨ ਵਿਚ ਰੁਚੀ ਬਾਹਲੀ ਏ। ਉਹ ਕੰਨ ਵਲ੍ਹੇਟ ਕੇ ਆਪਣੇ ਸ਼ਹਿਰ ਪਰਤ ਆਏ। ਉਹ ਸਿੱਧੇ ਚੌਖੰਡੀ ਵਾਲੇ ਚੁਬਾਰੇ ਅੱਪੜੇ। ਪਿਆਰੇ ਨਾਲ ਜੀ ਨੇ ਦੂਜੇ ਸਾਜ਼ਿੰਦਿਆਂ ਨੂੰ ਨਾਲ ਰਲਾ ਕੇ ਸਾਡੇ ਸ਼ਹਿਰ ਦੇ ਸਭ ਤੋਂ ਕਦੀਮੀ 'ਫ਼ੌਜੀ ਬੈਂਡ' ਦੀ ਨੀਂਹ ਰੱਖੀ।

ਲਾਰਡ ਨੂੰ ਸਲਾਮੀ ਨਾ ਦੇਣ ਵਾਲੀ ਦੰਦ ਕਥਾ ਸਭ ਨੇ ਸੁਣੀ ਹੋਈ ਸੀ ਤੇ ਜਦੋਂ ਏਸ ਘਟਨਾ ਦੇ ਮਹਾਂ ਪਾਤਰ ਬੈਂਡ ਮਾਸਟਰ ਪਿਆਰੇ ਲਾਲ ਜੀ ਨੂੰ ਲੋਕ ਆਪਣੇ ਵਿਚਕਾਰ ਵੇਖਦੇ ਤਾਂ ਉਨ੍ਹਾ ਨੂੰ ਮਾਣ ਮਹਿਸੂਸ ਹੁੰਦਾ। ਹਰ ਕੋਈ ਉਨ੍ਹਾਂ ਨਾਲ ਹੱਥ ਮਿਲਾਉਣ ਵਿਚ ਫ਼ਖ਼ਰ ਸਮਝਦਾ। ਰਾਜੇ, ਮਹਾਰਾਜੇ ਤੇ ਨਵਾਬ ਆਪਣੇ ਹੱਥੀਂ ਜਿਹਦੀਆਂ ਜੁੱਤੀਆਂ ਸਿੱਧੀਆਂ ਕਰਨ ਲਈ ਉਤਾਵਲੇ ਰਹਿੰਦੇ, ਉਸ ਹਸਤੀ ਨੂੰ ਸਲਾਮੀ ਦੇਣ ਤੋਂ ਇਨਕਾਰ ਪਿਆਰੇ ਲਾਲ ਜੀ ਨੂੰ ਵਾਕਈ ਮੁੱਲਵਾਨ ਬਣਾਉਂਦਾ ਸੀ।

ਸ਼ਾਇਦ ਏਥੋਂ ਹੀ ਪਿਆਰੇ ਲਾਲ ਜੀ ਨੂੰ ਕਈ ਵਰ੍ਹੇ ਬਾਅਦ ਇਕ ਅਜ਼ੀਮ ਰਸਮ ਦਾ ਮੁੱਢ ਬੰਨ੍ਹਣ ਦਾ ਖ਼ਿਆਲ ਆਇਆ। ਉਨ੍ਹਾ ਮਿਥ ਲਿਆ ਕਿ ਉਹ ਹਰ ਵਰ੍ਹੇ ਵਿਸਾਖੀ ਵਾਲੇ ਦਿਨ ਸ਼ਹਿਰ ਦੀ ਕਿਸੇ ਉਚੇਚੀ ਹਸਤੀ ਨੂੰ ਫ਼ੌਜੀ ਢੰਗ ਨਾਲ ਸਲਾਮੀ ਦੇਣਗੇ।

ਤੇ ਪਹਿਲੀ ਸਲਾਮੀ ਉਨ੍ਹਾ ਮਹਾਸ਼ਾ ਦੇਵੀ ਪ੍ਰਸ਼ਾਦ ਨੂੰ ਪੇਸ਼ ਕੀਤੀ, ਜਿਨ੍ਹਾ ਨੇ ਵੰਡ ਨੂੰ ਯਕੀਨੀ ਵੇਖਦਿਆਂ ਆਲੇ ਦੁਆਲੇ ਦੇ ਪਿੰਡਾਂ ਦੇ ਕਿਸਾਨਾਂ ਦਾ ਵਿਆਜ ਮਾਫ਼ ਕਰਨ ਦਾ ਐਲਾਨ ਕੀਤਾ ਸੀ। ਲੋਕ ਦਸਦੇ ਨੇ ਕਿ ਮਹਾਸ਼ੇ ਹੁਰਾਂ ਇਸ ਸਲਾਮੀ ਤੋਂ ਬਾਅਦ ਆਪਣੇ ਸਾਰੇ ਵਹੀ ਖਾਤੇ ਬਾਹਰ ਚੌਕ ਵਿਚ ਰੱਖੇ ਤੇ ਤੀਲੀ ਸੁੱਟ ਕੇ ਫੂਕ ਦਿੱਤੇ ਤੇ ਕਿਹਾ ਕਿ ਆਦਰ ਮਾਣ ਵਾਲੀ ਦੌਲਤ ਹੀ ਮੇਰੇ ਲਈ ਕਾਫੀ ਏ। ਕੁਝ ਮਹੀਨਿਆਂ ਮਗਰੋਂ ਉਥਲ-ਪੁਥਲ ਵੇਲੇ ਜਦੋਂ ਬੰਦਿਆਂ ਦੀ ਰੱਤ ਨਾਲ ਚੌਖੰਡੀ ਦੀ ਸੜਕ ਲਾਲ ਹੋ ਗਈ ਤਾਂ ਇਕੱਲਾ ਮਹਾਸ਼ਾ ਦੇਵੀ ਪ੍ਰਸਾਦ ਦਾ ਪਰਿਵਾਰ ਸੀ, ਜਿਸ ਨੂੰ ਕਿਸੇ ਭੈੜੇ ਤੋਂ ਭੈੜੇ ਲਫੰਗੇ ਵੀ ਹੱਥ ਲਾਉਣਾ ਪਾਪ ਜਾਣਿਆ। ਮੈਂ ਏਥੇ ਦੱਸ ਦਿਆਂ ਕਿ ਚੌਕ ਦਾ ਨਾਂ ਏਸੇ ਰੱਤ ਵਹਿਣ ਵਾਲੀ ਘਟਨਾ ਤੋਂ 'ਲਾਲ ਚੌਖੰਡੀ' ਵੱਜਣ ਲੱਗਾ ਸੀ। ਅੱਜ ਇਹ ਕਿਸੇ ਨੂੰ ਵੀ ਪਤਾ ਨਹੀਂ ਤੇ ਬਹੁਤੇ ਲੋਕ ਬੈਂਡ ਮਾਸਟਰ ਪਿਆਰੇ ਲਾਲ ਜੀ ਦੀ ਨਿਸਬਤ ਨੂੰ ਹੀ ਇਹਦਾ ਆਧਾਰ ਸਮਝਦੇ ਹਨ।

ਸਲਾਮੀ ਵਾਲਾ ਸਿਲਸਿਲਾ ਲੰਮੇ ਅਰਸੇ ਤਕ ਜਾਰੀ ਰਹਿਣ ਪਾਰੋਂ ਸਾਡੇ ਸ਼ਹਿਰ ਦੀ ਮਰਯਾਦਾ ਬਣ ਗਿਆ। ਬੈਂਡ ਮਾਸਟਰ ਪਿਆਰੇ ਲਾਲ ਜੀ ਬਹੁਤ ਬੁੱਢੇ ਹੋਣ ਦੇ ਬਾਵਜੂਦ ਵੀ ਇਸ ਪਰੰਪਰਾ ਨੂੰ ਨਿਭਾਉਂਦੇ ਆ ਰਹੇ ਨੇ। ਕਈ ਵਾਰ ਉਹ ਹੱਸਦੇ ਹੋਏ ਦਸਦੇ ਨੇ ਕਿ ਸ਼ਹਿਰ ਵਿਚ ਅੰਗਰੇਜ਼ਾਂ ਦੇ ਸਮੇਂ ਦੀਆਂ ਬਸ ਦੋ ਹੀ ਸ਼ੈਵਾਂ ਬਚੀਆਂ ਨੇ। ਇਕ ਰੇਲ ਗੱਡੀ ਦਾ ਸਟੇਸ਼ਨ ਤੇ ਦੂਜਾ ਬੈਂਡ ਮਾਸਟਰ ਪਿਆਰੇ ਲਾਲ। ਸਲਾਮੀ ਵਾਲਾ ਸਨਮਾਨ ਹਾਸਿਲ ਕਰਨ ਵਾਲਿਆਂ ਦੀ ਇਕ ਲੰਮੀ ਫ਼ਹਿਰਿਸਤ ਏ। ਉਨ੍ਹਾ ਵਿੱਚੋਂ ਬਹੁਤੇ ਅੱਜ ਸਾਡੇ ਦਰਮਿਆਨ ਮੌਜੂਦ ਨਹੀਂ।

ਪਿਛਲੇ ਕੁਝ ਵਰ੍ਹਿਆਂ ਦੀ ਗੱਲ ਏ। ਇਕ ਨਵਾਂ ਅਫ਼ਸਰ ਦਸੰਬਰ ਵਿਚ ਇਸ ਸ਼ਹਿਰ ਵਿਚ ਤਬਦੀਲ ਹੋ ਕੇ ਆਇਆ। ਮਿਊਂਸਪਲ ਕਮੇਟੀ ਦੇ ਚੁਣੇ ਹੋਏ ਚੇਅਰਮੈਨਾਂ ਦੀ ਮਿਆਦ ਮੁੱਕ ਗਈ ਸੀ ਤੇ ਅਗਲੀਆਂ ਚੋਣਾਂ ਵਿਚ ਮੌਜੂਦਾ ਸਰਕਾਰ ਨੂੰ ਆਪਣੀ ਹਾਰ ਯਕੀਨੀ ਨਜ਼ਰ ਆਉਂਦੀ ਦਿਸੀ ਤਾਂ ਉਸ ਨੇ ਲੋਕਾਂ ਦੇ ਚੁਣੇ ਹੋਏ ਆਗੂਆਂ ਦੀ ਬਜਾਏ ਆਪਣੇ ਵੱਲੋਂ ਮੜ੍ਹੇ ਗਏ ਅਫ਼ਸਰਾਂ ਰਾਹੀਂ ਡੰਗ ਟਪਾਈ ਜਾਣ ਦਾ ਫ਼ੈਸਲਾ ਕੀਤਾ। ਨਵੇਂ ਐਡਮਿਨਿਸਟੇਟਰ ਮਿਊਂਸਪਲ ਕਮੇਟੀ ਨੇ ਜਿਵੇਂ ਕਿ ਕਾਨੋਲੀਅਲ ਦੌਰ ਤੋਂ ਅਫਸਰਸ਼ਾਹੀ ਦਾ ਰਾਜ ਹੈ, ਆਉਂਦਿਆਂ ਹੀ ਸ਼ਹਿਰ ਅਤੇ ਏਥੋਂ ਦੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ। ਉਹਨੂੰ ਜਦੋਂ ਏਸ ਸਲਾਮੀ ਵਾਲੇ ਸਨਮਾਨ ਦਾ ਪਤਾ ਲੱਗਾ ਤਾਂ ਉਹ ਵੀ ਇਹਨੂੰ ਹਾਸਿਲ ਕਰਨ ਬਾਰੇ ਸੋਚਣ ਲੱਗਾ। ਅਜਿਹਾ ਕੀ ਕਰੇ ਕਿ ਉਹ ਏਸ ਸ਼ਹਿਰ ਵਿਚ ਵਰ੍ਹੇ ਦੀ ਸਭ ਤੋਂ ਵਧੀਆ ਹਸਤੀ ਮਿਥਿਆ ਜਾਵੇ। ਕਈ ਲੋਕ ਪੱਕ ਨਾਲ ਚਿਰਾਂ ਤੋਂ ਏਸ ਯਤਨ ਵਿਚ ਲੱਗੇ ਹੋਣਗੇ। ਪਰ ਉਹ ਕੁਝ ਅਜਿਹਾ ਕਰ ਵਿਖਾਏਗਾ ਕਿ ਸਭ ਤੋਂ ਅਗੇਰਾ ਤੇ ਉੱਘਾ ਹੋ ਨਿੱਬੜੇ। ਕੋਈ ਅਜਿਹਾ ਕੰਮ ਜਿਹਦੇ ਨਾਲ ਸ਼ਹਿਰ ਦੀ ਖ਼ਲਕਤ ਦੇ ਹੋਠਾਂ ਉੱਤੇ ਬਸ ਉਹਦਾ ਨਾਂ ਹੋਵੇ। ਫਿਰ ਬੈਂਡ ਮਾਸਟਰ ਪਿਆਰੇ ਲਾਲ ਜੀ ਦਾ ਧਿਆਨ ਲਾਜ਼ਮੀ ਉਹਦੇ ਵੱਲ ਹੋ ਜਾਵੇਗਾ।

ਉਹਨੂੰ ਇਕ ਅਨੋਖੀ ਤਰਕੀਬ ਸੁੱਝੀ। ਔਖਿਆਈ ਦੇ ਲੰਮੇ ਦਿਨਾਂ ਵਿਚ ਘੱਟੋ ਘੱਟ ਦੋ ਡੰਗ ਦੀ ਸੌਖ ਲਿਆਉਣ ਦਾ ਉਸ ਮਿਥ ਲਿਆ। ਦਫ਼ਤਰ ਦੇ ਬਾਹਰ ਲੱਗੀ ਟੱਲੀ ਦਾ ਮੇਜ਼ ਉੱਤੇ ਪਿਆ ਬਟਨ ਉਸ ਨੱਪ ਦਿੱਤਾ।

"ਹਾਜ਼ਰ ਜਨਾਬ।" ਅੰਦਰ ਵੜਦਿਆਂ ਹੀ ਅਰਦਲੀ ਨੇ ਕਿਹਾ।

"ਮਾਲੀ ਨੂੰ ਸੱਦ " ਐਡਮਿਨਿਸਟੇਟਰ ਨੇ ਆਖਿਆ।

"ਜੀ ਉਹਦੀ ਚੇਅਰਮੈਨ ਸਾਹਿਬ ਦੇ ਡੇਰੇ ਪ੍ਰਾਹੁਣਿਆਂ ਲਈ ਚਾਹ ਪਾਣੀ ਧਰਨ ਦੀ ਡਿਊਟੀ ਏ।"

"ਉਹਨੂੰ ਕੱਲ੍ਹ ਤੋਂ ਦਫ਼ਤਰ ਹਾਜ਼ਰ ਹੋਣ ਦਾ ਸੁਨੇਹਾ ਅਪੜਾ ਦੇ।"

"ਜੀ ਜਨਾਬ।"

ਕਾਲੂ ਮਾਲੀ ਅਗਲੇ ਦਿਨ ਜਦ ਸਾਹਿਬ ਦੇ ਪੇਸ਼ ਹੋਇਆ ਤਾਂ ਬਹੁਤ ਡਰਿਆ ਹੋਇਆ ਸੀ। ਪਰ ਦਫ਼ਤਰ ਵਿੱਚੋਂ ਬਾਹਰ ਨਿਕਲਿਆ ਤਾਂ ਉਹ ਖ਼ੁਸ਼ ਸੀ। ਜਿਵੇਂ ਕਿ ਤਵੱਕੋ ਸੀ, ਉਹਨੂੰ ਕੋਈ 'ਸ਼ੋਅ ਕਾਜ਼ ਨੋਟਿਸ' ਨਹੀਂ ਸੀ ਦਿੱਤਾ ਗਿਆ। ਸਗੋਂ ਮਿਊਂਸਪਲ ਕਮੇਟੀ ਦੀ ਹੱਦ ਅੰਦਰ ਆਉਣ ਵਾਲੀ ਹਰ ਖਾਲੀ ਥਾਂ ਨੂੰ ਗੁੱਡ ਦੇਣ ਦਾ ਹੁਕਮ ਮਿਲਿਆ ਸੀ। ਸਿਰਫ ਇਕ ਹਫ਼ਤੇ ਵਿਚ ਕਈ ਸੈਨੇਟਰੀ ਵਰਕਰਾਂ ਨੂੰ ਨਾਲ ਲੈ ਕੇ ਸੜਕਾਂ ਵਿਚਕਾਰ ਕਿਆਰੀਆਂ, ਦੋਪਾਸੜ ਪਗਡੰਡੀਆਂ ਨਾਲ ਲਗਦੀ ਥਾਂ ਤੇ

ਮਿਊਂਸੀਪਲ ਪਾਰਕ ਵਿਚਲੀਆਂ ਸਭ ਕਿਆਰੀਆਂ ਦੀ ਮਿੱਟੀ ਫਰੋਲ ਦਿੱਤੀ। ਇਹ ਚੱਪਾ ਚੱਪਾ ਭੋਇੰ ਵੀ ਰਲ ਕੇ ਕੁਝ ਘੁਮਾਂ ਤਾਂ ਬਣਦੀ ਹੀ ਸੀ।

ਫਿਰ ਮਾਲੀ ਨੂੰ ਸਭ ਥਾਂ ਸਰ੍ਹੋਂ ਦਾ ਬੀਅ ਖਿਲਾਰਨ ਦਾ ਹੁਕਮ ਦੇ ਕੇ ਐਡਮਿਨਿਸਟੇਟਰ ਨੇ ਇਕ ਸੈਨੇਟਰੀ ਇੰਸਪੈਕਟਰ ਦੀ ਵੇਲੇ ਸਿਰ ਪਾਣੀ ਲਾਉਣ ਦੀ ਡਿਊਟੀ ਲਾ ਛੱਡੀ। ਪੰਦਰਾਂ ਦਿਨਾਂ ਬਾਅਦ ਉਹ ਗੱਡੀ ’ਤੇ ਕਿਆਰੀਆਂ ਦਾ ਮੁਲਾਹਿਜ਼ਾ ਕਰਨ ਲਈ ਨਿਕਲਿਆ। ਫੁੱਟ ਰਹੀ ਸਾਵਲ ਨੇ ਮਿੱਟੀ ਦੀ ਰੰਗਤ ਨੂੰ ਕੱਜ ਲਿਆ ਸੀ।

ਐਡਮਿਨਿਸਟੇਟਰ ਮਹੀਨੇ ਵਿਚ ਇਕ ਅੱਧੀ ਵਾਰ ਲਾਲ ਚੌਖੰਡੀ ਵਿਚ ਖੋਖੇ ’ਤੇ ਚਾਹ ਪੀਣ ਜਾਣ ਲੱਗਾ। ਉਹਦਾ ਮਕਸਦ ਬੈਂਡ ਮਾਸਟਰ ਪਿਆਰੇ ਲਾਲ ਜੀ ਨਾਲ ਜਾਣ ਪਛਾਣ ਬਣਾਉਣ ਦਾ ਸੀ, ਜੋ ਅਕਸਰ ਓਥੇ ਬੈਠੇ ਮਿਲਦੇ। ਵੱਡੇ ਸ਼ਹਿਰ ਦੇ ਜੰਮਪਲ ਐਡਮਿਨਿਸਟੇਟਰ ਨੇ ਹਰਿਆਲੀ ਸਿਰਫ਼ ਸੁਫ਼ਨਿਆਂ ਵਿਚ ਹੀ ਵੇਖੀ ਸੀ। ਤੇ ਮਾਲੀ, ਜੋ ਹੁੰਦਾ ਤਾਂ ਇਕ ਤਰਾਂ ਦਾ ਤਨਖਾਹਦਾਰ ਕਿਸਾਨ ਹੀ ਏ, ਉਸ ਨੇ ਵੀ ਜੇ ਕਿਤੇ ਕਾਸ਼ਤਕਾਰੀ ਕੀਤੀ ਸੀ ਤਾਂ ਬਸ ਗਮਲਿਆਂ ਵਿਚ ਹੀ। ਦਰਅਸਲ ਹੋਰ ਨਿੱਕੇ ਮੁਲਾਜ਼ਮਾਂ ਵਾਂਗ ਉਹਦਾ ਬਹੁਤਾ ਵੇਲਾ ਅਫ਼ਸਰਾਂ ਦੇ ਘਰਾਂ ’ਚ ਕੰਮ ਕਰਦਿਆਂ ਬੀਤਦਾ।

ਤੇ ਇਕ ਦਿਨ ਸ਼ਹਿਰ ਭਰ ਵਿਚ ਮਿਊਂਸਪੈਲਟੀ ਵੱਲੋਂ ‘ਮੁਫ਼ਤ ਸਾਗ’ ਦਾ ਹੋਕਾ ਦਿਵਾਇਆ ਗਿਆ : ’ਆਪਣੀ ਲੋੜ ਮੂਜਬ ਹਰ ਕੋਈ ਸੜਕਾਂ ਦੇ ਵਿਚਕਾਰ ਕਿਆਰੀਆਂ ਵਿੱਚੋਂ, ਕੱਚੀਆਂ ਪਗਡੰਡੀਆਂ ਦੇ ਨਾਲੋਂ ਤੇ ਮਿਊਂਸਪਲ ਪਾਰਕ ’ਚੋਂ ਵੇਲੇ ਦੀ ਸੌਗਾਤ ’ਸਾਗ’ ਲਿਜਾ ਸਕਦਾ ਏ।’

ਚਿਰਾਂ ਤੋਂ ਲੋਕਾਂ ਦੀ ਮੱਦਦ ਕਰਦੇ ਆਏ ਬੰਦਿਆਂ ਵਿਚ ਕਿਸੇ ਵੱਲੋਂ ਇੱਕੋ ਵੇਲੇ ਐਨੇ ਸਾਰੇ ਜੀਆਂ ਲਈ ਕੋਈ ਸ਼ੈਅ ਮੁਫ਼ਤ ਵੰਡਣ ਦੀ ਇਹ ਘਟਨਾ ਵਾਕਈ ਅਨੋਖੀ ਹੋ ਸਕਦੀ ਸੀ। ਏਹੀ ਗੁਣ ਐਡਮਿਨਿਸਟੇਟਰ ਨੂੰ ਸ਼ਾਇਦ ਸਭ ਤੋਂ ਵੱਖਰਾ ਦਰਸਾਉਣ ਲਈ ਕਾਫੀ ਹੋਵੇਗਾ ! ਐਡਮਿਨਿਸਟੇਟਰ ਬਹੁਤ ਖ਼ੁਸ਼ ਸੀ। ਪੂਰੇ ਸ਼ਹਿਰ ਵਿਚ ਮੁਨਾਦੀ ਉਹਦੇ ਨਾਂ ਨਾਲ ਹੋਈ ਸੀ। ਸਮਾਂ ਵੀ ਠੀਕ ਚੁਣਿਆ ਗਿਆ। ਉਹ ਦਿਨ ਜਦੋਂ ਪੰਜਾਬ ਵਿਚ ’ਰਹਿਤਲ ਦਿਹਾੜ’ ਮਨਾਇਆ ਜਾ ਰਿਹਾ ਸੀ। ਉਹ ਆਪਣੇ ਦਫ਼ਤਰ ਵਿਚ ਪੈਂਟ ਕੋਟ ਉੱਤੇ ਪੱਗ ਬੰਨ੍ਹ ਕੇ ਸਾਰਾ ਦਿਨ ਬੈਠਾ ਰਿਹਾ। ਇਹ ਸਾਗ ਉਗਾਉਣ ਵਾਲੀ ਗੱਲ ਉਸ ਨੇ ਹਰ ਕਿਸੇ ਤੋਂ ਭੇਤ ਰੱਖੀ ਸੀ। ਤੇ ਅੱਜ ਰਹਿਤਲ ਦਿਹਾੜ ਉੱਤੇ ਰਵਾਇਤੀ ਖਾਣੇ ਦੀ ਸੌਗਾਤ ਦੇ ਕੇ ਉਹ ਸ਼ਹਿਰ ਵਾਸੀਆਂ ਨੂੰ ਅਚੰਭੇ ਵਿਚ ਪਾ ਦੇਵੇਗਾ। ਨਮਾਜ਼ਾਂ ਵੇਲੇ ਜਦੋਂ ਉਹ ਘਰ ਪਰਤਿਆ, ਢੋਲੀ ਅਜੇ ਵੀ ਲਾਲ ਚੌਖੰਡੀ ਵਿਚ ਐਡਮਿਨਿਸਟੇਟਰ ਵੱਲੋਂ ’ਤੋਹਫ਼ੇ’ ਦੀ ਮੁਨਾਦੀ ਕਰ ਰਿਹਾ ਸੀ।

ਸਵੇਰੇ ਦਫ਼ਤਰ ਆਉਂਦੇ ਹੋਏ ਸੜਕਾਂ ਦੇ ਵਿਚਕਾਰ ਬਣੀਆਂ ਕਿਆਰੀਆਂ ਵਿਚ ਤੇ ਸੜਕਾਂ ਦੇ ਸੱਜੇ ਖੱਬੇ ਪਗਡੰਡੀਆਂ ਨਾਲ ਲਹਿਰਾਉਂਦੀ ਸਾਵਲ ਵੇਖ ਕੇ ਉਹ ਤ੍ਰਬਕ ਗਿਆ।

”ਇਹ ਕੀ ? ਕਿਸੇ ਨੇ ਇਕ ਮੁੱਠ ਵੀ ਨਹੀਂ ਤੋੜੀ !!”

”ਸਰ੍ਹੋਂ ਨਹੀਂ ਸਰ, ਇਹ ਤਾਰਾਮੀਰਾ ਏ।” ਪਿੰਡ ਤੋਂ ਆਉਂਦੇ ਇਕ ਕਲਰਕ ਨੇ ਦੱਸਿਆ। ਖਿਝ ਕੇ ਅਫ਼ਸਰ ਸਿਰ ਖੁਰਕਣ ਲੱਗ ਪਿਆ। ਤੇ ਜਦੋਂ ਕਲਰਕ ਨੇ ਸਰ੍ਹੋਂ ਤੇ ਤਾਰੇਮੀਰੇ ਦਾ ਫ਼ਰਕ ਸਮਝਾਉਂਦਿਆਂ ਕਿਹਾ ਕਿ ਇਹਦਾ ਤੇਲ ਖਾਜ ਮਿਟਾਉਣ ਦੇ ਕੰਮ ਆਉਂਦਾ ਏ, ਤਾਂ ਉਹਨੇ ਝੱਬਦੇ ਹੱਥ ਥੱਲੇ ਕਰ ਲਿਆ। ਐਡਮਿਨਿਸਟੇਟਰ ਤਾਂ ਸਾਰੀ ਰਾਤ ਭਲਾਈ ਦੇ ਬਦਲੇ ਆਪਣੇ ਲਈ ਏਸ ਵਰ੍ਹੇ ਦੀ ਸਲਾਮੀ ਦਾ ਸੁਫ਼ਨਾ ਵੇਖਦਾ ਰਿਹਾ ਸੀ।

ਦਰਅਸਲ ਹੋਇਆ ਇੰਝ ਕਿ ਕੁਝ ਮਹੀਨੇ ਪਹਿਲਾਂ ਜਦੋਂ ਮਾਲੀ ਬੀਜ ਮੁੱਲ ਲੈਣ ਗਿਆ ਤਾਂ ਅੱਗੇ ਦੁਕਾਨਦਾਰ ਦਾ ਮੁੰਡਾ ਹੱਥ ਵਿਚ ਆਪਣੀ ਸਕੂਲ ਕਿਤਾਬ, ਜਿਹਦੇ ਉੱਤੇ ’ਜ਼ਰਾਇਤ’ ਲਿਖਿਆ ਹੋਇਆ ਸੀ, ਪੜ੍ਹਦਾ ਮਿਲਿਆ। ਉਹਦਾ ਪਿਓ ਉਹਨੂੰ ਆਪਣੀ ਕੁਰਸੀ ਉੱਤੇ ਬਿਠਾ ਕੇ ਆਪ ਕਿਧਰੇ ਕੰਮ ਗਿਆ ਹੋਇਆ ਸੀ। ਮੁੰਡੇ ਨੇ ਮਾਲੀ ਨੂੰ ਸਰ੍ਹੋਂ ਨਾਲ ਰਲਦਾ ਮਿਲਦਾ ਤਾਰੇਮੀਰੇ ਦਾ ਬੀਅ ਤੋਲ ਦਿੱਤਾ ਸੀ।

ਏਸ ਘਟਨਾ ਤੋਂ ਐਡਮਿਨਿਸਟੇਟਰ ਐਨਾ ਪਿੱਚੀ ਹੋਇਆ ਕਿ ਉਹ ਵਿਸਾਖੀ ਤੋਂ ਪਹਿਲਾਂ ਹੀ ਆਪਣਾ ਤਬਾਦਲਾ ਕਰਵਾ ਗਿਆ।

ਹਾਲ ਹੀ ਵਿਚ ਏਸ ਸਲਾਮੀ ਦੇ ਲੋਭ ਨੇ ਰਿਟਾਇਰਮੈਂਟ ਦੇ ਲਾਗੇ ਅੱਪੜੇ ਇਕ ਤਹਿਸੀਲਦਾਰ ਨੂੰ ਰਿਸ਼ਵਤ ਨੂੰ ਰੱਦ ਕਰਨ ਲਈ ਪ੍ਰੇਰਿਆ। ਉਹਨੇ ਪੈਸਾ ਬਹੁਤ ਇਕੱਠਾ ਕਰ ਲਿਆ ਸੀ, ਪਰ ਉਹਦਾ ਆਦਰ ਮਾਣ ਮਾਸਾ ਵੀ ਨਹੀਂ ਸੀ। ਖ਼ੁਦ ਨੂੰ ’ਹੱਡੀ ਪਾਣ’ ਦਾ ਅਣਜਾਣੇ ਵਿਚ ਬੋਲਿਆ ਲਫ਼ਜ਼ ਤਾਂ ਓਸ ਆਪ ਕਈ ਵਾਰ ਵਾਹੀਵਾਨਾਂ ਦੇ ਮੂੰਹੋਂ ਸੁਣਿਆ ਸੀ। ਨੌਕਰੀ ਪਿੱਛੋਂ ਰਹਿਣਾ ਤਾਂ ਏਸੇ ਸ਼ਹਿਰ ਹੋਇਆ। ਜੇ ਖ਼ਲਕਤ ਵਿਚ ਆਦਰ ਮਾਣ ਹੋਵੇ ਤਾਂ ਏਸ ਤੋਂ ਵੱਡੀ ਦੌਲਤ ਕਿਹੜੀ, ਇਕ ਦਿਨ ਉਸ ਸੋਚਿਆ। ਇਹ ਵੇਖਦਿਆਂ ਇਕ ਵਕੀਲ ਨੇ ਵੀ ਅਸ਼ਟਾਮ ਪੇਪਰਾਂ ਉੱਤੇ ਆਪਣਾ ਨੋਟਿਸ ਪਬਲਿਕ ਨੋਟਰੀ ਦਾ ਠੱਪਾ ਲਾਉਣ ਦੀ ਫ਼ੀਸ ਛੱਡ ਦਿੱਤੀ। ਉਸ ਆਪਣੇ ਕੋਲ ਆਉਣ ਵਾਲਾ ਹਰ ਵਰਕਾ ਜ਼ਿੰਮੇਵਾਰੀ ਨਾਲ ਪੜ੍ਹਨ ਦਾ ਪ੍ਰਣ ਕੀਤਾ। ਭਾਵੇਂ ਏਸ ਤੋਂ ਪਹਿਲਾਂ ਲੋਕੀਂ ਵੱਢੀ ਦੇ ਕੇ ਕੋਰੇ ਕਾਗ਼ਜ਼ ਉੱਤੇ ਉਸ ਤੋਂ ਮੋਹਰ ਲਗਵਾ ਲੈਂਦੇ ਸਨ। ਸ਼ਹਿਰ ਦੀ ਬਾਰ ਕੌਂਸਲ ਦੇ ਸਦਰ ਨੇ ਤਾਂ ਹਮਾਤੜਾਂ ਦੇ ਮੁਕੱਦਮੇ ਮੁਫ਼ਤ ਲੜਨ ਦਾ ਐਲਾਨ ਕਰ ਦਿੱਤਾ ਸੀ। ਏਸ ਖ਼ਬਰ ਵਾਲੇ ਪੋਸਟਰਾਂ ਨਾਲ ਉਹਨੇ ਲਾਲ ਚੌਖੰਡੀ ਵਿਚ ਦੁਕਾਨਾਂ ਦੀਆਂ ਕੰਧਾਂ ਰੰਗ ਦਿੱਤੀਆਂ ਸਨ।

ਭਾਵੇਂ ਇਹ ਸਲਾਮੀ ਹੁਣ ਤਕ ਕਈ ਹਮਾਤੜ ਲੋਕਾਂ ਨੂੰ ਵੀ ਮਿਲੀ ਪਰ ਅਮੀਰ ਲੋਕਾਂ ਨੂੰ ਇਹਦੀ ਲਾਲਸਾ ਬਹੁਤੀ ਰਹਿੰਦੀ। ਨਿਮਾਣਿਆਂ ਵਿਚ ਤਾੜੀ ਦੀ ਭੁੱਖ ਨਹੀਂ ਹੁੰਦੀ।

ਉਨ੍ਹਾ ਨੂੰ ਤਾਂ ਇਹ ਨਿਰਾ ਆਦਰ ਹੀ ਜਾਪਦਾ ਸੀ। ਪਰ ਧਨਾਢ ਲੋਕਾਂ ਲਈ ਇਹ ਸ਼ੋਹਰਤ ਤੇ ਮਾਣ ਦਾ ਕਾਰਨ ਵੀ ਸੀ। ਸਲਾਮੀ ਪਿੱਛੋਂ ਹਰ ਕੋਈ ਤੁਹਾਨੂੰ ਜਾਣਨ ਲਗਦਾ ਸੀ। ਉਹ ਸਾਰੇ ਇਕ ਦੂਜੇ ਦੀ ਨਜ਼ਰ ਵਿਚ ਬਰਾਬਰ ਹੁੰਦੇ, ਪਰ ਵਰ੍ਹੇ ਮਗਰੋਂ ਅਚਨਚੇਤੀ ਕੋਈ ਇਕ ਸਭ ਤੋਂ ਅੱਡ ਉੱਘੜ ਖਲੋਂਦਾ। ਇਕੱਲੀ ਇਕ ਸ਼ਖ਼ਸ ਦੀ ਹੀ ਨਹੀਂ ਸਗੋਂ ਪੂਰੇ ਪਰਿਵਾਰ ਦੀ 'ਬੱਲੇ ਬੱਲੇ' ਹੋ ਜਾਂਦੀ। ਇਹ ਉਹ ਪਛਾਣ ਸੀ ਜਿਹੜੀ ਕਿਧਰੋਂ ਮੁੱਲ ਨਹੀਂ ਮਿਲਦੀ ਸੀ। ਇਹ ਸਲਾਮੀ ਸ਼ਹਿਰ ਦੇ ਮੋਹਤਬਰ ਲੋਕਾਂ ਦੇ ਸੁਭਾਅ ਵਿਚ ਸੁਧਾਰ ਦਾ ਸਬੱਬ ਵੀ ਸੀ। ਉਨ੍ਹਾ ਵਿਚ ਏਸ ਮਾਣ ਨੂੰ ਖੱਟਣ ਦੀ ਤਾਂਘ ਵਧਦੀ ਗਈ। ਤੇ ਇੰਝ ਇਹ 'ਅਵਾਮੀ ਗਾਰਡ ਆਫ਼ ਆਨਰ' ਏਸ ਨਿੱਕੇ ਜਿਹੇ ਸ਼ਹਿਰ ਦਾ ਸਭ ਥੀਂ ਉਚੇਚਾ ਕਾਰਾ ਹੋ ਨਿੱਬੜਿਆ ਸੀ।

ਸਲਾਮੀ ਦੇ ਲੋਭੀ ਅਫ਼ਸਰ ਭਲਿਆਈ ਇੰਝ ਕਰਦੇ ਕਿ ਲੋਕਾਂ ਨੂੰ ਇਹ ਅਹਿਸਾਨ ਜਾਪਦਾ। ਆਪਣੀ ਨੌਕਰੀ ਨੂੰ ਈਮਾਨਦਾਰੀ ਨਾਲ ਕਰਨਾ ਤਾਂ ਉਨ੍ਹਾ ਦਾ ਕਰਤੱਵ ਹੋਇਆ, ਤੇ ਏਸ ਸੇਵਾ ਬਦਲੇ ਸਰਕਾਰ ਹਰ ਮਹੀਨੇ ਉਨ੍ਹਾ ਨੂੰ ਪਗਾਰ ਦਿੰਦੀ ਏ। ਪਿਆਰੇ ਲਾਲ ਜੀ ਏਸ ਗੱਲ ਤੋਂ ਖ਼ੂਬ ਵਾਕਿਫ਼ ਨੇ। ਇਸ ਲਈ ਅਜਿਹੇ ਲੋਕ ਉਨ੍ਹਾ ਦੇ ਮਨ ਨੂੰ ਜ਼ਰਾ ਨਹੀਂ ਭਾਉਂਦੇ।

ਪਿਆਰੇ ਲਾਲ ਜੀ ਨੂੰ ਨਿੱਤ ਸੱਦੇ ਆਉਂਦੇ। ਕਦੇ ਆਗੂਆਂ ਵੱਲੋਂ ਤੇ ਕਦੇ ਅਫ਼ਸਰਾਂ ਵੱਲੋਂ। ਹਰਕਾਰਾ ਘੱਲ ਕੇ ਖੁੱਲ੍ਹੀਆਂ ਕਚਹਿਰੀਆਂ ਵਿਚ ਰਲਤ ਦੀ ਬੇਨਤੀ ਕੀਤੀ ਜਾਂਦੀ। ਜੇ ਉਹ ਜਾਂਦੇ ਤਾਂ ਪੱਕ ਨਾਲ ਮੂਹਰਲੀ ਸਫ਼ ਵਿਚ ਕੁਰਸੀ ਮਿਲਦੀ। ਪਰ ਉਹ ਕਿਧਰੇ ਜਾਂਦੇ ਨਹੀਂ ਸਨ। ਆਗੂ ਲੋਕਾਂ ਦੇ ਸਿਆਸੀ ਡੇਰਿਆਂ ਉੱਤੇ ਹੋਣ ਵਾਲੇ ਅਵਾਮੀ ਇਕੱਠ ਵਿਚ ਉਨ੍ਹਾ ਕਦੇ ਪੈਰ ਨਾ ਧਰਿਆ। ਉਹ ਨਿਰਪੱਖ ਸਨ ਤੇ ਉਨ੍ਹਾ ਦਾ ਮੋਹ ਕਿਸੇ ਖ਼ਾਸ ਮਨੁੱਖ ਵਿਚ ਨਹੀਂ, ਸਗੋਂ ਮਨੁੱਖਤਾ ਨਾਲ ਸੀ।

ਪਿਛਲੀ ਵਿਸਾਖੀ ਉੱਤੇ ਮੁਹੰਮਦੇ ਮੋਚੀ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ ਸੀ। ਸਰਕਾਰੀ ਸਕੂਲ ਦੇ ਸਾਹਮਣੇ ਮਾਇਆ ਦੇਵੀ ਦੀ ਢੱਠੀ ਹੋਈ ਸਰਾਂ ਦੀ ਕੰਧ ਨਾਲ ਬੈਠਾ ਉਹ ਬੁੱਢਾ ਇਕ ਉਮਰ ਤੋਂ ਲੋਕਾਂ ਦੀਆਂ ਜੁੱਤੀਆਂ ਚਮਕਾਉਣ ਤੋਂ ਵੱਖ ਬਾਲਾਂ ਦੀਆਂ ਕਿਤਾਬਾਂ ਨੂੰ ਮੁਫ਼ਤ ਜਿਲਦਾਂ ਕਰਦਾ ਆ ਰਿਹਾ ਏ। ਉਹਦੇ ਲੱਕੜੀ ਦੇ ਸੰਦੂਕ ਵਿਚ ਬਣੇ ਰਖਣੇ ਅੰਦਰ ਪੀਲੇ ਪੰਨਿਆਂ ਵਾਲੀ ਇਕ ਕਿਤਾਬ ਹਮੇਸ਼ਾ ਮੌਜੂਦ ਹੁੰਦੀ ਏ। ਕਿਤਾਬਾਂ ਜਿਲਦ ਕਰਵਾਉਣ ਵਾਲੇ ਮੁੰਡਿਆਂ ਕੋਲੋਂ ਉਹ ਇਹਦਾ ਇਕ ਬੰਦ ਜ਼ਰੂਰ ਸੁਣਦਾ ਏ। ਮੁੰਡਿਆਂ ਕੋਲੋਂ ਏਸ ਕਿਤਾਬ ਦੇ ਸ਼ਬਦ ਔਖੇ ਹੀ ਵਾਚੇ ਜਾਂਦੇ ਨੇ। ਕਿਤਾਬਾਂ ਨੂੰ ਤ੍ਰੋਪੇ ਭਰਦਾ ਹੋਇਆ ਬਾਬਾ ਮੁਹੰਮਦਾ ਬਾਲਾਂ ਦੀ ਨਾਲਾਇਕੀ ਉੱਤੇ ਝੂਰਦਾ।

ਬਾਲਾਂ ਨੂੰ ਇਹ ਜਾਣ ਕੇ ਅਚੰਭਾ ਹੁੰਦਾ ਪਈ ਉਨ੍ਹਾ ਦੀਆਂ ਲਿਸ਼ਕਵੇਂ ਵਰਕਿਆਂ ਵਾਲੀਆਂ ਕਿਤਾਬਾਂ ਨਾਲ ਰਲਦੀ ਮਿਲਦੀ ਅੱਖਰ ਪੱਟੀ ਵਾਲੀ ਇਹ ਪੀਲੀ ਕਿਤਾਬ ਉਨ੍ਹਾ ਦੇ ਪੁਰਖਿਆਂ ਦੀ ਬੋਲੀ ਵਿਚ ਏ, ਜਿਹਨੂੰ ਸਕੂਲਾਂ ਵਿੱਚੋਂ ਦੁਰਕਾਰ ਦਿੱਤਾ ਗਿਆ ਏ। ਮੁਹੰਮਦਾ ਦੱਸਦਾ ਕਿ ਤੁਹਾਡੀ ਸਿਖਲਾਈ ਦਾ ਆਧਾਰ ਕੋਈ ਓਭੜ ਬੋਲੀ ਏ। "ਜਿਵੇਂ ਮੈਂ ਤੁਹਾਡੇ ਲਈ ਅਣਪੜ੍ਹ ਆਂ, ਓਵੇਂ ਹੀ ਤੁਸੀਂ ਮੇਰੇ ਲਈ ਅਣਪੜ੍ਹ ਓ।" ਇਹ ਆਖਦਾ ਹੋਇਆ ਉਹ 'ਹੀਰ ਵਾਰਿਸ ਸ਼ਾਹ' ਦਾ ਨੁਸਖ਼ਾ ਮੁੜ ਸੰਦੂਕ ਵਿਚ ਰੱਖ ਲੈਂਦਾ।

ਓਸ ਵਰੇ ਮਾਸਟਰ ਜੀ ਨੂੰ ਲਾਲ ਚੌਖੰਡੀ ਤੋਂ ਮਾਇਆ ਦੇਵੀ ਦੀ ਸਰਾਂ ਤਕ ਇਕ ਲੰਮਾ ਚੱਕਰ ਕੱਟ ਕੇ ਆਉਣਾ ਪਿਆ। ਓਥੇ ਅੱਪੜਣ ਤੀਕ ਇਹ ਜਲੂਸ ਦਾ ਰੂਪ ਧਾਰ ਗਿਆ ਸੀ। ਅੱਗੇ ਅੱਗੇ ਸੋਟੀ ਘੁਮਾਉਂਦੇ ਹੋਏ ਬੈਂਡ ਮਾਸਟਰ ਪਿਆਰੇ ਲਾਲ ਜੀ, ਪਿੱਛੇ ਢੋਲੀ, ਨਾਲ ਨਾਲ ਪਿੱਤਲ ਦੇ ਵੱਡੇ ਤੋਤੇ ਵਾਲਾ ਇਕ ਅਧਖੜ, ਪਿੱਛੇ ਛੈਣੇ ਖੜਕਾਉਣ ਵਾਲਾ ਛੋਹਰ, ਜਿਸ ਦੇ ਸੱਜੇ ਖੱਬੇ ਤੁਰੀਆਂ ਵਜਾਉਣ ਵਾਲੇ ਦੂਜੇ। ਪੰਜਾਬ ਦੀਆਂ ਲੋਕ ਧੁਨਾਂ ਵਜਾਉਂਦਾ ਇਹ ਬੈਂਡ ਰਾਹ ਵਿਚ ਰੁਕ ਕੇ ਆਪਣੇ ਪਿੱਛੇ ਆਉਂਦੇ ਮਜਮੇ ਨੂੰ ਲੁੱਡੀ ਦੀ ਥਾਪ ਉੱਤੇ ਨੱਚਣ ਦੀ ਖੁੱਲ੍ਹ ਦਿੰਦਾ।

ਸਰਾਂ ਤੋਂ ਥੋੜ੍ਹਾ ਪਿੱਛੇ ਪਿਆਰੇ ਲਾਲ ਜੀ ਵੱਲੋਂ ਇਸ਼ਾਰਾ ਮਿਲਦਿਆਂ ਹੀ ਢੋਲੀ ਨੇ ਤਾਲ ਬਦਲ ਲਈ ਤੇ ਤੁਰੀਆਂ ਵਾਲਿਆਂ ਨੇ 'ਆਉਂਦੀਆਂ ਨਸੀਬਾਂ ਨਾਲ ਇਹ ਘੜੀਆਂ' ਵਾਲੀ ਧੁਨ ਛੇੜ ਲਈ। ਮੁਹੰਮਦਾ ਇਹ ਵੇਖਣ ਲਈ ਅਜੇ ਸੰਭਲਦਾ ਹੋਇਆ ਉੱਠ ਹੀ ਰਿਹਾ ਸੀ ਕਿ ਤੋਤੇ ਵਾਲੇ ਨੇ ਤਿੰਨ ਵਾਰ ਉੱਚੀ ਸਾਰੀ 'ਪੂੰ ਪਾਂ' ਕੀਤਾ। ਇਹ ਮੰਜ਼ਲ 'ਤੇ ਪੁੱਜਣ ਦਾ ਹੋਕਾ ਸੀ। ਪਿਆਰੇ ਲਾਲ ਜੀ ਆਪਣੇ ਬੈਂਡ ਸਣੇ ਮੁਹੰਮਦੇ ਮੋਚੀ ਦੇ ਸਾਹਮਣੇ ਜਾ ਖਲੋਤੇ ਸਨ।

ਬੈਂਡ ਨੇ ਇਕ ਵਾਰ ਫਿਰ ਧੁਨ ਬਦਲੀ। ਐਤਕੀਂ ਸਾਜ਼ਾਂ ਵਿੱਚੋਂ ਨਿਕਲਦੇ ਰਾਗ ਵਿਚ ਇਕ ਤਰੰਗ ਸੀ। ਮਜਮੇ ਨੂੰ ਪਤਾ ਲੱਗ ਗਿਆ ਕਿ ਏਸ ਵਰ੍ਹੇ ਬੁੱਢੇ ਮੁਹੰਮਦੇ ਲਈ ਏ।

"ਬਾਬਾ ਜੀ ਮੁਹੰਮਦ ਦੀਨ !!" ਕਿਸੇ ਨੇ ਉੱਚੀ ਦੇਣੇ ਨਾਅਰੇ ਵਾਂਗ ਇਹ ਨਾਂ ਬੋਲਿਆ ਤੇ ਲੋਕਾਂ ਨੇ ਬਦਲੇ ਵਿਚ "ਜ਼ਿੰਦਾਬਾਦ " ਆਖਣ ਸਾਰ ਪਿਆਰੇ ਲਾਲ ਜੀ ਫ਼ੌਜੀ ਢੰਗ ਨਾਲ ਅਗਾਂਹ ਵਧ ਕੇ ਬੁੱਢੇ ਨੂੰ ਪੂਰੇ ਜੋਸ਼ ਨਾਲ ਸਲੂਟ ਮਾਰ ਦਿੱਤਾ।

ਜੀਵਨ ਵਿਚ ਸ਼ਾਇਦ ਪਹਿਲੀ ਵਾਰ ਉਹਨੂੰ ਇੰਝ ਸਰੇਆਮ ਮੁਹੰਮਦੇ ਦੀ ਬਜਾਏ ਮੁਹੰਮਦ ਦੀਨ ਪੁਕਾਰਿਆ ਗਿਆ ਸੀ। ਏਸ ਸਲਾਮੀ ਵਿਚ ਬੁੱਢੇ ਮੋਚੀ ਨੂੰ ਵਾਕਈ ਸਨਮਾਨ ਮਹਿਸੂਸ ਹੋਇਆ। ਚਾਅ ਨਾਲ ਉਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ।

ਫੇਰ ਕਈ ਮਿੰਟਾਂ ਤਕ ਢੋਲ ਦੀ ਆਵਾਜ਼ ਢੱਠੀ ਸਰਾਂ ਦੀਆਂ ਕੰਧਾਂ ਨਾਲ ਖਹਿੰਦੀ ਰਹੀ ਤੇ ਜਾਪਿਆ ਇਹ ਸਨਮਾਨ ਮਾਇਆ ਦੇਵੀ ਲਈ ਵੀ ਹੈ, ਜਿਸ ਨੇ ਸਦੀਆਂ ਪਹਿਲਾਂ ਏਥੇ ਥੱਕੇ ਹਾਰੇ ਪਾਂਧੀਆਂ ਦੇ ਵਿਸ਼ਰਾਮ ਦਾ ਮੁਫ਼ਤ ਪ੍ਰਬੰਧ ਕੀਤਾ ਸੀ।

ਮਿਊਂਸਪਲ ਕਮੇਟੀ ਦੇ ਦੋ ਵਾਰ ਰਹਿ ਚੁੱਕੇ ਐਡਮਿਨਿਸਟੇਟਰ ਦੇ ਮਨ ਵਿਚ ਪਿਆਰੇ ਲਾਲ ਜੀ ਕੋਲੋਂ ਸਲਾਮੀ ਲੈਣ ਦੀ ਲਾਲਸਾ ਵਧਦੀ ਗਈ। ਦੂਜੇ ਕਈ ਲੋਕਾਂ ਵਾਂਗ ਉਹ ਖ਼ੁਦ ਨੂੰ ਹਰ ਵਾਰੀ ਉਮੀਦਵਾਰ ਸਮਝਦਾ ਸੀ। ਸਾਗ ਵਾਲੀ ਉਸ ਮਖੌਲੀ ਘਟਨਾ ਤੋਂ ਬਾਅਦ ਉਹ ਵਿਸਾਖੀ ਤੋਂ ਤਿੰਨ ਦਿਨ ਪਹਿਲਾਂ ਹਲਵਾਈ ਨੂੰ ਸੱਦ ਕੇ ਪੂਰੇ ਸ਼ਹਿਰ ਲਈ ਆਪਣੇ ਡੇਰੇ ਉੱਤੇ ਜਲੇਬੀਆਂ ਦਾ ਲੰਗਰ ਲਾਉਣ ਲੱਗ ਪਿਆ ਸੀ। ਪਰ ਏਸ ਦਾਨ ਦਾਨ ਦਾ ਲਾਭ ਉਹਦੀ ਪਾਰਟੀ ਦੇ ਕੁਝ ਲੋਕਾਂ ਨੇ ਹੀ ਖੱਟਿਆ। ਵਿਰੋਧੀ ਧਿਰਾਂ ਏਸ ਚਾਸ਼ਨੀ ਦਾ ਸਵਾਦ ਲੈਣ ਤੋਂ ਪ੍ਰਹੇਜ਼ ਹੀ ਕਰਦੀਆਂ ਸਨ। ਕਈ ਅਣਖੀ ਲੋਕ ਤਾਂ ਉਹਦੇ ਡੇਰੇ ਉੱਤੇ ਜਾ ਕੇ ਖਾਣ ਨੂੰ ਪਿੰਨਣ ਵਰਗਾ ਸਮਝਦੇ। ਵਿਸਾਖੀ ਤੋਂ ਠੀਕ ਪਹਿਲੇ ਇਕ ਤਰਾਂ ਆਪਣੇ ਸਖ਼ੀ ਹੋਣ ਨੂੰ ਦਰਸਾਉਣ ਵਾਲਾ ਇਹ ਉਪਰਾਲਾ ਪਿਆਰੇ ਲਾਲ ਜੀ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ।

ਚੇਤਰ ਦੇ ਅਖ਼ੀਰਲੇ ਹਫ਼ਤੇ ਜਦੋਂ ਬੈਂਡ ਮਾਸਟਰ ਦੀ ਵਰਦੀ ਦੀਨੇ ਧੋਬੀ ਕੋਲ ਆਉਂਦੀ ਤਾਂ ਓਥੇ ਸ਼ਹਿਰ ਦੇ ਕਈ ਧਨਾਢ ਲੋਕਾਂ ਪੈਂਟ ਕੋਟ, ਸ਼ੇਰਵਾਨੀ ਤੇ ਐਚਕਨ ਵੀ ਅੱਪੜਨ ਲੱਗ ਪੈਂਦੇ। ਕੀ ਪਤਾ ਵਿਸਾਖੀ ਵਾਲੇ ਦਿਨ ਮਾਸਟਰ ਆਪਣੇ ਬੈਂਡ ਸਮੇਤ ਅਚਨਚੇਤੀ ਉਹਦੇ ਬੂਹੇ 'ਤੇ ਪਹੁੰਚ ਜਾਵੇ ! ਆਪਣੇ ਵੱਲੋਂ ਇੱਕੋ ਵੇਲੇ ਸ਼ਹਿਰ ਦੇ ਕਈ ਲੋਕ ਘਰਾਂ ਵਿਚ ਤਿਆਰ ਬੈਠੇ ਰਹਿੰਦੇ।

ਪਰ ਬਹੁਤਿਆਂ ਦੀ ਆਸ ਛੇਤੀ ਹੀ ਮੁੱਕ ਜਾਂਦੀ। ਲਾਲ ਚੌਖੰਡੀ ਵਿੱਚੋਂ ਬੈਂਡ ਧੁਨਾਂ ਬਿਖੇਰਦਾ ਜੇਕਰ ਸੱਜੇ ਮੁੜਿਆ ਤਾਂ ਬਾਕੀ ਦਿਸ਼ਾਵਾਂ ਵਿਚ ਰਹਿਣ ਵਾਲੇ ਉਮੀਦਵਾਰ ਉਸ ਵਰੇ ਉਡੀਕਣਾ ਛੱਡ ਦੇਣਗੇ। ਅਗਲੇ ਵਰ੍ਹੇ ਜੇ ਮਾਸਟਰ ਖੱਬੇ ਪਾਸੇ ਮੁੜਿਆ ਤਾਂ ਸੱਜੇ ਪਾਸੇ ਦੀਆਂ ਵਸਨੀਕ ਧਿਰਾਂ ਦੀ ਸਲਾਮੀ ਵਾਲੀ ਆਸ ਮੁੱਕ ਜਾਂਦੀ। ਇੰਝ ਹੀ ਹੁੰਦਾ ਸੀ। ਵਿਸਾਖੀ ਵਾਲੇ ਦਿਨ ਸਰਘੀ ਵੇਲੇ ਮਿਊਂਸਪੈਲਿਟੀ ਵੱਲੋਂ ਸ਼ਹਿਰ ਦੀਆਂ ਸੜਕਾਂ ਉੱਤੇ ਸਫ਼ਾਈ ਪਿੱਛੋਂ ਪਾਣੀ ਦਾ ਤਰੌਂਕਾ ਲਾਇਆ ਜਾਂਦਾ। ਅਫ਼ਸਰਾਂ ਸਮੇਤ ਲੋਕ ਅੰਗਰੇਜ਼ੀ ਕਲੰਡਰ ਦੇ ਨਾਲ ਹੁਣ ਦੇਸੀ ਮਹੀਨਿਆਂ ਤੇ ਤਾਰੀਖਾਂ ਦਾ ਹਿਸਾਬ ਵੀ ਰੱਖਣ ਲੱਗ ਪਏ ਸਨ। ਆਮ ਤੌਰ ਤੇ ਸਵੇਰੇ ਦੇਰ ਨਾਲ ਜਾਗਣ ਵਾਲੇ ਓਸ ਦਿਨ ਛੇਤੀ ਉੱਠ ਖਲੋਂਦੇ। ਬੱਚੇ ਮਾਵਾਂ ਨਾਲ ਜ਼ਿਦ ਕਰਕੇ ਸਕੂਲੋਂ ਛੁੱਟੀ ਕਰ ਲੈਂਦੇ ਤੇ ਸਹੁਰਿਆਂ ਤੋਂ ਫ਼ੋਨ ਕਰ ਕੇ ਵਿਆਹੁਤਾ ਲੜਕੀਆਂ ਆਪਣੇ ਮਾਪਿਆਂ ਤੋਂ ਪੁੱਛਦੀਆਂ ਕਿ ਐਤਕੀਂ ਸਾਡੇ ਸ਼ਹਿਰ ਦਾ ਸਨਮਾਨ ਕਿਸ ਨੂੰ ਮਿਲਿਆ ਏ ?

ਪਿਆਰੇ ਲਾਲ ਜੀ ਦੀ ਚੋਣ ਉੱਤੇ ਕਈ ਵਾਰ ਅਚੰਭਾ ਜ਼ਰੂਰ ਹੁੰਦਾ ਪਰ ਇਹ ਕੋਈ ਨਹੀਂ ਸੀ ਆਖ ਸਕਦਾ ਕਿ ਗ਼ਲਤ ਬੰਦੇ ਨੂੰ ਸਨਮਾਨ ਭੇਂਟ ਕੀਤਾ ਗਿਆ। ਇਸ ਗੱਲ ਉੱਤੇ ਸਭ ਦੀ ਖ਼ਾਮੋਸ਼ ਸਹਿਮਤੀ ਸੀ ਕਿ ਬੈਂਡ ਮਾਸਟਰ ਜਿਹਨੂੰ ਸਲਾਮੀ ਦੇਵੇਗਾ, ਉਹ ਸ਼ਹਿਰ ਭਰ ਦੇ ਆਦਰ ਦਾ ਹੱਕਦਾਰ ਏ। ਕਈ ਲੋਕਾਂ ਨੂੰ ਸਾੜਾ ਜ਼ਰੂਰ ਹੁੰਦਾ ਪਰ ਹਰ ਥਾਂ ਉਸ ਬੰਦੇ ਦੀ ਲਾਜ਼ਮੀ ਇੱਜ਼ਤ ਕੀਤੀ ਜਾਂਦੀ।

ਇਕ ਸਾਲ ਕੈਥੋਲਿਕ ਗਿਰਜੇ ਦੇ ਪਾਦਰੀ ਨੂੰ ਸਲਾਮੀ ਦਿੱਤੀ ਗਈ। ਪਾਦਰੀ ਸਾਹਿਬ ਕੋਲ ਜ਼ਹਿਰ ਚੂਸਣ ਵਾਲਾ ਮਣਕਾ ਸੀ। ਤੇ ਉਹ ਸ਼ਹਿਰ ਤੇ ਆਲ ਦੁਆਲੇ ਦੇ ਪਿੰਡਾਂ ਵਿੱਚੋਂ ਆਉਣ ਵਾਲੇ ਸੱਪ ਦੇ ਡੰਗੇ ਲੋਕਾਂ ਦਾ ਮੁਫ਼ਤ ਇਲਾਜ ਕਰਦੇ ਸਨ। ਪਿਆਰੇ ਲਾਲ ਜੀ ਦੇ ਏਸ ਫ਼ੈਸਲੇ ਉੱਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਪਾਦਰੀ ਸਾਹਿਬ, ਜਿਨ੍ਹਾ ਦੀ ਪਹਿਲਾਂ ਹੀ ਬੜੀ ਇੱਜ਼ਤ ਸੀ, ਦਾ ਆਦਰ ਹੋਰ ਵਧ ਗਿਆ ਸੀ।

ਨਿੱਤ ਦੇ ਛੜੇ-ਛਾਂਟ ਪਿਆਰੇ ਲਾਲ ਜੀ ਲਈ ਇਸ ਸ਼ਹਿਰ ਵਿਚ ਸਭ ਕੁਝ ਮੁਫ਼ਤ ਏ। ਪਰ ਉਨ੍ਹਾ ਲੋੜ ਤੋਂ ਵੱਧ ਦਾ ਕਦੇ ਲਾਲਚ ਨਹੀਂ ਕੀਤਾ। ਉਹ ਜਿਹੜੇ ਮਰਜ਼ੀ ਹੋਟਲ ਤੋਂ ਜਿਵੇਂ ਦਾ ਚਾਹੁਣ, ਇਕ ਦਮੜੀ ਖਰਚੇ ਬਿਨਾ ਰੱਜ ਕੇ ਖਾ ਸਕਦੇ ਨੇ। ਮੌਸਮ ਬਦਲਦਿਆਂ ਹੀ ਸ਼ਹਿਰ ਦਾ ਮਸ਼ਹੂਰ ਬਜਾਜ਼ ਦੋ ਜੋੜੇ ਸਿਲਵਾ ਕੇ ਕਿੱਲੀ ਉੱਤੇ ਟੰਗ ਜਾਂਦਾ। ਗਰਮੀਆਂ ਵਿਚ ਉਹ 'ਜਲੰਧਰ ਚੱਪਲ ਸਟੋਰ' ਵਾਲਿਆਂ ਦੀ ਜੁੱਤੀ ਪਹਿਨਦੇ ਤੇ ਸਰਦੀਆਂ ਵਿਚ 'ਬਾਟਾ ਸ਼ੂ ਕੰਪਨੀ' ਦਾ ਮਕਾਮੀ ਡੀਲਰ ਆਪ ਚੁਬਾਰੇ 'ਚ ਆ ਕੇ ਗਰਮ ਬੂਟਾਂ ਦੀ ਜੋੜੀ ਰੱਖ ਜਾਂਦਾ। ਸਿਗਰਟ ਨੋਸ਼ੀ ਤੋਂ ਪਿਆਰੇ ਲਾਲ ਜੀ ਪ੍ਰਹੇਜ਼ ਕਰਦੇ। ਦਾਰੂ ਦੀ ਮਨਾਹੀ ਨਹੀਂ ਸੀ, ਪਰ ਉਹ ਪੀਂਦੇ ਸਿਰਫ਼ ਚਾਹ ਸਨ, ਦਿਹਾੜੀ ਵਿਚ ਤਿੰਨ ਵਾਰ। ਲਾਲ ਚੌਖੰਡੀ ਵਿਚਲੇ ਖੋਖੇ ਵਾਲੇ ਦੀ ਬੋਹਣੀ ਸਵੇਰ ਸਾਰ ਚੁਬਾਰੇ ਉੱਤੇ ਚਾਹ ਅਪੜਾਣ ਨਾਲ ਹੁੰਦੀ ਏ। ਦੁਪਹਿਰ ਤੇ ਸ਼ਾਮ ਦੀ ਚਾਹ ਪਿਆਰੇ ਲਾਲ ਜੀ ਆਪ ਖੋਖੇ ਦੇ ਥੜ੍ਹੇ ਉੱਤੇ ਬੈਠ ਕੇ ਪੀਂਦੇ ਨੇ।

ਅੱਵਲ ਤਾਂ ਉਹ ਬੀਮਾਰ ਹੁੰਦੇ ਨਹੀਂ ਪਰ ਜੇ ਕਦੇ ਦਵਾਈ ਲਈ ਹਸਪਤਾਲ ਜਾਣਾ ਪਵੇ ਤਾਂ ਸਾਰਾ ਅਮਲਾ ਉਨ੍ਹਾ ਦੀ ਸੇਵਾ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਇਕ ਵਾਰ ਪੋਹ ਵਿਚ ਬੀਮਾਰ ਹੋ ਗਏ ਤਾਂ ਉਨ੍ਹਾ ਦੇ ਚੁਬਾਰੇ ਵਿਚ ਉਹ ਲੋਕ ਵੀ ਪਤਾ ਲੈਣ ਆਏ ਜਿਨ੍ਹਾ ਕਦੇ ਆਪਣੇ ਸਕਿਆਂ ਦੀ ਸਾਰ ਨਹੀਂ ਲਈ। ਵਿਸਾਖੀ ਆਉਣ ਤਕ ਪਿਆਰੇ ਲਾਲ ਜੀ ਨੌਂ ਬਰ ਨੌਂ ਹੋ ਗਏ। ਕੋਈ ਵੇਖ ਕੇ ਗਵੇੜ ਨਹੀਂ ਲਾ ਸਕਦਾ ਸੀ ਕਿ ਬੁੱਢਾ ਸੌ ਵਰ੍ਹਿਆਂ ਨੂੰ ਟੱਪ ਖਲੋਤਾ ਏ। ਉਨ੍ਹਾ ਦੇ ਕਈ ਸ਼ਾਗਿਰਦ ਆਏ ਤੇ ਗਏ ਪਰ ਉਹ ਓਥੇ ਦੀ ਓਥੇ, ਕਾਇਮ ਦਾਇਮ।

ਦੀਮਾ ਧੋਬੀ ਪੁਰਾਣੀ ਵਰਦੀ ਦੀ ਥਾਂ ਕਲਫ਼ ਲੱਗੀ ਨਵੀਂ ਵਰਦੀ ਹੈਂਗਰ ਸਮੇਤ ਕਿੱਲੀ 'ਤੇ ਟੰਗ ਗਿਆ ਸੀ। ਜੇ ਉਨ੍ਹਾ ਨੂੰ ਪਤਾ ਲੱਗ ਜਾਂਦਾ ਕਿ ਇਹ ਅਹਿਮੂ ਸੀਹੜ ਨੇ ਧੋਬੀ ਨੂੰ ਭਿਜਵਾਈ ਏ ਤਾਂ ਉਹ ਕਦੇ ਨਾ ਪਹਿਣਦੇ। ਅਹਿਮੂ ਸੀਹੜ ਨੂੰ ਆਪਣੇ ਮਨ ਵਿਚ ਪੱਕ ਸੀ ਕਿ ਐਤਕੀਂ ਸਲਾਮੀ ਉਹਨੂੰ ਹੀ ਮਿਲਣੀ ਏ। ਤੇ ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਡਰਾਇੰਗ ਰੂਮ ਦੀ ਕੰਧ 'ਤੇ ਸਜਣ ਵਾਲੀ ਤਸਵੀਰ ਵਿਚ ਉਹਨੂੰ ਸਲੂਟ

ਕਰ ਰਹੇ ਬੈਂਡ ਮਾਸਟਰ ਦੀ ਵਰਦੀ ਉਹਦੇ ਲਿਸ਼ਕਦੇ ਪੈਂਟ ਕੋਟ ਦੇ ਮੁਕਾਬਲੇ ਵਿਚ ਬਦਰੰਗ ਤੇ ਫਿੱਕੀ ਨਜ਼ਰ ਆਵੇ। ਏਸ ਸਲਾਮੀ ਨੂੰ ਸ਼ਾਨਦਾਰ ਹੋਣਾ ਚਾਹੀਦਾ ਏ। ਅਹਿਮੂ ਸੀਹੜ ਨੇ ਸ਼ਹਿਰ ਦੇ ਸਭ ਤੋਂ ਵਧੀਆ ਕੈਮਰਾਮੈਨ ਨੂੰ ਚੁੱਪ ਚੁਪੀਤੇ ਸਾਈ ਫੜਾ ਛੱਡੀ ਸੀ।

ਪਿਆਰੇ ਲਾਲ ਜੀ ਨੇ ਬਹੁਤ ਗੌਹ ਕੀਤਾ ਪਰ ਉਨ੍ਹਾ ਨੂੰ ਕੋਈ ਜੀਅ ਅਜਿਹਾ ਨਜ਼ਰ ਨਹੀਂ ਆਇਆ ਜਿਹਨੂੰ ਏਸ ਵਰ੍ਹੇ ਦੀ ਸਲਾਮੀ ਦਿੱਤੀ ਜਾ ਸਕੇ। ਸ਼ਹਿਰ ਜਿਵੇਂ ਲੋਭੀ ਲੋਕਾਂ ਨਾਲ ਭਰਿਆ ਪਿਆ ਸੀ। ਚੰਗੇ ਬੰਦੇ ਤਾਂ ਸਾਰੇ ਲੱਦ ਗਏ ਸਨ। ਪਰ ਜਦ ਤਕ ਪਿਆਰੇ ਲਾਲ ਜੀ ਜਿਉਂਦੇ ਨੇ, ਹਰ ਵਰ੍ਹੇ ਉਹ ਕਿਸੇ ਨੂੰ ਸਲਾਮੀ ਜ਼ਰੂਰ ਪੇਸ਼ ਕਰਨਗੇ। ਖ਼ੈਰ, ਇਹਦਾ ਉਨ੍ਹਾ ਬੰਨ੍ਹ-ਸੁੱਭ ਕਰ ਲਿਆ ਸੀ।

ਵਿਸਾਖੀ ਵਾਲੇ ਦਿਨ ਦੀ ਹਰ ਕਿਸੇ ਨੂੰ ਉਡੀਕ ਸੀ। ਸਵੇਰ ਹੋਈ। ਪਿਆਰੇ ਲਾਲ ਜੀ ਦੇ ਲੱਥਣ ਤੋਂ ਪਹਿਲਾਂ ਹੀ ਚੌਖੰਡੀ ਵਿਚ ਹਲਚਲ ਸ਼ੁਰੂ ਹੋ ਗਈ। ਸਭ ਤੋਂ ਅੱਗੋਂ ਚਾਹ ਵਾਲੇ ਖੋਖੇ ਉੱਤੇ ਕੈਮਰਾਮੈਨ ਅੱਪੜਿਆ। ਥੜ੍ਹਿਆਂ ਉੱਤੇ ਬੈਠੇ ਬੰਦੇ ਪਿਛਲੇ ਸਾਲਾਂ ਵਾਂਗ ਇਸ ਵਰ੍ਹੇ ਦੀ ਸਲਾਮੀ ਦੇ ਜੇਤੂ ਬਾਰੇ ਸ਼ਰਤਾਂ ਲਾ ਰਹੇ ਸਨ। ਇਕ ਆਦਮੀ ਨੇ ਭੋਇੰ ਉੱਤੇ ਕਰਾਸ ਦਾ ਨਿਸ਼ਾਨ ਵਾਹਿਆ ਤੇ ਸਭ ਨੂੰ ਮਤਵੱਜਾ ਕਰਕੇ ਪੁੱਛਣ ਲੱਗਾ ਕਿ ਦੱਸੋ ਭਲਾ ਇਹ ਚੌਖੰਡੀ ਵਿੱਚੋਂ ਬੈਂਡ ਮਾਸਟਰ ਕਿਹੜੀ ਦਿਸ਼ਾ ਨੂੰ ਨਿਕਲੇਗਾ ?

''ਸੱਜੇ '' ਕੈਮਰਾਮੈਨ ਝੱਟ ਬੋਲਿਆ।

''ਸ਼ਰਤ ਲਾਉਂਦਾ ਏਂ ?'' ਕਿਸੇ ਨੇ ਕਿਹਾ।

ਕੈਮਰਾਮੈਨ ਨੂੰ ਪੂਰਾ ਯਕੀਨ ਸੀ, ਕਿਉਂਕਿ ਅਹਿਮੂ ਸੀਹੜ ਦਾ ਘਰ ਸੱਜੇ ਹੱਥ ਈ ਸੀ। ਉਹਨੇ ਸ਼ਰਤ ਲਾਉਂਦਿਆਂ ਚਿਰ ਨਾ ਲਾਇਆ। ਖੋਖੇ ਉੱਤੇ ਮੌਜੂਦ ਬੰਦੇ ਗਿਣੇ ਗਏ ਤੇ ਸਲਾਮੀ ਤੋਂ ਬਾਅਦ ਹਾਰਨ ਵਾਲੇ ਦੇ ਪੱਲਿਓਂ ਸਾਰਿਆਂ ਨੂੰ ਚਾਹ ਪਿਲਾਉਣ ਦਾ ਵਾਅਦਾ ਕੀਤਾ ਗਿਆ। ਹਰ ਵਿਸਾਖੀ ਨੂੰ ਸ਼ਹਿਰ ਵਿਚ ਅਜਿਹੀਆਂ ਛੋਟੀਆ-ਮੋਟੀਆਂ ਸ਼ਰਤਾਂ ਲਗਦੀਆਂ ਸਨ, ਜਿਨ੍ਹਾਂ ਨੂੰ ਤੁਸੀਂ ਜੂਆ ਨਹੀਂ ਆਖ ਸਕਦੇ।

ਚੁਬਾਰੇ 'ਚ ਜਦੋਂ ਪਿਆਰੇ ਲਾਲ ਜੀ ਵਰਦੀ ਪਾ ਰਹੇ ਸਨ, ਠੀਕ ਓਦੋਂ ਸ਼ਹਿਰ ਦੇ ਵੱਖ ਵੱਖ ਕੋਨਿਆਂ ਵਿਚ ਕਈ ਬੰਦੇ ਆਪਣੇ ਘਰਾਂ ਵਿਚ ਬਣ ਫੱਬ ਰਹੇ ਸਨ। ਜਿਨ੍ਹਾ ਵਿੱਚੋਂ ਚਾਰ ਬੰਦਿਆਂ ਨੂੰ ਤਾਂ ਆਪਣੇ ਵੱਲੋਂ ਜਿਵੇਂ ਪੱਕਾ ਯਕੀਨ ਸੀ। ਰਿਟਾਇਰਡ ਤਹਿਸੀਲਦਾਰ, ਬਾਰ ਕੌਂਸਲ ਦਾ ਸਦਰ, ਨੋਟਰੀ ਪਬਲਿਕ ਵਾਲਾ ਵਕੀਲ ਤੇ ਚੇਅਰਮੈਨ। ਬਾਰ ਕੌਂਸਲ ਦਾ ਸਦਰ ਤਾਂ ਪਿਛਲੇ ਪੰਦਰਾਂ ਦਿਨਾਂ ਤੋਂ ਲਗਾਤਾਰ ਸ਼ਾਮੀਂ ਲਾਲ ਚੌਖੰਡੀ ਵਾਲੇ ਖੋਖੇ 'ਤੇ ਚਾਹ ਪੀਣ ਆ ਰਿਹਾ ਸੀ। ਤੇ ਓਥੇ ਮੌਜੂਦ ਪਿਆਰੇ ਲਾਲ ਜੀ ਨੂੰ ਸੁਣਾਉਣ ਲਈ 'ਵਿਸਾਖੀ ਵਾਲੇ ਦਿਨ ਮੈਂ ਘਰ ਈ ਹੋਵਾਂਗਾ' ਘੱਟੋ ਘੱਟ ਇਕ ਵਾਰ ਜ਼ਰੂਰ ਬੋਲਦਾ। ਮਤਲਬ ਕਿ ਪਿਆਰੇ ਲਾਲ ਕਿਧਰੇ ਉਨ੍ਹਾ ਨੂੰ ਕਚਹਿਰੀ 'ਚ ਨਾ ਲੱਭਦਾ ਫਿਰੇ।

ਦਸ ਵਜੇ ਦੇ ਲਾਗੇ ਜਦੋਂ ਚੌਖੰਡੀ ਵਿਚ ਬਾਲਾਂ ਦੀ ਚੋਖੀ ਭੀੜ ਜਮਾ ਹੋ ਗਈ ਸੀ, ਪਿਆਰੇ ਲਾਲ ਜੀ ਨਵੀਂ ਨਕੋਰ ਵਰਦੀ ਵਿਚ ਆਪਣੇ ਬੈਂਡ ਸਮੇਤ ਥੱਲੇ ਉੱਤਰੇ। ਸਭ ਤੋਂ ਪਹਿਲਾਂ ਤੂਤੇ ਵਾਲੇ ਇਕ ਵਾਰ ਲੰਮਾ ਸਾਰਾ 'ਪੂੰ ਪਾਂ' ਕੀਤਾ। ਫਿਰ ਢੋਲੀ ਨੇ ਡੱਗਾ ਮਾਰਿਆ ਤੇ ਮੁੜ ਛੈਣਿਆਂ ਦੀ ਤਾਲ ਵਿਚ ਤੁਰੀਆਂ ਵਾਲਿਆਂ ਨੇ ਭਗਤ ਸਿੰਘ ਦੀ ਘੋੜੀ ਦੀ ਧੁਨ ਵਜਾਈ। ਏਹੀ ਰਿਵਾਜ ਸੀ। ਹਰ ਸਾਲ ਮੁੱਢ ਇੰਝ ਈ ਬੱਝਦਾ। ਤੂਤੇ ਵਾਲੇ ਦੀ ਲੰਮੀ 'ਪੂੰ ਪਾਂ' ਸਾਰੇ ਸ਼ਹਿਰ ਵਿਚ ਸੁਣੀ ਗਈ। ਸਲਾਮੀ ਵਾਲੇ ਕਾਫ਼ਲੇ ਨਾਲ ਰਲਣ ਲਈ ਲੋਕ ਗਲੀਆਂ ਬਾਜ਼ਾਰਾਂ ਵਿੱਚੋਂ ਨਿਕਲ ਕੇ ਸੜਕ 'ਤੇ ਆ ਗਏ। ਧੁਨਾਂ ਬਿਖੇਰਦੇ ਬੈਂਡ ਨੇ ਐਤਕੀਂ ਕਿਸੇ ਇਕ ਦਿਸ਼ਾ ਵੱਲ ਮੂੰਹ ਕਰਨ ਦੀ ਬਜਾਏ ਸੋਟੀ ਘੁਮਾਉਂਦੇ ਹੋਏ ਬੈਂਡ ਮਾਸਟਰ ਪਿੱਛੇ ਚੌਖੰਡੀ ਵਿਚਲੇ ਦਾਇਰੇ ਦਾ ਚੱਕਰ ਪੂਰਾ ਕੀਤਾ। ਢੋਲੀ ਨੇ ਆਪਣੀ ਥਾਪ ਰਾਹੀਂ ਬਾਲਾਂ ਨੂੰ ਭੰਗੜੇ ਦੇ ਆਹਰ ਲਾ ਦਿੱਤਾ। 'ਆਉਂਦੀਆਂ ਨਸੀਬਾਂ ਨਾਲ ਇਹ ਘੜੀਆਂ' ਵਾਲੀ ਧੁਨ ਸ਼ੁਰੂ ਹੁੰਦਿਆਂ ਹੀ ਲੋਕ ਚੌਖੰਡੀ ਵੱਲ ਨੂੰ ਦੌੜ ਪਏ। ਉਨ੍ਹਾ ਦੇ ਓਥੇ ਆਉਣ ਤੀਕ ਤੂਤੇ ਵਾਲੇ ਨੇ ਛੇਕੜਲਾ ਸੁਰ ਫੂਕ ਦਿੱਤਾ ਸੀ।

ਬੈਂਡ ਮਾਸਟਰ ਪਿਆਰੇ ਲਾਲ ਜੀ ਦੇ ਸੋਟੀ ਖੱਬੀ ਕੱਛ ਵਿਚ ਦੱਬਣ ਤੋਂ ਪਹਿਲਾਂ ਹੀ ਚੁਬਾਰੇ ਦੀ ਛੱਤ ਉੱਤੋਂ 1020 ਦੀ ਈਧੀ ਸਾਹਿਬ ਦੀ ਤਸਵੀਰ ਵਾਲੀ ਫਲੈਕਸ ਥੱਲੇ ਲਮਕ ਪਈ। ਚੌਖੰਡੀ ਤੋਂ ਸੱਜੇ ਪਾਸੇ ਤੁਰਿਆ ਜਾਂਦਾ ਕੈਮਰਾਮੈਨ ਇਹ ਵੇਖ ਕੇ 'ਅਬਦੁਲ ਸੱਤਾਰ ਈਧੀ' ਦੇ ਨਾਅਰੇ ਲਾਉਂਦਾ ਮੁੜ ਪਿਆ। ਬੈਂਡ ਮਾਸਟਰ ਪਿਆਰੇ ਲਾਲ ਜੀ ਨੇ ਅਗਾਂਹ ਵਧ ਕੇ ਪੂਰੀ ਸ਼ਰਧਾ ਨਾਲ ਈਧੀ ਸਾਹਿਬ ਨੂੰ ਸਲਾਮੀ ਪੇਸ਼ ਕਰ ਦਿੱਤੀ। ਇਹ ਪਹਿਲੀ ਵਾਰ ਸੀ ਕਿ 'ਜ਼ਿੰਦਾਬਾਦ' ਆਖਦੇ ਮਜਮੇ ਦੇ ਹੱਥ ਵੀ ਆਪ ਮੁਹਾਰੇ ਸਲਾਮੀ ਲਈ ਉਠ ਗਏ ਸਨ।


ਯੂ. ਐੱਸ. ਐੱਸ. ਆਰ. ਵੱਲੋਂ ਮਿਲੇ 'ਲੈਨਿਨ ਅਮਨ ਪ੍ਰਾਈਜ਼ ਦੀ ਤੁਲਨਾ ਵਿਚ ਈਧੀ ਸਾਹਿਬ ਨੂੰ ਬੈਂਡ ਮਾਸਟਰ ਪਿਆਰੇ ਲਾਲ ਜੀ ਵੱਲੋਂ ਭੇਂਟ ਕੀਤਾ ਗਿਆ ਸਨਮਾਨ ਭਾਵੇਂ ਬੜਾ ਛੋਟਾ ਸੀ, ਪਰ ਇਹ ਸ਼ਹਿਰ ਭਰ ਦੇ ਪਖੰਡੀਆਂ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਬਹੁਤ ਹੀਣਾ ਕਰ ਗਿਆ। ਖ਼ਾਸ ਕਰਕੇ ਅਹਿਮਦੂ ਸੀਹੜ ਨੂੰ।

ਵਿਸਾਖੀ ਤੋਂ ਪਿੱਛੋਂ ਇਕ ਦਿਨ ਪਿਆਰੇ ਲਾਲ ਜੀ ਰੋਜ਼ ਵਾਂਗ ਥੱਲੇ ਉੱਤਰੇ ਤਾਂ ਭੋਇੰ ਤੇ ਪੈਰ ਰਖਦਿਆਂ ਹੀ ਕੇਲੇ ਦੇ ਛਿਲਕੇ ਵਾਂਗੂੰ ਤਿਲਕ ਗਏ। ਸੰਭਲਣ ਲਈ ਉਨ੍ਹਾ ਸੱਜੇ ਹੱਥ ਦਾ ਸਹਾਰਾ ਲਿਆ ਤਾਂ ਉਨ੍ਹਾ ਦੇ ਆਪਣੇ ਭਾਰ ਨਾਲ ਹੀ ਗੁੱਟ ਟੁੱਟ ਗਿਆ। ਚਾਂਗਰ ਸੁਣ ਕੇ ਦੂਰ ਨੇੜੇ ਦੇ ਗਲੀ ਮੁਹੱਲਿਆਂ ਵਿੱਚੋਂ ਲੋਕ ਇਕੱਠੇ ਹੋ ਗਏ , ਸਿਵਾਏ ਨੇੜੇ ਹੀ ਰਹਿਣ ਵਾਲੇ ਅਹਿਮਦੂ ਸੀਹੜ ਦੇ। ਪਿਆਰੇ ਲਾਲ ਜੀ ਨੂੰ ਚੁੱਕ ਕੇ ਖੜ੍ਹਾ ਕੀਤਾ

## ਹਿੰਦੀ ਕਵਿਤਾਵਾਂ / ਕੁਮਾਰ ਕ੍ਰਿਸ਼ਨ / ਅਨੁਵਾਦ : ਅਮਰਜੀਤ ਕੌਂਕੇ

### ਠੰਡ ਵਿਚ ਧੁੱਪ

ਏਧਰੋਂ ਉਧਰ ਉਡਦੀ ਚਿੜੀ ਹੈ
ਠੰਡ ਵਿਚ ਧੁੱਪ
ਵਾਰ ਵਾਰ ਕਹਿੰਦੀ ਹੈ
ਨਾ ਰੋਕੋ ਮੇਰਾ ਰਾਹ
ਨਾ ਫੜੋ ਮੇਰੇ ਅੱਗ ਦੇ ਖੰਭ
ਮੈਂ ਹਾਂ ਧਰਤੀ ਦੀ ਜ਼ਰੂਰਤ
ਉਸਦਾ ਵਿਸ਼ਵਾਸ
ਸਵਰਗ ਤੋਂ ਉੱਤਰੀ ਉਰਵਸ਼ੀ
ਸੂਰਜ ਦੀ ਪਤੰਗ
ਦੇਖੋ ਉਸ ਪਰਨੇ ਵਾਲੇ ਆਦਮੀ ਨੂੰ
ਦੇਖੋ ਉਸ ਫਟੀ
ਚੁੰਨੀ ਵਾਲੀ ਔਰਤ ਨੂੰ
ਇਧਰ ਉਧਰ ਲੱਭ ਰਹੇ ਨੇ ਮੈਨੂੰ
ਮੈਂ ਵਾਦਾ ਕੀਤਾ ਸੀ
ਹਰ ਰੋਜ਼ ਮਿਲਣ ਆਵਾਂਗੀ
ਮੈਂ ਉਨ੍ਹਾਂ ਦੀ ਹਿੰਮਤ ਦੀ
ਉਮੀਦ ਹਾਂ
ਮੈਨੂੰ ਆਉਂਦਾ ਹੈ
ਠੰਡ ਦਾ ਅਪਹਰਣ ਕਰਨਾ
ਤੁਸੀਂ ਮਿਲਣਾ ਮੈਨੂੰ
ਜੇਠ ਦੀ ਦੋਪਹਿਰ ਵਿਚ
ਜਦੋਂ ਪਰਨੇ ਵਾਲਾ
ਨਹੀਂ ਭਾਲੇਗਾ ਮੈਨੂੰ
ਅਸੀਂ ਦੋਵੇਂ ਕਰਾਂਗੇ
ਢੇਰ ਸਾਰੀਆਂ ਗੱਲਾਂ
ਕਿਸੇ ਦਰਖਤ ਦੇ ਥੱਲੇ ਬੈਠ ਕੇ
ਮੈਂ ਸੁਣਾਵਾਂਗੀ
ਸੂਰਜ ਦੇ ਘੋੜਿਆਂ ਦੀਆਂ ਕਹਾਣੀਆਂ
ਅਜੇ ਨਾ ਰੋਕੋ ਮੇਰਾ ਰਸਤਾ
ਜਾਣ ਦਿਉ ਮੈਨੂੰ ਧਰਤੀ ਤੇ।



### ਸੁਪਨੇ

ਜਿੰਨੀ ਵਾਰ
ਟਪਕਦੀ ਹੈ
ਅੱਖ ਵਿਚੋਂ ਉਮਰ
ਉਨੇ ਹੀ ਵਾਰ ਡਿਗਦੇ ਨੇ
ਸੁਪਨਿਆਂ ਦੇ ਬੀਜ
ਬਚੀ ਰਹੇਗੀ
ਜਦੋਂ ਤੱਕ ਧਰਤੀ ਵਿਚ
ਸੁਪਨਿਆਂ ਦੀ ਉਮੀਦ
ਸੁਪਨਿਆਂ ਦੀ
ਜਿਉਣ ਦੀ ਇੱਛਾ
ਲੈਂਦੇ ਰਹਿਣਗੇ
ਵਾਰ ਵਾਰ ਸੁਪਨੇ
ਸੁਪਨੇ ਕੁਝ ਨਹੀਂ ਮੰਗਦੇ
ਉਨ੍ਹਾਂ ਨੂੰ ਚਾਹਿਦਾ ਹੈ
ਥੋੜਾ ਜਿਹਾ ਪਾਣੀ
ਥੋੜਾ ਜਿਹਾ ਪਿਆਰ
ਥੋੜਾ ਜਿਹਾ ਹੌਂਸਲਾ
ਥੋੜਾ ਵਿਸ਼ਵਾਸ
ਥੋੜੀ ਜਿਹੀ
ਅੱਗ ਵੀ ਮਿਲ ਜੇ
ਤਾਂ ਦੌੜਨ ਲੱਗਣਗੇ ਫਿਰ ਤੋਂ
ਮਰਨ ਕਿਨਾਰੇ ਪਏ ਸੁਪਨੇ।

### ਪਹਾੜ

ਮੈਂ ਲੈ ਆਇਆ ਹਾਂ ਪੂਰਾ ਪਹਾੜ
ਆਪਣੇ ਨਾਲ
ਉਸਨੂੰ ਰੱਖ ਦਿੱਤਾ ਹੈ ਮੈਂ ਮੇਜ ਤੇ
ਥੋੜਾ ਜਿਹਾ ਬਸਤੇ ਵਿਚ
ਕੁਝ ਲਟਕਾ ਦਿੱਤਾ ਹੈ ਕੰਧ ਤੇ
ਲੁਕੋ ਲਿਆ ਹੈ
ਕੁਝ ਸਰਾਹਣੇ ਦੇ ਥੱਲੇ
ਸੁਪਨਿਆਂ ਦੇ ਲਈ
ਮੈਂ ਕੀਤੇ ਵੀ ਰਹਾਂ
ਪਹਾੜ ਤੁਰਦਾ ਹੈ
ਹਰ ਵਕਤ ਮੇਰੇ ਨਾਲ
ਪਹਾੜ ਕਹਿੰਦਾ ਹੈ ਬਾਰ ਬਾਰ
ਲੁਕੋ ਲੈ ਮੈਨੂੰ ਆਪਣੀਆਂ
ਕਵਿਤਾਵਾਂ ਦੇ ਵਿਚ
ਸ਼ਾਇਦ ਉੱਥੇ ਬਚੀ ਹੈ
ਮੇਰੇ ਲੁਕਣ ਦੀ ਥਾਂ
ਲੁਕੋ ਲੈ ਮੇਰੀ ਬੰਸਰੀ
ਮੇਰਾ ਹਰਾ ਦੁਪੱਟਾ
ਮੇਰੀ ਅੱਗ, ਮੇਰੀ ਹਵਾ,
ਮੇਰੇ ਬੱਦਲ
ਮੇਰੀਆਂ ਨਦੀਆਂ ਦੇ ਅੱਥਰੂ
ਮੈਂ ਨੱਚਣਾ ਚਾਹੁੰਦਾ ਹਾਂ
ਆਪਣੇ ਜ਼ਖਮੀ ਪੈਰਾਂ ਦੇ ਨਾਲ
ਸ਼ਾਇਦ ਜਾਗ ਜਾਣ
ਡੂੰਘੀ ਨੀਂਦ ਵਿਚ ਸੁੱਤੇ ਲੋਕ।

ਗਿਆ। ਉਹ ਬਾਂਹ ਉਤਾਂਹ ਕਰਦੇ ਤਾਂ ਸੱਜਾ ਹੱਥ ਲੇਲੇ ਦੇ ਕੰਨ ਵਾਂਗ ਲਮਕ ਜਾਂਦਾ। ਹਸਪਤਾਲ ਲਿਜਾਣ ਤੋਂ ਪਹਿਲਾਂ ਕਈ ਵਾਰ ਤੱਤੇ ਤਾਅ ਉਨ੍ਹਾ ਦਾ ਗੁੱਟ ਚਾੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਡਾਕਟਰਾਂ ਨੇ ਐਕਸਰੇ ਤੋਂ ਬਾਅਦ ਦੱਸਿਆ ਕਿ ਹੱਡੀ ਟੁੱਟ ਗਈ ਏ, ਜੁੜ ਜਾਵੇਗੀ ਪਰ ਸ਼ਾਇਦ ਗੁੱਟ ਚਾੜ੍ਹਨ ਦੇ ਚੱਕਰ ਵਿਚ ਹੱਥ ਨੂੰ ਵਾਰ ਵਾਰ ਹਿਲਾਉਣ ਕਾਰਨ ਪੱਠਾ ਕੱਟ ਕੀਤਾ ਏ, ਉਹਦਾ ਕੋਈ ਉਪਾਅ ਨਹੀਂ। ਉਹ ਸੁੱਕ ਜਾਵੇਗਾ ਤੇ ਹੱਥ ਸਦਾ ਲਈ ਬੇਕਾਰ ਹੋ ਜਾਵੇਗਾ। ਤੇ ਇੰਝ ਸਾਡੇ ਸ਼ਹਿਰ ਵਿਚ ਇਕ ਮਰਯਾਦਾ ਦਾ ਖ਼ਾਤਮਾ ਹੋ ਗਿਆ।

**99150-99926**

## ਪਰਵਾਸੀ ਪੰਜਾਬੀ ਕਵਿਤਾ : ਵਿਭਿੰਨ ਪਾਸਾਰ / ਡਾ. ਵੰਦਨਾ


ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ, ਮੂਲ ਪੰਜਾਬੀ ਸਾਹਿਤ ਸਿਰਜਣਧਾਰਾ ਦਾ ਮਹੱਤਵਪੂਰਨ ਅੰਗ ਹੁੰਦੀ ਹੋਈ ਵੀ ਆਪਣਾ ਵੱਖਰਾ ਪਰਿਵੇਸ਼ ਅਤੇ ਵਿਲੱਖਣ ਚਰਿੱਤਰ ਪ੍ਰਸਤੁਤ ਕਰਦੀ ਹੈ ਜਿਸ ਕਰਕੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਆਪਣੇ ਆਪ ਵਿਚ ਇਕ ਨਿਵੇਕਲੇ ਸਾਹਿਤਕ ਜਗਤ ਦੀ ਧਾਰਨੀ ਹੈ ਜਿਹੜਾ ਵਿਭਿੰਨ ਸਭਿਆਚਾਰਾਂ ਦੇ ਸੰਦਰਭ ਵਿਚ ਸਿਰਜਿਆ ਜਾ ਰਿਹਾ ਹੈ। ਇਸੇ ਸਾਹਿਤਕ ਧਾਰਾ ਦੇ ਅੰਤਰ ਸਾਹਿਤ ਸਿਰਜਣਾ ਵਿਚ ਕਵਿਤਾ, ਨਾਵਲ, ਨਾਟਕ, ਕਹਾਣੀ ਅਤੇ ਵਾਰਤਕ ਰਚੀ ਜਾ ਰਹੀ ਹੈ ਪਰ ਸਭ ਤੋਂ ਵੱਧ ਅਤੇ ਪ੍ਰਭਾਵਸ਼ਾਲੀ ਸਥਿਤੀ ਪੰਜਾਬੀ ਕਵਿਤਾ ਦੀ ਹੀ ਰਹੀ ਹੈ। ਪਰਵਾਸ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਦੀ ਵੰਨ-ਸੁਵੰਨਤਾ, ਬਹੁਪਰਤੀ ਅਤੇ ਬਹੁ-ਪਾਸਾਰੀ ਚਰਿੱਤਰ ਧਾਰਨ ਕਰਦੀ ਹੋਈ ਕਾਵਿਕਤਾ ਦੇ ਪੱਖੋਂ ਸਮੁੱਚੀ ਪੰਜਾਬੀ ਕਵਿਤਾ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹੋਈ ਹੈ।

ਪਰਵਾਸੀ ਪੰਜਾਬੀ ਕਵਿਤਾ ਦਾ ਮੁੱਢ ਗਦਰ ਲਹਿਰ ਦੀ ਕਵਿਤਾ ਤੋਂ ਬੱਝਦਾ ਹੈ। ਗਦਰ ਲਹਿਰ ਦੇ ਕਵੀਆਂ ਨੇ ਬਸਤੀਵਾਦੀਆਂ ਦੀਆਂ ਰਾਜਨੀਤਿਕ ਚਾਲਾਂ, ਭਾਰਤ ਦੀ ਗੁਲਾਮੀ ਅਤੇ ਪੱਛਮ/ਯੂਰਪ ਵਿਚ ਭਾਰਤੀਆਂ ਨਾਲ ਹੋ ਰਹੇ ਸਲੂਕ ਬਾਰੇ ਸਰਲ ਕਵੀਸ਼ਰੀ/ਕਵਿਤਾ ਦੀ ਸਿਰਜਣਾ ਕੀਤੀ। ਗਦਰ ਲਹਿਰ ਦੇ ਕਵੀਆਂ ਨੇ ਆਜ਼ਾਦੀ ਪ੍ਰਾਪਤੀ ਦੇ ਸੰਕਲਪ ਨੂੰ ਕੇਂਦਰ ਵਿਚ ਰੱਖ ਕੇ ਇਨਕਲਾਬੀ ਸੁਰ ਵਾਲੀ ਕਵਿਤਾ ਨੂੰ ਸਿਰਜਿਆ। ਗਦਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਰਚੀ ਗਈ ਗਦਰ ਨਾਲ ਸੰਬੰਧਿਤ ਕਵਿਤਾ ਸਾਮਰਾਜਵਾਦੀ ਵਿਰੁੱਧ ਗੁਲਾਮੀ ਭੋਗ ਰਹੀ ਮਾਨਸਿਕਤਾ ਲਈ ਇਕ ਵੰਗਾਰ ਅਤੇ ਆਜ਼ਾਦੀ ਦੇ ਸੰਘਰਸ਼ ਲਈ ਪ੍ਰੇਰਨਾ ਦੇ ਸਰੋਕਾਰਾਂ ਨਾਲ ਲਬਰੇਜ਼ ਹੈ। ਗਦਰ ਲਹਿਰ ਦੀ ਕਵਿਤਾ ਦੀ ਹੋਂਦ ਸੰਬੰਧੀ ਡਾ. ਜੋਗਿੰਦਰ ਸਿੰਘ ਨਹਿਰੂ ਦਾ ਕਥਨ ਵਿਚਾਰਨ ਯੋਗ ਹੈ:

"'ਗਦਰ ਗੂੰਜਾਂ' ਕਵਿਤਾ ਨਾਲ ਉੱਤਰੀ ਅਮਰੀਕਾ ਵਿਚ ਪੰਜਾਬੀ ਸਾਹਿਤ ਦਾ ਸੂਤਰਪਾਤ ਹੁੰਦਾ ਹੈ। ਇਹ ਪ੍ਰਥਮ ਵਾਰ ਹੁੰਦਾ ਹੈ ਕਿ ਪੰਜਾਬੀ ਸਾਹਿਤ ਦੀ ਰਚਨਾ ਆਪਣੇ ਪੰਜਾਬ ਤੋਂ ਬਾਹਰ ਕਿਸੇ ਹੋਰ ਥਾਂ ਸੱਤ ਸਮੁੰਦਰੋਂ ਪਾਰ ਹੋਣੀ ਸ਼ੁਰੂ ਹੁੰਦੀ ਹੈ।"1

ਗਦਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਰਚੀ ਗਈ ਇਹ ਕਵਿਤਾ ਸਾਮਰਾਜਵਾਦ ਵਿਰੁੱਧ ਗੁਲਾਮੀ ਭੋਗ ਰਹੀ ਮਾਨਸਿਕਤਾ ਲਈ ਇਕ ਵੰਗਾਰ ਹੈ। ਗਦਰ ਲਹਿਰ ਦੀ ਕਵਿਤਾ ਆਜ਼ਾਦੀ ਦੇ ਸੰਘਰਸ਼ ਨੂੰ ਗਤੀਸ਼ੀਲ ਰੱਖਣ ਅਤੇ ਉਸ ਤੋਂ ਪ੍ਰੇਰਨਾ ਲੈਣ ਵਾਲੇ ਸਰੋਕਾਰਾਂ ਨਾਲ ਲਬਰੇਜ਼ ਹੈ। ਗਦਰ ਲਹਿਰ ਦੀ ਕਵਿਤਾ ਦੇ ਮੁੱਖ ਥੀਮਕ ਪਾਸਾਰ ਗੁਲਾਮ ਦੇਸ਼ ਦੇ ਵਾਸੀ ਹੋਣ ਦਾ ਅਹਿਸਾਸ, ਦੇਸ਼ ਭਗਤੀ ਵਾਲਾ ਜਜ਼ਬਾ, ਮਾਨਵੀ ਹੋਂਦ ਦੀ ਤਲਾਸ਼, ਮਜ਼ਦੂਰ ਚੇਤਨਾ, ਸਰਵ ਸਾਂਝੀਵਾਲਤਾ ਆਦਿ ਵਿਸ਼ੇਸ਼ ਰੂਪ ਵਿਚ ਉਭਰੇ ਹਨ।

ਪਰਵਾਸੀ ਪੰਜਾਬੀ ਕਵਿਤਾ ਦੇ ਵਿਭਿੰਨ ਸਰੋਕਾਰ ਪਰਵਾਸ ਅਤੇ ਪਰਵਾਸੀ ਹੋਂਦ ਦੀ ਚੇਤਨਾ ਦੇ ਮੂਲ ਪਾਸਾਰ ਹੀ ਹਨ। ਪਰਵਾਸੀ ਪੰਜਾਬੀ ਕਵਿਤਾ ਉਨ੍ਹਾਂ ਪਰਿਸਥਿਤੀਆਂ ਦੀ ਉੱਪਜ ਹੋ ਨਿੱਬੜਦੀ ਹੈ ਜਿਹੜੀਆਂ ਪਰਵਾਸ ਦੀ ਵਿਕਸਿਤ ਪੂੰਜੀਵਾਦੀ ਵਿਵਸਥਾ ਦੀ ਦੇਣ ਹਨ ਜਿਸ ਕਾਰਨ ਪਰਵਾਸੀ ਪੰਜਾਬੀ ਕਵੀਆਂ ਦੇ ਚਿੰਤਨ ਸਰੋਕਾਰ ਉਨ੍ਹਾਂ ਸਮੱਸਿਆਵਾਂ, ਅਨੁਭਵਾਂ ਅਤੇ ਸੰਘਰਸ਼ਾਂ ਨਾਲ ਹੈ, ਜਿਸ ਨਾਲ ਪੰਜਾਬੀ ਵਰ੍ਹਿਆਂ ਤੋਂ ਜੀਅ ਅਤੇ ਜੂਝ ਰਹੀ ਹੈ। 20ਵੀਂ ਸਦੀ ਦੇ ਆਰੰਭ ਵਿਚ ਪੰਜਾਬੀਆਂ ਨੇ ਰੁਜ਼ਗਾਰ ਦੀ ਭਾਲ ਲਈ ਅਤੇ ਆਰਥਿਕ ਪੱਖੋਂ ਖੁਸ਼ਹਾਲ ਹੋਣ ਲਈ ਚੰਗੇ ਮੁਲਕਾਂ ਵਿਚ ਜਾ ਕੇ ਪਰਵਾਸ ਧਾਰਨ ਕਰ ਲਿਆ। ਇਸ ਸਮੇਂ ਦੌਰਾਨ ਵਿਦੇਸ਼ਾਂ ਵਿਚ ਗਏ ਪਰਵਾਸੀ ਪੰਜਾਬੀਆਂ ਨੇ ਖੂਬ ਮਿਹਨਤ ਮੁਸ਼ੱਕਤ ਕੀਤੀ ਅਤੇ ਆਰਥਿਕ ਪੱਖੋਂ ਵੀ ਮਜ਼ਬੂਤ ਹੋਏ ਪਰ ਡਾਲਰ/ਪੌਂਡ ਕਮਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸੀਬਤਾਂ, ਦੁਸ਼ਵਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ। ਅਜਿਹੀਆਂ ਸਥਿਤੀਆਂ ਵਿਚ ਪਰਵਾਸੀ ਪੰਜਾਬੀ ਬੰਦੇ/ਕਵੀ ਅੰਦਰ ਪੈਦਾ



ਹੋਈਆਂ ਭਾਵਨਾਵਾਂ, ਅਨੁਭਵ ਹੀ ਇਸ ਦੌਰ ਦੀ ਕਵਿਤਾ ਦੇ ਪ੍ਰਮੁੱਖ ਵਿਚਾਰਧਾਰਕ ਆਧਾਰ ਬਣਦੇ ਹਨ।

ਪਰਵਾਸ ਦਾ ਵਰਤਾਰਾ ਪੰਜਾਬੀ ਕਵਿਤਾ ਵਿਚ ਪ੍ਰਮੁੱਖ ਥੀਮਕ ਪਾਸਾਰ ਵਜੋਂ ਉੱਭਰ ਕੇ ਪੇਸ਼ ਹੁੰਦਾ ਹੈ। ਇਸ ਕਿਸਮ ਦੀ ਕਵਿਤਾ ਵਿਚ ਸਭਿਆਚਾਰਕ ਅਤੇ ਮਾਨਸਿਕ ਸੰਕਟ ਵਿਚਲੇ ਪਹਿਲੂਆਂ ਜਿਵੇਂ ਕਿ ਰੁਦਨ, ਭੂ-ਹੇਰਵਾ, ਉਦਰੇਵਾਂ, ਪੀੜ੍ਹੀ-ਪਾੜਾ, ਨਸਲੀ ਵਿਤਕਰਾ, ਸਭਿਆਚਾਰਕ ਵਿੱਥ, ਬੇਗਾਨਗੀ ਦਾ ਅਹਿਸਾਸ, ਪੰਜਾਬ ਸੰਕਟ, ਬ੍ਰਹਿਮੰਡੀ ਚੇਤਨਾ, ਪਰਵਾਸੀ ਹੋਂਦ, ਮਸ਼ੀਨੀ ਜ਼ਿੰਦਗੀ ਆਦਿ ਅਹਿਸਾਸਾਂ ਦੀ ਪੇਸ਼ਕਾਰੀ ਹੋਈ ਹੈ। ਪਰਵਾਸ ਹੰਢਾਉਂਦਿਆਂ ਪਰਵਾਸੀਆਂ ਦੇ ਦੁੱਖ, ਸਮੱਸਿਆਵਾਂ, ਤਣਾਅ, ਸੰਤਾਪ ਅਤੇ ਜੀਵਨ-ਸ਼ੈਲੀ ਦੀਆਂ ਤਲਖ-ਹਕੀਕਤਾਂ ਦਾ ਸੱਚ ਇਸ ਕਵਿਤਾ ਰਾਹੀਂ ਬਿਆਨ ਗਿਆ ਹੈ। ਪਰਵਾਸ ਵਿਚਲੇ ਸੰਤਾਪ, ਉਦਰੇਵੇਂ, ਪਰਵਾਸੀ ਹੋਂਦ, ਪੰਜਾਬ ਸੰਤਾਪ, ਨਸਲਵਾਦ, ਸਭਿਆਚਾਰਕ ਵਿੱਥ, ਨਾਰੀ ਚੇਤਨਾ, ਬ੍ਰਹਿਮੰਡੀ ਚੇਤਨਾ, ਭੇਦ-ਭਾਵ ਮੁਕਤੀ ਆਦਿ ਵਿਭਿੰਨ ਪਹਿਲੂਆਂ ਨੂੰ ਪਰਵਾਸੀ ਪੰਜਾਬੀ ਕਵਿਤਾ ਵਿਚ ਕਾਵਿ-ਸਰੋਕਾਰਾਂ ਤਹਿਤ ਕਲਮਬੱਧ ਕੀਤਾ ਗਿਆ ਹੈ। ਅਜਮੇਰ ਰੋਡੇ, ਨਵਤੇਜ ਭਾਰਤੀ, ਮੰਗਾ ਬਾਸੀ, ਨਿਰੰਜਨ ਸਿੰਘ ਨੂਰ, ਦਰਸ਼ਨ ਗਿੱਲ, ਡਾ. ਗੁਰੂਮੇਲ, ਸੁਖਵਿੰਦਰ ਕੰਬੋਜ, ਜਸਵੀਰ, ਓਂਕਾਰਪ੍ਰੀਤ, ਸੁਰਜੀਤ ਸਖੀ, ਗੁਰਚਰਨ ਰਾਮਪੁਰੀ, ਸੁਰਿੰਦਰ ਧੰਜਲ, ਰਵਿੰਦਰ ਰਵੀ, ਪਰਮਿੰਦਰ ਸੋਢੀ, ਸੁਰਜੀਤ ਕਲਸੀ, ਸੁਖਿੰਦਰ, ਸੁਖਪਾਲ ਦੇਵ, ਅਮਰਜੀਤ ਚੰਦਨ, ਜਗਤਾਰ ਢਾਅ, ਸ਼ਸ਼ੀ ਸਮੁੰਦਰਾ, ਰਾਣੀ ਨਗੇਂਦਰ, ਬਖਸ਼ੀਸ਼ ਕੌਰ ਸੰਧੂ, ਅਮਰ ਜਿਉਤੀ, ਨਵਦੀਪ ਕੌਰ ਆਦਿ ਕਵੀਆਂ ਤੇ ਕਵਿਤਰੀਆਂ ਨੇ ਪਰਵਾਸ ਵਿਚਲੇ ਅਨੁਭਵਾਂ ਨੂੰ ਆਪਣੀ ਕਾਵਿ-ਸੰਵੇਦਨਾ ਦਾ ਆਧਾਰ ਬਣਾਇਆ ਹੈ। ਡਾ. ਜਸਵਿੰਦਰ ਸਿੰਘ ਦਾ ਪਰਵਾਸ ਦੇ ਸੰਕਲਪ ਪ੍ਰਤੀ ਇਹ ਵਿਚਾਰ ਵਰਣਨਯੋਗ ਹੈ:

"ਪਰਵਾਸੀ ਆਧੁਨਿਕ ਮਨੁੱਖ ਦਾ ਮੈਟਾਫ਼ਰ ਬਣ ਰਿਹਾ ਹੈ। ਆਧੁਨਿਕ ਮਨੁੱਖ ਜੋ ਆਪਣੀਆਂ ਧਰਤੀਆਂ ਤੋਂ ਦੂਰ, ਬੈਗਾਨਗੀਆਂ ਜੂਹਾਂ ਵਿਚ ਮਹੱਤਵ-ਅਕਾਂਖੀ ਲੱਭਤਾਂ ਦਾ ਪਿੱਛਾ ਕਰ ਰਿਹਾ ਹੈ। ਆਰਥਿਕ ਖਿੱਚਾਂ ਤੋਂ ਉਤਪੰਨ ਇਹ ਆਰੋਪਤ ਸਭਿਆਚਾਰਕ ਨਿਥਾਵਾਂਪਣ ਹੈ, ਅਜਿਹਾ ਸਭਿਆਚਾਰ ਨਿਥਾਵਾਂਪਣ ਜੋ ਅੱਗੋਂ ਸਮੁੱਚੇ ਜੀਵਨ-ਢੰਗ ਅਤੇ ਮਨੋ ਸੰਰਚਨਾ ਨੂੰ ਉਘਾੜਨ ਹੋ ਤੁਰਦਾ ਹੈ ਤੇ ਇਹ ਪੁੱਟਣ-ਟੁੱਟਣ, ਬਿਨਸਣ, ਜੁੜਨ ਦਾ ਦਰਦਨਾਕ ਅਮਲ ਹੀ ਪਰਵਾਸੀ ਸੰਵੇਦਨਾ ਦੀ ਮੂਲ ਸੰਵਾਹਕ ਸ਼ਕਤੀ ਹੈ।"2

ਪਰਵਾਸ ਧਾਰਨ ਕਰਨ ਮਗਰੋਂ ਇਹ ਕਵੀ ਆਪਣੇ ਜੀਵਨ ਅਤੇ ਆਲੇ-ਦੁਆਲੇ ਦੀਆਂ ਪਰਿਸਥਿਤੀਆਂ ਤੋਂ ਸੁਚੇਤ ਜਾਂ ਅਚੇਤ ਰੂਪ ਵਿਚ ਪ੍ਰਭਾਵ ਕਬੂਲਦੇ ਹਨ ਅਤੇ ਫਿਰ ਇਨ੍ਹਾਂ ਪ੍ਰਭਾਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਸਿਰਜਣ ਲਈ ਯਤਨਸ਼ੀਲ ਅਤੇ ਕਲਮਬੱਧ ਹੁੰਦੇ ਹਨ। ਪਰਵਾਸੀ ਕਵੀਆਂ ਨੇ ਓਪਰੀ ਧਰਤੀ ਤੇ ਕੀਤਾ ਸੰਘਰਸ਼, ਖੁਸ਼ੀਆਂ-ਗਮੀਆਂ, ਅਕਾਂਖਿਆਵਾਂ ਅਤੇ ਦਰਪੇਸ਼ ਸਮੱਸਿਆਵਾਂ ਨੂੰ ਆਪਣੀ ਕਵਿਤਾ ਦੇ ਜ਼ਰੀਏ ਕਲਮਬੱਧ ਕਰਨ ਦੀ ਨਿਸ਼ਾਨਦੇਹੀ ਕੀਤੀ ਹੈ। 1960 ਤੋਂ 1990 ਤੱਕ ਦੀ ਪਰਵਾਸੀ ਪੰਜਾਬੀ ਕਵਿਤਾ ਦੇ ਵਿਚਾਰਧਾਰਕ ਆਧਾਰ ਪਰਵਾਸੀ ਜੀਵਨ ਨਾਲ ਸੰਬੰਧਿਤ ਮੂਲ ਸਰੋਕਾਰ ਰਹੇ ਹਨ।

ਲੰਮੇ ਵਕਫ਼ੇ ਦੀ ਪਰਵਾਸੀ ਪੰਜਾਬੀ ਕਵਿਤਾ ਕੁਝ ਨਵੀਨ ਥੀਮਕ ਪਾਸਾਰਾਂ ਵੱਲ ਵੱਧਦੀ ਹੋਈ ਨਵੇਂ ਚਿੰਤਨ ਸਰੋਕਾਰਾਂ ਨਾਲ ਲਬਰੇਜ਼ ਕਾਵਿ ਸਿਰਜਣਾ ਨਾਲ ਨਾਤਾ ਜੋੜਦੀ ਹੈ। ਜਿੱਥੇ ਇਹ ਕਵਿਤਾ ਸਮਕਾਲੀ ਮਾਨਵੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਚਿਤਰਦੀ ਹੋਈ ਮੂਲ ਸਥਾਪਨਾਵਾਂ, ਵਿਵਸਥਾਵਾਂ ਨਾਲ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ ਉੱਥੇ ਮਿੱਥਕ ਭ੍ਰਾਂਤੀਆਂ ਦਾ ਖੰਡਨ ਕਰਦੀ ਹੋਈ ਇਹ ਕਵਿਤਾ ਵਿਸ਼ਵੀਕਰਨ ਵਾਲੇ ਦੌਰ ਨਾਲ ਸਨਮੁੱਖ ਹੁੰਦੀ ਹੈ। ਇੱਕ੍ਹੀਵੀਂ ਸਦੀ ਵਿਚ ਪਰਵਾਸੀਆਂ ਦੇ ਜੀਵਨ-ਵਿਹਾਰ, ਸੋਚ ਵਿਚ ਆਈ ਤਬਦੀਲੀ ਅਤੇ ਮਾਨਵੀ ਰਿਸ਼ਤਿਆਂ ਦੀਆਂ ਬਹੁਪਰਤੀ ਮਨੁੱਖ ਜਦੋਂ ਸਾਮੰਤਵਾਦੀ ਕਦਰਾਂ-ਕੀਮਤਾਂ ਵਾਲੇ ਸਮਾਜ ਤੋਂ ਦੂਜੇ ਦੇਸ਼ਾਂ ਵਿਚ ਭਾਰੂ ਪੂੰਜੀਵਾਦੀ ਸਮਾਜ ਵਿਚ ਵਿਚਰਦੇ ਹਨ ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੀ ਸਥਿਤੀ ਬਣ ਜਾਂਦੀ ਹੈ। ਅਜਿਹੇ ਵਰਤਾਰੇ ਸੰਬੰਧੀ ਡਾ. ਜਸਵਿੰਦਰ ਸਿੰਘ ਕਹਿੰਦੇ ਹਨ:

"ਪਰਵਾਸ ਦਾ ਆਰਥਿਕ ਵਰਤਾਰਾ, ਆਪਣੀਆਂ ਮੂਲ ਪ੍ਰੇਰਨਾਵਾਂ, ਯਥਾਰਥਕ ਪਰਿਸਥਿਤੀਆਂ ਅਤੇ ਉਤਪੰਨ ਪਰਿਣਾਮਾਂ, ਪ੍ਰਤਿਕਰਮਾਂ ਦੇ ਦ੍ਰਿਸ਼ਟੀਕੋਣ ਤੋਂ ਆਧੁਨਿਕ ਯੁੱਗ ਦਾ ਬਹੁ-ਚਰਚਿਤ; ਫੈਸਲਾਕੁੰਨ ਅਤੇ ਅਤਿਅੰਤ ਜਟਿਲ ਵਰਤਾਰਾ ਹੈ। ਪੰਜਾਬੀ ਸਭਿਆਚਾਰ ਦੇ ਗਤੀਸ਼ੀਲ, ਪਹਿਲਕਦਮੀ ਅਤੇ ਵਚਿੱਤਰ ਮੂਲਕ ਸੁਭਾਅ ਕਾਰਨ ਇਸ ਦੇ ਹੋਰ ਵਿਭਿੰਨ ਪਾਸਾਰਾਂ ਵਿੱਚੋਂ ਪਿਛਲੀ ਇਕ ਸਦੀ ਤੋਂ ਪੰਜਾਬੀਆਂ ਦਾ ਵਿਕਸਿਤ ਮੁਲਕਾਂ ਵਲੋਂ ਬੇਪਨਾਹ ਕਾਨੂੰਨੀ ਪਰ ਜ਼ਿਆਦਾਤਰ, ਗੈਰ-ਕਾਨੂੰਨੀ ਪਰਵਾਸ ਦਾ ਇਤਿਹਾਸ ਅਤਿਅੰਤ ਰੋਚਕ ਅਤੇ ਵਿਲੱਖਣ ਰਿਹਾ ਹੈ। ਪਰਵਾਸੀਆਂ ਦੀ ਬੇਇੰਤਹਾ ਹੋੜ ਨੇ ਜਿੱਥੇ ਸਾਡੀ ਸਭਿਆਚਾਰਕ ਬਣਤਰ ਦੀਆਂ ਕਈ ਤੰਦਾਂ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਪਰਵਾਸ ਕਰ ਗਏ ਪੰਜਾਬੀਆਂ ਦੇ ਮੂਲੋਂ ਨਵੇਂ ਅਤੇ ਵਚਿੱਤਰ ਅਨੁਭਵਾਂ, ਬਦਲਦੀ ਜਾਂ ਸਥਿਰ ਮਨੋ-ਸੰਰਚਨਾ, ਵਿਕਸਿਤ ਪੂੰਜੀਵਾਦੀ ਆਰਥਿਕ ਕਾਰਜ ਵਿਹਾਰਾਂ ਦੇ ਬਹੁ-ਦਿਸ਼ਾਵੀ ਕੋਣਾਂ ਨੇ ਨਵੀਂ ਪ੍ਰਕਾਰ ਦੀ ਸੰਵੇਦਨਾ, ਸਰੋਕਾਰਾਂ ਅਤੇ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ।"3

ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਬਰਤਾਨੀਆ, ਕੈਨੇਡਾ, ਅਮਰੀਕਾ, ਸਵਿਟਰਜਰਲੈਂਡ, ਫਰਾਂਸ, ਜਾਪਾਨ,

ਹਾਲੈਂਡ, ਕੀਨੀਆ, ਆਸਟਰੇਲੀਆ ਆਦਿ ਵਿਚ ਪੰਜਾਬੀਆਂ ਨੇ ਪਰਵਾਸ ਦੇ ਅਨੁਭਵ ਨੂੰ ਕਵਿਤਾ ਦੇ ਰੂਪ ਵਿਚ ਪੇਸ਼ ਕਰਕੇ ਆਪਣੀਆਂ ਭਾਵਨਾਵਾਂ ਦਾ ਵਿਰੇਚਨ ਕੀਤਾ ਹੈ। 1990 ਤੋਂ ਬਾਅਦ ਪਰਵਾਸੀ ਪੰਜਾਬੀ ਕਵਿਤਾ ਆਪਣਾ ਅਗਲਾ ਰੂਪ ਵਿਸ਼ਵੀਕਰਨ ਦੇ ਪ੍ਰਤੀਰੋਧ ਵਜੋਂ ਅਖਤਿਆਰ ਕਰਦੀ ਹੈ। ਵਿਸ਼ਵੀਕਰਨ ਦੇ ਵਰਤਾਰੇ ਨੇ ਸੂਚਨਾ, ਤਕਨਾਲੋਜੀ, ਖੁੱਲ੍ਹੀ ਸੰਸਾਰ ਮੰਡੀ, ਸਭਿਆਚਾਰਕ ਆਦਾਨ ਪ੍ਰਦਾਨ ਅਤੇ ਪੱਛਮੀਕਰਨ ਦੇ ਅਮਲ ਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ। ਜਿਸ ਕਾਰਨ ਅਜੋਕੇ ਮਨੁੱਖ ਦੀ ਜੀਵਨ ਦ੍ਰਿਸ਼ਟੀ ਜੀਵਨ ਜਾਚ ਵਿਚ ਸੂਝ ਭਰੇ ਅਤੇ ਵਡਮੁੱਲੇ ਪਰਿਵਰਤਨ ਲਿਆਂਦੇ ਹਨ। ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਇਸ ਨਵ ਰੂਪਾਂਤਰਣ ਸਥਿਤੀ ਦੇ ਪ੍ਰਭਾਵ ਅਧੀਨ ਨਵੀਨ ਸਿੱਟਿਆਂ ਤੱਕ ਪਹੁੰਚਣ ਦਾ ਯਤਨ ਕਰਦੀ ਹੈ। ਸਮਕਾਲੀ ਦੌਰ ਵਿਚ ਪਰਵਾਸੀ ਪੰਜਾਬੀ ਜੀਵਨ ਕਈ ਤਰ੍ਹਾਂ ਦੇ ਸੰਤਾਪਾਂ ਨਾਲ ਘਿਰਿਆ ਹੋਇਆ ਹੈ। ਪੱਛਮੀ ਸਭਿਆਚਾਰ ਦੀ ਚਕਾਚੌਂਧ ਵਿਚ ਪਰਵਾਸੀ ਬੰਦਾ ਉੱਥੋਂ ਦੀ ਪਦਾਰਥਕ ਜ਼ਿੰਦਗੀ ਵਿਚ ਗੁਆਚ ਕੇ ਮਾਨਸਿਕ ਪੀੜਾਂ ਨੂੰ ਭੋਗਦਾ ਹੈ। ਇਸੇ ਵਰਤਾਰੇ ਵਿਚ ਸਮਕਾਲੀ ਪੰਜਾਬੀ ਕਵਿਤਾ ਪਰਵਾਸ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਮਾਨਵਵਾਦੀ ਨਜ਼ਰੀਏ ਤੋਂ ਸੰਵੇਦਨੀ ਸੁਰ ਵਿਚ ਪੇਸ਼ ਕਰਦੀ ਹੈ। ਪਰਵਾਸੀ ਪੰਜਾਬੀਆਂ ਨੇ ਵਿਦੇਸ਼ੀ ਪਦਾਰਥਵਾਦੀ ਸਭਿਅਤਾ ਅਧੀਨ ਵਿਚਰ ਰਹੇ ਮਨੁੱਖ ਦੀ ਮਾਨਵੀ ਹੋਂਦ ਨਾਲ ਜੁੜੇ ਮਸਲੇ, ਰਿਸ਼ਤਿਆਂ ਵਿਚ ਸਾਂਝ ਦੀ ਅਣਹੋਂਦ, ਟੁੱਟ-ਭੱਜ, ਮੋਹ ਮਮਤਾ ਦੀ ਅਣਹੋਂਦ ਦੇ ਅਹਿਸਾਸ, ਬਹੁ-ਸਭਿਆਚਾਰਵਾਦ, ਗਰੀਬੀ, ਨਵ ਪੂੰਜੀਵਾਦ, ਨੈਤਿਕ ਕਦਰਾਂ ਕੀਮਤਾਂ ਦੀ ਘਾਟ ਆਦਿ ਇਸ ਬਦਲਦੇ ਵਰਤਾਰੇ ਵਿਚ ਨਵੇਂ ਥੀਮ ਉੱਭਰ ਕੇ ਸਾਹਮਣੇ ਆ ਰਹੇ ਹਨ। ਇਨ੍ਹਾਂ ਸਰੋਕਾਰਾਂ ਦਾ ਸਮਕਾਲੀ ਦੌਰ ਦਾ ਵਧੇਰੇ ਰੁਝਾਨ ਰਿਹਾ ਹੈ। ਇਸੇ ਪ੍ਰਸੰਗ ਵਿਚ ਡਾ. ਯੋਗਰਾਜ ਦਾ ਕਥਨ ਹੈ।

"ਪਿਛਲੇ ਡੇਢ ਦਹਾਕੇ ਦੀ ਪਰਵਾਸੀ ਪੰਜਾਬੀ ਕਵਿਤਾ ਦੀ ਟੈਕਸਟ ਭੂ-ਹੇਰਵੇ, ਵਤਨ ਵਿਤਰੇਕਤਾ, ਨਸਲੀ ਵਿਤਕਰੇ ਅਤੇ ਆਰਥਿਕ ਦਮਨ ਆਦਿ ਪਰੰਪਰਕ ਵਿਸ਼ਿਆਂ ਤੋਂ ਅਗਾਂਹ ਜਾ ਕੇ ਬ੍ਰਹਿਮੰਡ ਚੇਤਨਾ ਰਾਹੀਂ ਮਨੁੱਖ ਦੇ ਸਦੀਵੀ ਸਰੋਕਾਰਾਂ ਨਾਲ ਜੁੜੀ ਹੈ। ਮਨੁੱਖ ਦੇ ਇਹ ਸਦੀਵੀ ਸਰੋਕਾਰ, ਰੰਗ, ਨਸਲ, ਦੇਸੀ ਬਿਦੇਸ਼ੀ ਬਾਊਡਰੀਆਂ, ਕੌਮੀ ਅਤੇ ਕੌਮੀਅਤਾਂ ਦੀ ਸੰਕੀਰਣਤਾ ਦਾ ਵਿਸਥਾਪਨ ਕਰਕੇ ਇਸ ਕਵਿਤਾ ਵਿਚ ਪ੍ਰਗਟ ਹੋ ਰਹੇ ਹਨ।"4

ਪਰਵਾਸੀ ਪੰਜਾਬੀ ਕਵੀਆਂ ਦੇ ਕਾਵਿ-ਪ੍ਰਵਨ ਦਾ ਸ਼ਕਤੀਸ਼ਾਲੀ ਪ੍ਰਵਚਨ ਵਿਸ਼ਵੀਕਰਨ ਦੇ ਪ੍ਰਤਿਰੋਧ ਦੇ ਰੂਪ 'ਚ ਉੱਭਰ ਕੇ ਸਾਹਮਣੇ ਆਉਂਦਾ ਹੈ। ਵਿਭਿੰਨ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਵਰਤਾਰਿਆਂ ਦੇ ਅੰਤਰਗਤ ਇਹ ਕਵਿਤਾ ਬਹੁਪੱਖੀ ਯਥਾਰਥ ਅਨੁਭਵ ਵਿੱਚੋਂ ਗੁਜ਼ਰਦੀ ਹੋਈ ਵਿਭਿੰਨ ਥੀਮਕ ਪਾਸਾਰਾਂ ਨਾਲ ਜਾ ਜੁੜਦੀ ਹੈ। ਗਲੋਬਲੀ ਚਿੰਤਨ ਅਤੇ ਚੇਤਨਾ ਅਧੀਨ ਇਹ ਕਵਿਤਾ ਪਰਵਾਸੀ ਮਨੁੱਖ ਦੇ ਮਾਨਸਿਕ ਸੰਕਟ, ਅਤ੍ਰਿਪਤ ਖਾਹਿਸ਼ਾਂ, ਲੋੜਾਂ-ਥੁੜ੍ਹਾਂ ਆਦਿ ਨੂੰ ਫੋਕਸ ਕਰਕੇ ਇਕ ਨਿਵੇਕਲਾ ਪ੍ਰਵਚਨ ਸਿਰਜਦੀ ਹੈ। ਪਰਵਾਸੀ ਕਵਿਤਾ ਅਨੇਕਾਂ ਰਾਸ਼ਟਰਾਂ ਨਾਲ ਸੰਵਾਦ ਰਚਾਉਂਦੀ ਹੋਈ ਪਾਰ ਸਭਿਆਚਾਰਕ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦੀ ਹੈ। ਪਰਵਾਸੀ ਕਈ ਪੰਜਾਬ ਨੂੰ ਕਿਸੇ ਭੂਗੋਲਿਕ ਹੱਦਬੰਦੀਆਂ ਵਿਚ ਬੰਨ੍ਹ ਕੇ ਨਹੀਂ ਚਿੱਤਰਦਾ, ਸਗੋਂ ਵੱਖੋ-ਵੱਖਰੇ ਧਰਾਤਲਾਂ ਅਤੇ ਤਜ਼ਰਬਿਆਂ ਨੂੰ ਗ੍ਰਹਿਣ ਕਰਕੇ ਪੰਜਾਬੀ ਸਮਾਜ ਸਭਿਆਚਾਰ ਨੂੰ ਸਦਾ ਵਿਗਸ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਪਰਵਾਸੀ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਯਤਨਸ਼ੀਲ ਰਹਿੰਦੇ ਹੋਏ, ਹਰ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਸਵੀਕਾਰਨ ਦੇ ਸਮਰੱਥ ਹੈ। ਇਸ ਸੁਭਾਅ ਕਾਰਨ ਹੀ ਇਹ ਪੰਜਾਬੀਆਂ ਦੇ ਜੀਵਨ ਵਰਤਾਰੇ ਨੂੰ ਪੰਜਾਬ ਦੀਆਂ ਭੂਗੋਲਿਕ ਹੱਦਾਂ ਤੱਕ ਸੀਮਤ ਨਾ ਰਹਿ ਕੇ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।

ਸੋ, ਅੰਤ ਵਿਚ ਉਪਰੋਕਤ ਵਿਸ਼ੇ ਦਾ ਅਧਿਐਨ ਕਰਨ ਤੋਂ ਇਹ ਕਹਿ ਸਕਦੇ ਹਾਂ ਕਿ ਪਰਵਾਸੀ ਪੰਜਾਬੀ ਕਵਿਤਾ ਦੇ ਵੱਖ-ਵੱਖ ਪਹਿਲੂ ਉੱਭਰ ਕੇ ਸਾਹਮਣੇ ਆਉਂਦੇ ਹਨ। ਵਿਭਿੰਨ ਥੀਮਕ ਪਾਸਾਰਾਂ ਨਾਲ ਨਾਤਾ ਜੋੜਦੀ ਹੋਈ ਇਹ ਕਵਿਤਾ ਵਿਸ਼ਵ-ਵਿਆਪੀ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੈ। ਪਰਵਾਸ ਨਾਲ ਸੰਬੰਧਿਤ ਮੂਲ ਸਮੱਸਿਆ ਨੂੰ ਵਿਭਿੰਨ ਪਾਸਾਰਾਂ, ਮਾਨਵੀ ਸਰੋਕਾਰਾਂ ਅਤੇ ਵਿਸ਼ਵ ਚੇਤਨਾ ਦੇ ਪ੍ਰਸੰਗਾਂ ਨੂੰ ਸਿਰਜਦੀ ਹੋਈ ਇਹ ਕਵਿਤਾ ਨਵੀਨ ਅੰਤਰਦ੍ਰਿਸ਼ਟੀਆਂ ਪ੍ਰਦਾਨ ਕਰ ਰਹੀ ਹੈ। ਸੋ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਪਰਵਾਸੀ ਪੰਜਾਬੀ ਕਵਿਤਾ ਹੁਣ ਕਈ ਖੰਡਾਂ ਅਤੇ ਬ੍ਰਹਿਮੰਡਾਂ ਤੋਂ ਅਗਾਂਹ ਵਧਣ ਨੂੰ ਪ੍ਰਯਤਨ ਕਰਦੀ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਜੋਗਿੰਦਰ ਸਿੰਘ ਨਹਿਰੂ, ਪੰਜਾਬੀ ਕੈਨੇਡੀਅਨ ਸਾਹਿਤ, ਪੰਨਾ 21

2. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬ ਕਵਿਤਾ : ਪਛਾਣ ਚਿੰਨ੍ਹ, ਪੰਨਾ 228

3. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ, ਪਛਾਣ ਚਿੰਨ੍ਹ, ਪੰਨਾ 220

4. ਡਾ. ਯੋਗ ਰਾਜ, ਨਵੀਂ ਪੰਜਾਬੀ ਸ਼ਾਇਰੀ : ਸਮਕਾਲੀ ਸੰਦਰਭ, ਪੰਨਾ 52

**ਅਸਿਸਟੈਂਟ ਪ੍ਰੋਫ਼ੈਸਰ**
**ਪੋਸਟ ਗਰੈਜੂਏਟ ਪੰਜਾਬੀ ਵਿਭਾਗ**

ਪ੍ਰਤੀਮਾਨ ਤੋਂ ਪਰਾਹਨ ਸ਼ੈਲੀ ਵਿਗਿਆਨ ਦੇ ਬਹੁਚਰਚਿਤ ਸੰਕਲਪ ਹਨ ਅਤੇ ਸ਼ੈਲੀ ਵਿਗਿਆਨ ਵਿਚ ਇਹ ਅਗਰਭੂਮਨ ਮਾਡਲ ਦੀ ਇੱਕ ਮਹੱਤਵਪੂਰਨ ਜੁਗਤ ਵਜੋਂ ਵਰਤੇ ਜਾਂਦੇ ਹਨ। ਸ਼ੈਲੀ ਵਿਗਿਆਨੀਆਂ ਦੀ ਧਾਰਨਾ ਹੈ ਕਿ ਸਾਹਿਤਕ ਰਚਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਤੀਮਾਨ ਤੋਂ ਪਰਾਹਨ ਦੀ ਦਿਸ਼ਾ ਵਿਚ ਫੈਲਦੀਆਂ ਹਨ। ਪਰਾਹਨ ਦੀ ਜੁਗਤ ਰਾਹੀਂ ਅਨੁਭਵ ਦਾ ਪ੍ਰਤੱਖੀਕਰਨ ਵਧੇਰੇ ਸੱਜਰਾ ਤੇ ਸੁਹਜ ਸਰੂਪ ਧਾਰਨ ਕਰ ਜਾਂਦਾ ਹੈ। ਪਰ ਸ਼ੈਲੀ ਵਿਗਿਆਨ ਵਿਚ ਪ੍ਰਤੀਮਾਨ ਅਤੇ ਪਰਾਹਨ ਦੇ ਸੰਕਲਪ ਨੂੰ ਬਹੁਤਾ ਭਾਸ਼ਾਈ ਜੁਗਤਾਂ ਤੱਕ ਹੀ ਸੀਮਤ ਕਰਕੇ ਵਿਚਾਰਿਆ ਗਿਆ ਹੈ। ਜਦ ਕਿ ਭਾਸ਼ਾ ਤੋਂ ਬਾਹਰ ਸਮਾਜ-ਸਭਿਆਚਾਰ ਵਿੱਚ ਵੀ ਪ੍ਰਤੀਮਾਨ ਦੇ ਪਰਾਹਨ ਦਾ ਤਣਾਉ ਵਾਪਰਦਾ ਰਹਿੰਦਾ ਹੈ। ਵਾਸਤਵ ਵਿਚ ਭਾਸ਼ਾ ਸਮਾਜਿਕ ਵਿਹਾਰ ਦਾ ਹੀ ਇੱਕ ਹੀ ਹਿੱਸਾ ਹੁੰਦੀ ਹੈ। ਸਮਾਜ ਭਾਸ਼ਾ ਵਿਗਿਆਨੀਆਂ ਦੀ ਧਾਰਨਾ ਹੈ ਕਿ ਭਾਸ਼ਾਈ ਬਣਤਰਾਂ ਸਮਾਜਿਕ ਬਣਤਰਾਂ ਦੇ ਅਨੁਕੂਲ ਹੀ ਸਰੂਪ ਗ੍ਰਹਿਣ ਕਰਦੀਆਂ ਹਨ। ਦੂਜੇ ਪਾਸੇ ਚਿੰਨ੍ਹ ਵਿਗਿਆਨੀਆਂ ਨੇ ਭਾਸ਼ਾਈ ਮਾਡਲਾਂ ਦੇ ਅਨੁਰੂਪ ਸਮਾਜਿਕ ਵਿਚਾਰ ਨੂੰ ਪੜ੍ਹਨ ਲਈ ਇੱਕ ਮਾਡਲ ਵਜੋਂ ਗ੍ਰਹਿਣ ਕੀਤਾ ਹੈ। ਸਾਡੀ ਸਮਝ ਅਨੁਸਾਰ ਕਿਸੇ ਉੱਤਮ ਸਾਹਿਤਕ ਰਚਨਾ ਦੀ ਪਛਾਣ ਲਈ ਦੋ ਨੁਕਤੇ ਬੜੇ ਅਹਿਮ ਹਨ- ਪਹਿਲਾ ਰਚਨਾ ਦੀ ਭਾਸ਼ਾ ਬੁਣਤੀ ਦਾ ਪੱਖ ਅਤੇ ਦੂਜਾ ਕੋਈ ਰਚਨਾ ਅਰਥਾਂ ਦੇ ਪੱਧਰ ਉੱਤੇ ਸਥਾਪਿਤ ਧਾਰਨਾਵਾਂ ਦਾ ਪਰਾਹਨ ਕਿਵੇਂ ਕਰਦੀ ਹੈ ਭਾਵ ਪਾਠਕ ਨੂੰ ਸਮਾਜ ਵਿਚਲੇ ਬਣੇ-ਬਣਾਏ ਰੱਖਣਿਆਂ ਤੋਂ ਬਾਹਰ ਜਾਕੇ ਸੋਚਣ ਲਈ ਕਿੰਨਾ ਕੁ ਪ੍ਰੇਰਿਤ ਕਰਦੀ ਹੈ ਸਮਾਜਿਕ ਯਥਾਰਥ ਵਿਚ ਪ੍ਰਤੀਮਾਨ ਤੇ ਪਰਾਹਨ ਦੇ ਦਵੰਦ ਨੂੰ ਪੇਸ਼ ਕਰਨਾ ਹੀ ਹੱਥਲੇ ਪੇਪਰ ਦਾ ਉਦੇਸ਼ ਹੈ।

ਨਿਰਵਾਣ ਮਨਮੋਹਨ ਦਾ ਪਹਿਲਾ-ਪਲੇਠਾ ਨਾਵਲ ਹੈ। ਇਸ ਨਾਵਲ ਦੇ ਕਥਾਨਕ ਵਿਚ ਵਿਰੋਧਾਭਾਸਾਂ ਦੀ ਬੁਣਤੀ ਤੇ ਸੰਗਠਨ ਰਾਹੀਂ ਪੰਜਾਬੀ ਨਾਵਲ ਦੇ ਵਿਧੀ ਵਿਧਾਨ ਅਤੇ ਵਸਤੂ ਵਿਚ ਇੱਕ ਵੱਖਰਾ ਪਰਿਵਰਤਨ ਲਿਆਂਦਾ ਗਿਆ ਹੈ। ਇਉਂ ਇਹ ਨਾਵਲ ਸਮਾਜਿਕ ਤਬਦੀਲੀ ਦਾ ਅਜਿਹਾ ਦਾਰਸ਼ਨਿਕ ਪ੍ਰਵਚਨ, ਜਿਸ ਨੇ ਪੰਜਾਬੀ ਨਾਵਲ ਵਿਚ ਨਵੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ। ਇਸ ਨਾਵਲ ਰਾਹੀਂ ਲੇਖਕ ਨੇ ਵਰਤਮਾਨ ਦੇ ਹਵਾਲੇ ਨਾਲ ਪਰੰਪਰਾ ਦੇ ਸਮਾਜਿਕ ਪ੍ਰਤੀਮਾਨ ਨਾਲ ਸੰਵਾਦ ਰਚਾਇਆ ਹੈ।

The Encyclopaedia Language and Linguistics ਵਿਚ ਪ੍ਰਤੀਮਾਨ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ:

ਪ੍ਰਤੀਮਾਨ ਇੱਕ ਆਮ ਸਿਧਾਂਤ ਹੁੰਦਾ ਹੈ, ਜੋ ਕਿ ਇਹ ਸੰਭਵ ਬਣਾਉਂਦਾ ਹੈ ਕਿ ਮਨੁੱਖ ਦੁਆਰਾ ਕੀਤੇ ਕਰਮਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਨਿਰਣਾ ਕੀਤਾ ਜਾ ਸਕੇ। ਇਸ ਦਾ ਅਰਥ ਇਹ ਹੈ ਕਿ ਨਿਰਜੀਵ ਸੰਸਾਰ ਵਿੱਚ ਕੋਈ ਪ੍ਰਤੀਮਾਨ ਨਹੀਂ ਹੁੰਦੇ। ਸਮਾਜਿਕ ਸਿਧਾਂਤ ਖੇਤਰ ਵਿੱਚ ਪ੍ਰਤੀਮਾਨ, 'ਨਿਯਮ' ਜਾਂ 'ਮਰਿਆਦਾ'ਆਦਿ ਸ਼ਬਦ ਆਮ ਹੀ ਇੱਕ ਦੂਸਰੇ ਦੀ ਥਾਂ ਵਰਤ ਲਏ ਜਾਂਦੇ ਹਨ। ਬਹੁਤੇ ਪ੍ਰਤੀਮਾਨਾਂ ਵਿੱਚ ਤਬਦੀਲੀ ਜਾਂ ਫੇਰਬਦਲ ਆਉਂਦਾ ਹੈ,ਪ੍ਰੰਤੂ ਪ੍ਰਤੀਮਾਨ ਸਦੀਵੀ ਤੌਰ ਤੇ ਵੈਧ ਵੀ ਹੁੰਦੇ ਹਨ। ਪ੍ਰਤੀਮਾਨ ਨਿਯਮਿਤਤਾਵਾਂ ਤੋਂ ਪਛਾਣੇ ਜਾਂਦੇ ਹਨ ਕਿਉਂਕਿ ਇਹਨਾਂ ਦਾ ਆਦੇਸ਼ ਮੂਲਕ ਪ੍ਰਸਾਰ ਨਹੀਂ ਹੁੰਦਾ। ਅਰਥਾਤ ਨਿਯਮਿਤਤਾ ਇਸ ਤੱਥ ਦੀ ਲਖਾਇਕ ਹੁੰਦੀ ਹੈ ਕਿ ਲੋਕ ਆਮ ਤੌਰ ਤੇ ਕਿਸੇ ਵਿਸ਼ੇਸ਼ ਢੰਗ ਨਾਲ ਵਿਵਹਾਰ ਕਰਦੇ ਹਨ,ਪ੍ਰੰਤੂ ਅਗਰ ਕੋਈ ਉਸ ਤੋਂ ਅਲਗ ਢੰਗ ਨਾਲ ਵਿਵਹਾਰ ਕਰੇ ਤਾਂ ਉਸਦੇ ਕਾਰਜ ਨੂੰ ਗਲਤ ਕਰਾਰ ਨਹੀਂ ਦਿੱਤਾ ਜਾਵੇਗਾ।

Edgar Andrew(2004-262) ਅਨੁਸਾਰ 'ਪ੍ਰਤੀਮਾਨ ਇੱਕ ਅਜਿਹਾ ਨਿਯਮ ਹੁੰਦਾ ਹੈ ਜੋ ਸਮਾਜਿਕ ਵਿਹਾਰ ਦੇ ਪੈਟਰਨ ਨੂੰ ਨਿਯੰਤ੍ਰਿਤ ਕਰਦਾ ਹੈ।' ਸਮਾਜਿਕ ਪ੍ਰਤੀਮਾਨ ਕਿਸੇ ਸਮਾਜ ਵਿੱਚ ਸਥਾਪਿਤ ਮੁੱਲਾਂ ਦੀ ਮਰਿਆਦਤ ਜੀਵਨ-ਜਾਚ ਹੁੰਦੀਂ ਹੈ ਅਤੇ ਪਰਾਹਨ ਸਥਾਪਤੀ ਅਤੇ ਮਰਿਆਦਾ ਨੂੰ ਭੰਗ ਕਰਦਾ ਹੈ। ਇਸ ਸੰਦਰਭ ਵਿੱਚ ਪਰਾਹਨ ਦਾ ਪ੍ਰਤੀਮਾਨ ਨਾਲ ਰਿਸ਼ਤਾ ਸੰਬਾਦੀ ਹੁੰਦਾ ਹੈ। ਕੋਈ ਵੀ ਸਮਾਜ ਸ਼ੁੱਧ ਪ੍ਰਤੀਮਾਨਾਂ ਦਾ ਸੰਸਾਰ ਨਹੀਂ ਹੁੰਦਾ। ਪ੍ਰਤੀਮਾਨ ਤੇ ਪਰਾਹਨ ਦੋਵੇਂ ਹੀ

ਸਮਾਜ ਦੀ ਬਣਤਰ ਤੇ ਬੁਣਤੀ ਦਾ ਅੰਗ ਹੁੰਦੇ ਹਨ। ਮੂਲ ਰੂਪ ਵਿੱਚ ਇਹ ਸਾਡੇ ਸਮਾਜ ਤੇ ਸੰਸਕ੍ਰਿਤੀ ਦੇ ਅੰਦਰਲੇ ਵਿਰੋਧਾਂ ਵਿੱਚ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿਚ ਪਰਸਪਰ ਰਿਸ਼ਤਾ ਦਵੰਦਾਤਮਕ ਹੁੰਦਾ ਹੈ। ਸਾਡਾ ਜੀਵਨ ਸਥਾਪਤ ਅਤੇ ਵਿਰੋਧੀ ਮੁੱਲਾਂ ਵਿਚਕਾਰ ਸੰਘਰਸ਼ ਦਾ ਇਤਿਹਾਸ ਹੈ। ਪੰਜਾਬੀ ਜੀਵਨ ਅਤੇ ਸਾਹਿਤ ਦੋਨੋਂ ਹੀ ਇਸ ਗੱਲ ਦੀ ਤਰਜਮਾਨੀ ਕਰਦੇ ਹਨ। ਸਾਹਿੱਤ ਅਤੇ ਸਭਿਆਚਾਰ ਦੇ ਸੰਦਰਭ ਵਿੱਚ ਪ੍ਰਤੀਮਾਨਾਂ ਤੋਂ ਪਰਾਹਨ ਸਾਹਿਤ ਅਤੇ ਸਮਾਜ ਦੇ ਅੰਦਰਲੇ ਸੰਗਠਨ ਵਿੱਚੋਂ ਲੱਭਿਆ ਜਾ ਸਕਦਾ ਹੈ। ਜਿਵੇਂ ਕਿ ਪੰਜਾਬੀ ਸਾਹਿਤ ਦੇ ਆਦਿ ਕਾਲ ਤੋਂ ਹੀ ਪ੍ਰਤੀਮਾਨ ਤੇ ਪਰਾਹਨ ਦਾ ਦਵੰਦ ਸਥਾਪਤ ਸਮਾਜਿਕ ਜ਼ਿੰਦਗੀ ਅਤੇ ਨਵੀਂ ਜੀਵਨ ਜਾਚ ਦੇ ਟਕਰਾਓ ਅਧੀਨ ਉਤਪੰਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਸਭਿਆਚਾਰਕ ਪਰੰਪਰਾਵਾਂ ਨੂੰ ਵਿਚਾਰਧਾਰਕ ਨਜ਼ਰੀਏ ਤੋਂ ਵਿਚਾਰ ਕੇ ਜੀਵਨ ਦਾ ਇੱਕ ਨਵਾਂ ਸੰਕਲਪ ਪੇਸ਼ ਕੀਤਾ ਹੈ। ਇਸ ਨਾਲ ਨਵੀਂ ਨੈਤਿਕਤਾ,ਜੀਵਨ ਦੀਆਂ ਨਵੀਆਂ ਕਦਰਾਂ ਕੀਮਤਾਂ ਵਿਚਾਰਧਾਰਕ ਸੰਕਲਪਾਂ ਆਦਿ ਨੇ ਜੋ

ਨਵਾਂ ਰਾਹ ਖੋਲ੍ਹਿਆ,ਉਹ ਪ੍ਰਤੀਮਾਨ ਤੋਂ ਪਰਾਹਨ ਦਾ ਪਹਿਲਾ ਕਦਮ ਸੀ।ਗੁਰਮਿਤ ਕਾਵਿ ਵਿੱਚ ਵਿਸ਼ਾਗਤ ਵਸਤੂਗਤ, ਵਿਧੀਗਤ ਅਤੇ ਭਾਸ਼ਾਗਤ ਸੰਕਲਪਾਂ ਵਿੱਚ ਹੋਈ ਨਵੀਂ ਵਿਆਖਿਆ ਪ੍ਰਤੀਮਾਨ ਤੋਂ ਪਰਾਹਨ ਤੋਂ ਨਵੀਂ ਅਵਸਥਾ ਹੈ ਜੋ ਅੱਗੇ ਨਵੇਂ ਪ੍ਰਤੀਮਾਨ ਸਥਾਪਿਤ ਕਰਦੀ ਹੈ । ਇੱਥੇ ਬਲ ਚੱਲ ਰਹੇ ਸਭਿਆਚਾਰਕ ਤੇ ਅਧਿਆਤਮਿਕ ਪ੍ਰਤੀਮਾਨਾਂ ਦੇ ਬਦਲ ਪ੍ਰਸਤੁਤ ਕਰਨ ਉਪਰ ਹੈ ਜੋ ਪਰਾਹਨ ਲਗਦਾ ਹੈ,ਉਹ ਨਵਾਂ ਪ੍ਰਤੀਮਾਨ ਵੀ ਹੈ ਜਾਂ ਬਣ ਸਕਦਾ । ਜੋਗਿੰਦਰ ਸਿੰਘ ਰਾਹੀਂ(1974:25) ਅਨੁਸਾਰ ਪ੍ਰਤੀਮਾਨਕ ਦ੍ਰਿਸ਼ਟੀ ਜੀਵਨ ਦੀ ਗੱਲ ਕਰਦੀ ਹੋਈ ਵੀ,ਜੀਵਨ ਦੇ ਯਥਾਰਥ ਤੋਂ ਬੇਮੁੱਖ ਹੁੰਦੀ ਹੈ ।ਅਸੀਂ ਪ੍ਰਤੀਮਾਨ ਤੋਂ ਪਰਾਹਨ ਨੂੰ ਨਾਵਲ ਰੂਪ ਵਿੱਚ ਪਛਾਣ ਵਾਸਤੇ ਕੇਂਦਰੀ ਦਵੰਦ ਵਜੋਂ ਪ੍ਰਯੋਗ ਕੀਤਾ ਹੈ।

ਇਸ ਨਾਵਲ ਦਾ ਬੁਨਿਆਦੀ ਪੈਟਰਨ ਪ੍ਰਤੀਮਾਨ ਅਤੇ ਪਰਾਹਨ ਦੇ ਦੁਆਲੇ ਉਸਾਰਿਆ ਹੈ।ਨਿਰਵਾਣ ਨਾਵਲ ਬਿਰਤਾਂਤ ਇੱਕ ਰੇਖਕੀ ਨਾ ਹੁੰਦਿਆਂ ਬਹੁ-ਰੇਖਕੀ ਹੈ।ਇੱਕ ਬਿਰਤਾਂਤ ਮਾਓਵਾਦ ਨਾਲ ਸੰਬੰਧਿਤ ਹੈ ਤੇ ਦੂਜਾ ਬਿਰਤਾਂਤ ਬੁੱਧਵਾਦ ਨਾਲ ਸੰਬੰਧਿਤ ਹੈ।ਨਾਵਲਕਾਰ ਇਤਿਹਾਸ ਅਤੇ ਵਰਤਮਾਨ 'ਚ ਵਿਰੋਧ ਤੇ ਸੁਮੇਲ ਅੰਤਰਗਤ ਵਿਚਾਰਧਾਰਾਂ ਦੀ ਨਿਰੰਤਰ ਬਦਲਾਓ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਹ ਨਾਵਲ ਇਤਿਹਾਸ ਦਾ ਬਿਰਤਾਂਤ ਹੋਣ ਦੇ ਨਾਲ ਨਾਲ ਪਰਾ-ਇਤਿਹਾਸਿਕ ਬਿਰਤਾਂਤ ਵੀ ਹੈ।ਓਪਰੀ ਨਜ਼ਰੇ ਨਾਵਲ ਦੋ ਪਾਤਰਾਂ-ਆਨੰਦ ਤੇ ਮਿਲਿੰਦ ਦੀ ਜੀਵਨ ਕਥਾ ਜਾਪਦਾ ਹੈ ਪਰ ਨਾਵਲਕਾਰ ਨੇ ਇਹਨਾਂ ਦੋ ਪਾਤਰਾਂ ਰਾਹੀਂ ਦੋ ਵਿਚਾਰਧਾਰਾਵਾਂ ਦੇ ਇਤਿਹਾਸਿਕ ਵਿਕਾਸ ਨੂੰ ਚਿਤਰਿਆ ਹੈ। ਨਾਵਲ ਦਾ ਆਰੰਭ ਆਨੰਦ ਤੋਂ ਹੁੰਦਾ ਹੈ।ਉਸਨੇ ਮਾਓਵਾਦ ਦਾ ਗਹਿਰਾ ਅਧਿਐਨ ਕੀਤਾ ਹੈ।ਅਨੰਦ ਤਨੋ-ਮਨੋ ਆਪਣੇ ਆਦਰਸ਼ਾਂ ਨੂੰ ਸਮਰਪਿਤ ਹੈ। ਉਹ ਕਵਿਤਾ ਵੀ ਲਿਖਦਾ ਤੇ ਪੱਤਰਕਾਰੀ ਵੀ ਕਰਦਾ ਹੈ। ਪਾਰਟੀ ਕਾਡਰਾਂ ਨੂੰ ਮਾਓ ਦੇ ਵਿਚਾਰਾਂ ਪ੍ਰਤੀ ਜਾਗਰੂਕ ਕਰਨ ਲਈ ਉਸ ਨੂੰ ਬਾਹਰ ਭੇਜਿਆ ਜਾਂਦਾ ਹੈ।ਇੱਥੇ ਵਿਚਦਿਆਂ ਮਾਓਵਦੀ ਲਹਿਰ ਦੇ ਵਿਹਾਰ ਅਤੇ ਸਿਧਾਂਤਕਤਾ ਵਿੱਚ ਵੱਡਾ ਪਾੜਾ ਮਹਿਸੂਸ ਕਰਦਾ ਹੈ ਕਿ ਕਿਵੇਂ ਮਿਸ਼ਰਾ ਅਤੇ ਅਖਿਲੇਸ਼ ਵਰਗੇ ਪੈਰੋਕਾਰਾਂ ਦੀਆਂ ਜਾਤੀਵਾਦੀ ਅਤੇ ਸਮਝੌਤਾਵਾਦੀ ਨੀਤੀਆਂ ਕਾਰਨ ਪਾਰਟੀ ਪਤਨ ਵੱਲ ਵੱਧ ਰਹੀ ਹੈ।ਇਸ ਨਾਲ ਅਨੰਦ ਨੂੰ ਸਮਾਜਵਾਦ ਦਾ ਸੁਪਨਾ ਤਿੜਕਦਾ ਨਜ਼ਰ ਆਉਂਦਾ ਹੈ।ਅਨੰਦ ਮਾਓਵਾਦ ਦੇ ਆਦਰਸ਼ਾਂ ਨੂੰ ਖੇਰੂੰ-ਖੇਰੂੰ ਹੁੰਦਿਆਂ ਦੇਖਦਾ ਹੈ ਤਾਂ ਉਹ ਆਪਣੇ ਨਿੱਜੀ ਕਲਪਨਾ ਤੇ ਸੁਪਨਿਆਂ ਦੇ ਸੰਸਾਰ ਵਿੱਚ ਖੋ ਜਾਂਦਾ ਹੈ।ਇਉਂ ਅਨੰਦ ਜਿਸ ਉਦੇਸ਼ ਲਈ ਘਰ ਨੂੰ ਛੱਡਦਾ ਹੈ,ਉਸ ਨੂੰ ਅਧੂਰਾ ਛੱਡਕੇ ਆਪਣੇ ਦਵੰਦਾਂ ਤੇ ਤਣਾਵਾਂ ਦੀ ਸ਼ਰਨ, ਪ੍ਰੇਮ ਵਿੱਚ ਤਲਾਸ਼ ਦਾ ਹੈ।ਉਹ ਪੰਕਜਾ ਨਾਂ ਦੀ ਔਰਤ ਨੂੰ ਜੋ ਡਾਕਟਰ ਦੀ ਸਤਾਈ ਹੋਈ ਦੁਖੀ ਪਤਨੀ ਹੈ,ਨਾਲ ਲੈਕੇ ਪੰਜਾਬ ਦੀ ਗੱਡੀ ਫੜ੍ਹ ਲੈਂਦਾ ਹੈ।ਦੋਵੇਂ ਪਾਤਰਾਂ-ਆਨੰਦ ਅਤੇ ਪੰਕਜਾ ਦਾ ਇੱਕ ਦੂਜੇ ਨੂੰ ਮਿਲਣਾ, ਸਰੀਰਕ ਸੁੱਖ ਭੋਗਣਾ, ਸਮਾਜਿਕ ਬੰਧਨਾਂ ਨੂੰ ਤੋੜਕੇ,ਪੰਕਜਾ ਦਾ ਘਰ ਛੱਡ ਅਨੰਦ ਨਾਲ ਪੰਜਾਬ ਚਲੇ ਜਾਣਾ ਆਦਿ ਰਾਹੀਂ ਨਾਵਲਕਾਰ ਨੇ ਪਰਾਹਿਤ ਪ੍ਰਵਚਨ ਦੀ ਸਿਰਜਣਾ ਕੀਤੀ ਹੈ।

ਪਹਿਲੇ ਕਾਂਡ ਵਿੱਚ ਆਨੰਦ ਦੀ ਮਾਂ ਤੇ ਬਾਪ ਦੇ ਰਿਸ਼ਤਿਆਂ ਵਿਚਲੀ ਤਰੇੜ ਦਾ ਜ਼ਿਕਰ ਕਰਦਾ ਹੈ।ਆਨੰਦ ਦੀ ਮਾਂ ਪ੍ਰਤੀਮਾਨਕ ਢੰਗ ਨਾਲ ਜਿੰਦਗੀ ਜਿਉਂਦੀ ਹੈ। ਉਹ ਮਿਹਨਤ ਕਰਕੇ ਆਪਣੇ ਬੱਚਿਆਂ ਦਾ ਢਿੱਡ ਭਰਦੀ ਹੈ ਤੇ ਉਹਨਾਂ ਨੂੰ ਪੜ੍ਹਾਉਂਦੀ ਹੈ ਪਰ ਉਹ ਕਿਤੇ ਵੀ ਪਰਾਹਿਤ ਜ਼ਿੰਦਗੀ ਵੱਲ ਨਹੀਂ ਵਧਦੀ। ਜਦ ਕਿ ਉਸ ਦਾ ਬਾਪ ਸਮਾਜਿਕ ਮਰਿਆਦਾਵਾਂ ਨੂੰ ਤੋੜਕੇ ਉਸਦੀ ਮਾਂ ਤੇ ਬੱਚਿਆਂ ਨੂੰ ਛੱਡਕੇ, ਕਿਸੇ ਹੋਰ ਔਰਤ ਨਾਲ ਰਹਿਣ ਲੱਗ ਪੈਂਦਾ ਹੈ।

ਨਾਵਲਕਾਰ ਨੇ ਕਾਮਰੇਡ ਮਿਸ਼ਰਾ ਤੇ ਅਖਿਲੇਸ਼ ਯਾਦਵ ਦੇ ਕਿਰਦਾਰ ਨੂੰ ਪ੍ਰਾਹਿਤ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਦੋਵੇਂ ਪਾਤਰ ਪਾਰਟੀ ਤੇ ਆਮ ਲੋਕਾਂ ਨੂੰ ਧੋਖਾ ਦੇ ਰਹੇ ਹਨ। ਸੱਤਾ ਧਾਰੀਆਂ ਨਾਲ ਮਿਲ ਕੇ ਲਾਸ਼ਾਂ ਤੇ ਰਾਜਨੀਤੀ ਦਾ ਖੇਲ ਖੇਡਦੇ ਹਨ।ਲੋਕਾਂ ਦਾ ਯਕੀਨ ਜਿੱਤਣਾ, ਵਿਰੋਧੀਆਂ ਨਾਲ ਮਿਲ ਕੇ ਪਾਰਟੀ ਨੂੰ ਢਾਹ ਲਾਉਣਾ, ਗਰੀਬ ਲੋਕਾਂ ਨੂੰ ਮਰਵਾਉਣਾ, ਫੇਰ ਸ਼ਹੀਦ ਕਰਾ ਦੇਣਾ ਆਦਿ ਪ੍ਰਸੰਗਾਂ ਰਾਹੀਂ ਦੋਵਾਂ ਦੇ ਕਿਰਦਾਰ ਨੂੰ ਉਘਾੜਿਆ ਗਿਆ ਹੈ,ਦੋਵੇਂ ਪਾਤਰਾਂ ਦੀ ਕਹਿਣੀ ਤੇ ਕਰਨੀ ਵਿੱਚ ਫਰਕ ਹੈ।ਇਹਨਾਂ ਪਾਤਰਾਂ ਦੀ ਜ਼ਿੰਦਗੀ ਵਿੱਚ ਆਏ ਪਰਾਹਨ ਦਾ ਕਾਰਨ ਸਮਾਜ ਦੇ ਉਸ ਪ੍ਰਤੀਮਾਨ ਵਿੱਚ ਵਿਦਮਾਨ ਹੈ,ਜਿਸ ਕਾਰਨ ਇਹ ਪਾਤਰ ਪ੍ਰਤੀਮਾਨਕ ਜ਼ਿੰਦਗੀ ਜਿਉਂਦੇ-ਜਿਉਂਦੇ ਕੋਈ ਹੋਰ ਰਸਤੇ ਤੁਰ ਪੈਂਦੇ ਹਨ।

ਨਾਵਲ ਦੇ ਹੋਰ ਕਈ ਗੌਣ ਬਿਰਤਾਂਤਾਂ ਤੋਂ ਰਿਸ਼ਤਿਆਂ ਵਿੱਚ ਆਏ ਅਸਾਵੇਂਪਣ ਦਾ ਪਤਾ ਚੱਲਦਾ ਹੈ,ਜਿਵੇਂ ਕਿ ਡਾਕਟਰ ਦੇ ਪੁਰਾਣੇ ਮਰੀਜ਼ ਦੀ ਰਈਸ ਦੀ ਪਤਨੀ ਦਾ ਕਿਸੇ ਹੋਰ ਵਿਅਕਤੀ ਨਾਲ ਪ੍ਰੇਮ ਕਰਨਾ,ਪਤੀ ਦੇ ਰੋਕਣ ਤੋਂ ਨਾ ਰੁਕਣਾ ਸਗੋਂ ਖੁੱਲ੍ਹਮ-ਖੁੱਲ੍ਹਾ ਆਪਣੇ ਪ੍ਰੇਮੀ ਨਾਲ ਮਿਲਣਾ, ਜੱਗ ਜਾਹਰ ਹੋਣ ਤੇ ਵੀ ਪਿੱਛੇ ਨਾ ਹਟਣਾ।ਪਤੀ ਨੂੰ ਛੱਡ ਪ੍ਰੇਮੀ ਨਾਲ ਚਲੇ ਜਾਣਾ ਆਦਿ ਸਮਾਜਿਕ ਮਰਿਆਦਾ ਦਾ ਪਰਾਹਿਤ ਰੂਪ ਹੈ। ਇੱਥੇ ਨਾਵਲਕਾਰ ਇੱਕ ਰੂੜੀ ਨੂੰ ਵੀ ਤੋੜ੍ਹਦਾ ਹੈ,ਜਿਵੇਂ ਕਿ 'ਲੋਕ ਕੀ ਕਹਿਣਗੇ?' ਇਹ ਮਰਿਆਦਾ ਤੇ ਸਭਿਆਚਾਰਕ ਕੋਡ ਹੈ ਪਰ ਨਾਵਲ ਵਿੱਚ ਇਸ ਨੂੰ ਤੋੜਿਆ ਗਿਆ ਹੈ।

'ਲੋਕ ਤਾਂ ਕਹਿੰਦੇ ਸਨ ਕਿ ਜੇ ਤੁਸੀਂ ਆਪਣੇ ਪਾਲਤੂ ਜਾਨਵਰ ਉੱਪਰ ਵੀ ਏਨਾਂ ਜ਼ੁਲਮ ਕਰੋਗੇ ਤਾਂ ਉਹ ਵੀ ਨੱਸ ਜਾਵੇਗਾ।ਕੌਣ ਪਤਨੀ, ਪਤੀ ਦਾ ਏਨਾਂ ਤਸ਼ੱਦਦ ਸਹਿ ਸਕਦੀ ਹੈ ?'(ਪੰਨਾ,171)

ਦੂਜੇ ਬਿਰਤਾਂਤ ਵਿੱਚ ਮਿਲਿੰਦ ਇਤਿਹਾਸਿਕ ਪਾਤਰ

ਹੈ,ਉਹ ਨਾਲੰਦਾ ਬੁੱਧ ਵਿਹਾਰ ਵਿੱਚ ਅਧਿਆਪਕ ਰਤਨਾਕਾਰਮਣੀ, ਦਿਵਯਬੋਧ ਤੋਂ ਭਾਰਤੀ ਦਰਸ਼ਨ ਸਬੰਧੀ ਜਾਣਕਾਰੀ ਹਾਸਲ ਕਰਦਾ ਹੈ।ਆਨੰਦ ਭਿਕਸ਼ੂ ਹੂਆ ਨਾਲ ਭਾਰਤੀ ਦਰਸ਼ਨ ਦੀ ਜਾਣਕਾਰੀ ਲਈ ਵੱਖ ਵੱਖ ਥਾਵਾਂ ਦੀ ਯਾਤਰਾ ਕਰਦਾ ਹੈ।ਯਾਤਰਾ ਦੌਰਾਨ ਹੀ ਮਿਲਿੰਦ ਵੈਦ ਪਰਿਵਾਰ ਦੀ ਨੂੰਹ ਕਮਲਾ ਦੇ ਰੂਪ ਰੰਗ ਤੇ ਆਕਰਸ਼ਿਤ ਹੋ ਜਾਂਦਾ ਹੈ। ਮਿਲਿੰਦ ਦਾ ਆਪਣੇ ਉਦੇਸ਼ ਤੋਂ ਭਟਕਣਾ, ਕਮਲਾ ਨਾਲ ਪਿਆਰ ਕਰਨਾ, ਉਸ ਨੂੰ ਮਿਲਣ ਲਈ ਚੋਰੀ-ਛਿਪੇ ਜਾਣਾ ਅਤੇ ਆਪਣਾ ਅਧਿਐਨ ਵਿਚਕਾਰ ਛੱਡ ਕਮਲਾ ਦੇ ਪ੍ਰੇਮ ਵਿੱਚ ਮੁਕਤੀ ਪ੍ਰਾਪਤ ਕਰਨਾ,ਕਮਲਾ ਦਾ ਸਮਾਜਿਕ ਬੰਧਨਾਂ ਨੂੰ ਤੋੜਕੇ ਮਿਲਿੰਦ ਨਾਲ ਚਲੇ ਜਾਣਾ ਆਦਿ ਸਮਾਜਿਕ ਮਰਿਆਦਾ ਨੂੰ ਭੰਗ ਕਰਕੇ ਨਾਵਲਕਾਰ ਨੇ ਪਰਾਹਿਤ ਪ੍ਰਵਚਨ ਦੀ ਸਿਰਜਣਾ ਕੀਤੀ ਹੈ। ਭਿਕਸ਼ੂ ਮਿਲਿੰਦ ਦੇ ਮਸਤਕ ਵਿੱਚ ਭਾਵੇਂ ਧਰਮ ਸੂਤਰਾਂ ਦੀ ਗੂੰਜ ਰਹਿੰਦੀ ਹੈ ਪਰ ਨਾਵਲ ਵਿੱਚ ਵਾਰ ਵਾਰ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਮਿਲਦਾ ਹੈ ਕਿ ਮਿਲਿੰਦ ਵਿਹਾਰ ਵਿੱਚ ਵਿਚਰਦਿਆਂ ਬੁੱਧਵਾਦ ਅਤੇ ਹੋਰ ਧਰਮਾਂ ਬਾਰੇ ਬਹਿਸ ਵਿੱਚ ਇੱਕ ਬੌਧਿਕ ਪ੍ਰਾਣੀ ਜਾਂ ਜਗਿਆਸੂ ਦੇ ਤੌਰ 'ਤੇ ਬੜੀ ਉਤਸੁਕਤਾ ਨਾਲ ਹਿੱਸਾ ਲੈਂਦਾ ਹੈ ਪਰ ਉਸਦਾ ਮਨ ਭਟਕਣਾ ਵੱਲ ਹੋ ਤੁਰਦਾ ਹੈ।ਜਿਵੇਂ ਕਈ ਥਾਵਾਂ ਤੇ ਉਹ ਖੁਦ ਵੀ ਕਬੂਲਦਾ ਹੈ।

'ਇਹ ਚਿੰਤਾ ਵੀ ਉਸਨੂੰ ਅੰਦਰੋਂ ਅੰਦਰ ਖਾਈ ਜਾ ਰਹੀ ਸੀ ਜਦੋਂ ਦਾ ਉਹ ਵਿਹਾਰ ਵਿੱਚ ਆਇਆ ਸੀ ਉਸਦਾ ਮਨ ਅਧਿਐਨ ਵਿੱਚ ਬਹੁਤਾ ਨਹੀਂ ਸੀ ਲੱਗਦਾ'।(ਪੰਨਾ,29)

ਮਿਲਿੰਦ ਤੋਂ ਇਲਾਵਾ ਹੋਰ ਭਿਕਸ਼ੂਆਂ ਦਾ ਮਨ ਵੀ ਭਟਕਦਾ ਰਹਿੰਦਾ ਸੀ। ਵਿਹਾਰ ਦੇ ਭਿਕਸ਼ੂ ਚੋਰੀ ਛਿਪੇ ਵੇਦਾਂ, ਉਪਨਿਸ਼ਦ ਤੇ ਬ੍ਰਾਹਮਣਾਂ ਨੂੰ ਪੜ੍ਹਦੇ ਹਨ ਜੋ ਵਿਹਾਰ ਦੇ ਨਿਯਮਾਂ ਦੀ ਉਲੰਘਣਾ ਹੈ।ਪਾਤਰ ਚਤੁਰ ਸੈਨ ਤੇ ਹੋਰ ਭਿਕਸ਼ੂ ਕਾਮਸੂਤਰ ਨੂੰ ਪੜ੍ਹਦੇ ਤੇ ਇਹ ਪੁਸਤਕ ਦਾ ਇੱਕ ਕਕਸ਼ ਤੋਂ ਦੂਜੇ ਕਕਸ਼ ਤੱਕ ਘੁੰਮਣਾ ਵਿਹਾਰ ਦੇ ਵਿੱਚ ਬੋਧੀ ਭਿਕਸ਼ੂਆਂ ਦੇ ਪਰਾਹਿਤ ਮਨਿਆਵੀ ਜੀਵਨ ਨੂੰ ਦਰਸਾਉਂਦਾ ਹੈ...

'ਚਤੁਰ ਸੈਨ ਤਾਂ ਪਤਾ ਨਹੀਂ ਕਿੱਥੋਂ ਵਾਤਸਾਇਨ ਦਾ ਕਾਮਸੂਤਰ ਵੀ ਲੈ ਆਇਆ ਸੀ....

ਇਹ ਪੁਸਤਕ ਪਤਾ ਨਹੀਂ ਕਿੰਨੇਂ ਦਿਨਾਂ ਤੱਕ ਨਿਵਾਸ ਭਵਨ ਦੇ ਇੱਕ ਕਕਸ਼ ਤੋਂ ਦੂਜੇ

ਕਕਸ਼ ਵਿੱਚ ਘੁੰਮਦੀ ਰਹੀ। '(ਪੰਨਾ,42)

ਉਪਰੋਕਤ ਤੋਂ ਇਲਾਵਾ ਨਾਲੰਦਾ ਵਿਹਾਰ ਵਿੱਚ ਪ੍ਰਤੀਮਾਨਕ ਜ਼ਿੰਦਗੀ ਜਿਉਂਦੇ ਪਾਤਰ ਵੀ ਉੱਭਰਦੇ ਹਨ,ਜਿਵੇਂ ਭਿਕਸ਼ੂ ਦਿਵਯਬੋਧ,ਭਿਕਸ਼ੂ ਹੂਆ, ਭਿਕਸ਼ੂ ਰਤਨਾਕਾਰਮਣੀ ਆਦਿ ਭਗਵਾਨ ਬੁੱਧ ਦੀਆਂ ਦਿੱਤੀਆਂ ਸਿੱਖਿਆਵਾਂ ਉੱਪਰ ਅਮਲ ਕਰ ਦੂਜੇ ਭਿਕਸ਼ੂਆਂ ਨੂੰ ਇੰਨ੍ਹਾਂ ਉੱਪਰ ਚੱਲਣ ਲਈ ਪ੍ਰੇਰਦੇ ਹੋਏ ਨਿਰਵਾਣ ਦਾ ਰਾਸਤਾ ਦੱਸਦੇ ਹਨ।

ਇਸ ਤੋਂ ਅੱਗੇ ਨਾਵਲ ਵਿੱਚ ਰਿਸ਼ਤਿਆਂ ਨਾਲ ਸਬੰਧਿਤ ਪ੍ਰਤੀਮਾਨਾਂ ਦੀ ਉਲੰਘਣਾ ਕਮਲਾ ਦੁਆਰਾ ਕੀਤੀ ਜਾਂਦੀ ਹੈ।ਕਮਲਾ ਪ੍ਰਤੀਮਾਨਕ ਜੀਵਨ ਜਿਉਂਦੇ ਦੁੱਖ ਭੋਗ ਰਹੀ ਹੈ।ਪਤੀ ਦੁਆਰਾ ਸ਼ੱਕ ਕਰਨਾ,ਬੱਚਾ ਨਾ ਹੋਣਾ, ਉਸਦੇ ਦੁੱਖਾਂ ਦਾ ਕਾਰਨ ਹੈ।ਉਹ ਕਿਤੇ ਵੀ ਵਿਰੋਧ ਨਹੀਂ ਕਰਦੀ।ਜਦੋਂ ਭਿਕਸ਼ੂ ਮਿਲਿੰਦ ਉਸਦੀ ਜ਼ਿੰਦਗੀ ਵਿੱਚ ਆਉਂਦਾ ਹੈ ਤਾਂ ਉਹ ਆਪਣੀ ਮਰਿਆਦਾਵਾਂ ਨੂੰ ਭੁੱਲ ਘਰਦਿਆਂ ਤੋਂ ਚੋਰੀ, ਸਮਾਜ ਦਾ ਡਰ ਦਿਲੋਂ ਕੱਢ ਮਿਲਿੰਦ ਨੂੰ ਮਿਲਦੀ ਹੈ ਅਤੇ ਆਪਣੇ ਨਾਲ ਲੈ ਜਾਣ ਲਈ ਕਹਿੰਦੀ ਹੈ।ਉਸ ਨੂੰ ਆਪਣੀ ਮੁਕਤੀ ਮਿਲਿੰਦ ਵਿੱਚੋਂ ਦਿਖਾਈ ਦਿੰਦੀ ਹੈ।

'ਮੈਨੂੰ ਤੇਰੇ 'ਚੋਂ ਆਪਣੀ ਮੁਕਤੀ ਦਾ ਮਾਰਗ ਦਿਸਦਾ ਏ,ਤੂੰ ਹੀ ਮੈਨੂੰ ਵਾਪਿਸ ਲੈ ਜਾਅ ਸਕਦਾ ਏ ਮੇਰੀ ਮਿੱਟੀ ਕੋਲ....।ਕਮਲਾ ਦੇ ਇਹ

ਕਹਿੰਦਿਆਂ ਹੀ ਨੈਣਾਂ ਵਿੱਚ ਹੰਝੂ ਭਰ ਆਏ'।(ਪੰਨਾ,231)

ਨਾਵਲ ਦੇ ਅੰਤ ਤੱਕ ਜਾਂਦਿਆਂ ਆਨੰਦ ਤੇ ਮਿਲਿੰਦ ਦੀ ਇੱਕੋ ਹੀ ਦਸ਼ਾ ਦਿਖਾਈ ਦਿੰਦੀ ਹੈ। ਮਿਲਿੰਦ ਦਾ ਬੁੱਧਵਾਦ ਤੋਂ ਮੋਹ ਭੰਗ ਹੋਣਾ, ਆਨੰਦ ਦਾ ਮਿਸ਼ਰਾ ਤੇ ਅਖਿਲੇਸ਼ ਦੀਆਂ ਗੁਪਤ ਸਿਆਸੀ ਸਰਗਰਮੀਆਂ ਤੋਂ ਬਾਅਦ ਸੁਪਨਾ ਤਿੜਕਣਾ। ਦੋਵੇਂ ਆਪਣੇ ਉਦੇਸ਼ ਨੂੰ ਛੱਡ ਵਿਆਹੀਆਂ ਔਰਤਾਂ ਨੂੰ ਲੈ ਆਪਣੇ ਘਰਾਂ ਨੂੰ ਰਵਾਨਾ ਹੁੰਦੇ ਹਨ। ਦੋਵੇਂ ਪਾਤਰਾਂ ਦੇ ਇਸ ਅਵੈਧ ਪਿਆਰ ਨਾਲ ਪਰੰਪਰਾਗਤ ਨੈਤਿਕ ਪ੍ਰਤੀਮਾਨਾਂ ਨੂੰ ਧੱਕਾ ਲੱਗਦਾ ਹੈ।ਦੋਵੇਂ ਬਿਰਤਾਂਤ ਇੱਕ ਦੂਜੇ ਨਾਲ ਪ੍ਰਤੀਮਾਨਕ ਤੇ ਪਰਾਹਨ ਪੱਧਰ ਤੇ ਖਹਿਦੇ-ਭਿੜਦੇ ਨਜ਼ਰ ਆਉਂਦੇ ਹੈ

1 Edger,Andrew and Peter Sedgwick,2004,Key Concepts in Cultural Thoery p261

2 Edwads,D.D Tryon,1996.The New Dictionary of Thoughts,p130

3 ਨਿਰਵਾਣ 2011

4 ਉਹੀ ਪੰਨਾ 33

5 ਉਹੀ ਪੰਨਾ 171

6 ਉਹੀ ਪੰਨਾ 25

7 ਉਹੀ ਪੰਨਾ 29

8 ਉਹੀ ਪੰਨਾ 42

9 ਉਹੀ ਪੰਨਾ 231

10 ਉਹੀ ਪੰਨਾ 10

11 ਉਹੀ ਪੰਨਾ 11

**ਪੰਜਾਬੀ ਵਿਭਾਗ**

**ਪੰਜਾਬੀ ਯੂਨੀਵਰਸਿਟੀ ਕਾਲਜ, ਘੁੱਦਾ, ਬਠਿੰਡਾ**

## ਕਵਿਤਾਵਾਂ / ਨਰੇਸ਼ ਗੁਰਜਰ



### ਸੱਤ ਆਦਮੀ

ਹਰ ਆਦਮੀ ਦੇ ਕੋਲ
ਇੱਕ ਵੀਣਾ ਹੈ
ਜਿਸਨੂੰ ਉਹ
ਵਜਾਉਣਾ ਨਹੀਂ ਚਾਹੁੰਦਾ

ਹਰ ਦੂਜਾ ਆਦਮੀ
ਕਹਿੰਦਾ ਹੈ
ਦੁੱਖ ਇੱਕ ਸੁਰ ਹੈ
ਜੋ ਪਕੜ ਵਿੱਚ
ਨਹੀਂ ਆ ਰਿਹਾ

ਹਰ ਤੀਜਾ ਆਦਮੀ
ਉਲਝਿਆ ਹੋਇਆ ਹੈ
ਵਿਚਾਰਾਂ ਨੂੰ ਕਸਣ ਦੇ ਵਿੱਚ

ਹਰ ਚੌਥਾ ਆਦਮੀ
ਚਾਰੋ ਪਾਸੇ ਦੇਖ ਰਿਹਾ ਹੈ
ਇਸ ਉਮੀਦ ਨਾਲ
ਕਿ ਕੋਈ ਉਸਨੂੰ ਦੇਖ ਲਵੇ

ਹਰ ਪੰਜਵੇਂ ਆਦਮੀ ਦਾ
ਨਹੀਂ ਹੈ ਉਸ ਕੋਲ
ਕੋਈ ਪਰਿਚਯ

ਹਰ ਛੇਵੇਂ ਆਦਮੀ ਦੇ ਕੋਲ
ਇੱਕ ਕਹਾਣੀ ਹੈ
ਛਲ ਜਿਸਦਾ
ਮੁੱਖ ਕਿਰਦਾਰ ਹੈ

ਹਰ ਸੱਤਵੇਂ ਆਦਮੀ ਨੂੰ
ਸ਼ਿਕਾਇਤ ਹੈ
ਹਰ ਪਹਿਲੇ
ਆਦਮੀ ਦੇ ਨਾਲ....

### ਇੱਕ ਬੱਚਾ

ਮੈਂ ਬਜ਼ੁਰਗਾਂ ਨਾਲ
ਗੱਲ ਕੀਤੀ
ਉਨ੍ਹਾਂ ਕੋਲ ਅਨੁਭਵ ਸਨ
ਤੇ ਅਫ਼ਸੋਸ ਵੀ

ਮੈਂ ਪ੍ਰੌੜ੍ਹ ਹੁੰਦੇ
ਲੋਕਾਂ ਦੇ ਅੰਦਰ ਝਾਕਿਆ
ਉੱਥੇ ਇੱਕ
ਗਹਿਰਾ ਖਿਲਾਅ ਸੀ
ਅਨਸੁਣੇ ਦੁੱਖ ਸਨ

ਮੈਂ ਨੌਜਵਾਨਾਂ ਨੂੰ ਮਿਲਿਆ
ਉਨ੍ਹਾਂ ਦੇ ਚੇਹਰੇ ਤੇ
ਚਿੰਤਾਵਾਂ ਸਨ
ਪ੍ਰਸ਼ਨ ਸਨ

ਫਿਰ ਮੈਨੂੰ ਇੱਕ
ਬੱਚਾ ਮਿਲਿਆ
ਜਿਸਦੇ ਕੋਲ
ਕੁਝ ਨਹੀਂ ਸੀ
ਉਸਨੇ ਅਸਮਾਨ ਦੇ
ਵੱਲ ਇੱਕ
ਚੁੰਮਣ ਸੁੱਟਿਆ
ਤੇ ਮਿੱਟੀ ਤੇ ਲਿਟ ਗਿਆ।

**ਅਨੁ. ਅ.ਕ.**

## ਪਿਆਰ / ਡਾ. ਸ਼ੋਭਾ ਜੈਨ



ਸਭ ਤੋਂ ਜ਼ਿਆਦਾ
ਜੋ ਕਿਹਾ ਗਿਆ
ਪਰ ਸਭ ਤੋਂ ਘੱਟ
ਸਮਝਿਆ ਗਿਆ
ਸ਼ਬਦ ਹੈ ਪਿਆਰ
ਸਭ ਤੋਂ ਜ਼ਿਆਦਾ
ਚਾਹਿਆ ਗਿਆ
ਪਰ ਸਭ ਤੋਂ ਘੱਟ
ਜਿਉਂਇਆ ਗਿਆ
ਅਹਿਸਾਸ ਹੈ ਪਿਆਰ
ਉਸਤੋਂ ਲੈਣ ਤੋਂ ਜ਼ਿਆਦਾ
ਉਸਨੂੰ ਦੇਣ ਵਿਚ ਸੀ ਪਿਆਰ
ਉਸਦੇ ਕੋਲ ਰਹਿਣ ਤੋਂ ਜ਼ਿਆਦਾ
ਉਸਦੇ ਦੂਰ ਰਹਿਣ
ਵਿਚ ਹੈ ਪਿਆਰ
ਜਿਉਂਏ ਹੋਏ ਨੂੰ
ਅੰਦਰ ਸਮਾ
ਲੈਣ ਵਿੱਚ ਹੈ ਪਿਆਰ
ਮਹਿਸੂਸ ਕਰਨ ਵਿਚ ਤੁਹਾਨੂੰ ਨਾ
ਦੱਸਣ ਵਿੱਚ ਹੈ ਪਿਆਰ
ਪੁਰਸ਼ ਦੀ ਜ਼ਰੂਰਤ ਹੋਵੇ
ਔਰਤ ਦਾ ਸਮਰਪਣ
ਉਸੇ ਵਿੱਚ ਹੈ ਪਿਆਰ
ਪੁਰਸ਼ ਨੂੰ ਜੋ ਪੁਰਸ਼ ਬਣਾਏ
ਔਰਤ ਨੂੰ ਜੋ ਔਰਤ ਬਣਾਏ
ਉਹੀ ਸੰਪੂਰਨ ਕਰਮ ਹੈ ਪਿਆਰ
ਸੱਚ ਕਹਿਣ ਦੀ ਹੋ
ਤਾਕਤ ਦਵੇ
ਸੱਚ ਸਵੀਕਾਰਨ ਦੀ
ਜੋ ਸ਼ਕਤੀ ਦੇਵੇ
ਉਹ ਭਾਵਨਾ ਹੈ ਪ੍ਰੇਮ
ਬਾਕੀ ਸਭ ਹੈ ਲੈਣ ਦੇਣ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੋਕਧਾਰਾਈ ਪਰਿਪੇਖ : ਗਲੋਬਲੀ ਚੇਤਨਾ ਦੇ ਪ੍ਰਸੰਗ ''ਚ

ਡਾ. ਗੁਰਮੋਹਿੰਦਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ 1604 ਈ. ਵਿਚ ਗੁਰ ਅਰਜਨ ਸਾਹਿਬ ਵਲੋਂ ਸੰਪਾਦਤ ਕੀਤਾ ਗਿਆ ਸਿੱਖਾਂ ਦਾ ਪਾਵਨ ਧਰਮ ਗ੍ਰੰਥ ਹੈ। ਇਸ ਵਿਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ, 4 ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਸੰਕਲਤ ਹੈ। ਇਸ ਦੀ ਸਿਰਜਣਾਤਮਕ ਵਿਲੱਖਣਤਾ ਭਾਰਤ ਦੇ ਵਿਭਿੰਨ ਵਿਲੱਖਣਤਾ ਨੂੰ ਰੂਪਮਾਨ ਕਰਦੀ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਕਥਿਤ ਇਲਹਾਮੀ ਸੰਦਸ਼ ਦੀ ਪ੍ਰਕਾਸ਼ਨਾ ਬਹੁਪੱਖੀ ਮਹਾਨਤਾ ਨਾਲ ਜੁੜੀ ਹੈ ਉਥੇ ਇਸ ਦਾ ਰੂਪ-ਪ੍ਰਬੰਧ ਵੀ ਵੰਨ ਸੁਵੰਨਤਾ ਦਾ ਲਖਾਇਕ ਹੇ। ਸਾਹਿਤਕ ਕਾਵਿ ਰੂਪ : ਪਦਾ, ਅਸਟਪਦੀ, ਸਲੋਕ, ਪਉੜੀ, ਕਾਫੀ, ਬਾਵਨ ਅੱਖਰੀ, ਪੱਟੀ ਆਦਿ ਦੇ ਨਾਲ-ਨਾਲ ਬਾਣੀ ਵਿਚਲੇ ਸੰਦਸ਼ ਨੂੰ ਸੰਚਾਰਣ ਲਈ ਲੋਕ ਕਾਵਿ

ਰੂਪ : ਸੋਹਿਲਾ, ਘੋੜੀਆਂ, ਛੰਦ, ਅਲਾਹੁਣੀਆਂ, ਤਿਥਿ, ਰੁਤੀ, ਦੈਨਿ ਰੈਣਿ, ਪਹਿਰੇ ਆਦਿ ਅਧੀਨ ਜਨਮ ਤੋਂ ਮੌਤ ਤੱਕ ਕੇ ਕਾਲਖੰਡ ਵਿਚ ਫੈਲੇ ਸੰਸਕਾਰਾਂ, ਰਸਮਾਂ-ਰੀਤਾਂ, ਤਿੱਥਾਂ ਤਿਉਹਾਰਾਂ ਨਾਲ ਜੁੜੇ ਖੁਸ਼ੀ ਗਮੀ ਦੇ ਪ੍ਰਗਟਾਵੇ ਨੂੰ ਅਧਿਆਤਮਕ ਦਿੱਬਤਾ ਨਾਲ ਜੁੜਣ ਦੀ ਲੋਕ ਮੁਖੀ ਸੇਧ ਦਿਤੀ ਹੈ। ਸੋ ਇਸ ਲੋਕ ਮੁਖੀ ਮੁਹਾਵਰੇ ਵਿਚ ਪਈ ਗ੍ਰੰਥ ਦੀ ਵਿਚਾਰਧਾਰਕ ਵੱਥ ਸਾਨੂੰ ਦਿਸਦੇ ਲੋਕਧਾਰਾਈ ਪਰਿਪੇਖ ਨੂੰ ਪਛਾਣਨ ਲਈ ਉਤਸਾਹਿਤ ਕਰਦੀ ਹੈ।

ਲੋਕਘਾਰਾ ਕਿਸੇ ਜਾਤੀ ਦੀ ਸੰਸਕ੍ਰਿਤੀ ਦਾ ਮੂਲ ਸੱਚ ਮੰਨਿਆ ਜਾਂਦਾ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ ਲੋਕਧਾਰਾ ਦੀ ਸੰਰਚਨਾ ਵਿਚ ਲੋਕ ਸਭਿਆਚਾਰ, ਪਰੰਪਰਾ ਅਤੇ ਲੋਕ ਮਨ ਮਹੱਤਵਪੂਰਨ ਤੱਤ ਸਵੀਕਾਰ ਕੀਤੇ ਗਏ ਹਨ। ਡਾ. ਕਰਨੈਲ ਸਿੰਘ ਥਿੰਦ ਨੇ ਇਨ੍ਹਾਂ ਤਿੰਨਾਂ ਤੱਤਾਂ ਤੋਂ ਇਲਾਵਾ ਲੋਕ ਪ੍ਰਵਾਨਗੀ

ਚੌਥਾ ਪ੍ਰਮੁੱਖ ਤੱਤ ਵੀ ਮੰਨਿਆ ਹੈ। ਇਹ ਲੋਕਧਾਰਾਈ ਤੱਤ ਗ੍ਰੰਥ ਸਾਹਿਬ ਵਿਚ ਕਿਵੇ' ਕਾਰਜਸ਼ੀਲ ਹਨ ਉਸ ਲਈ ਮੈਂ ਕੇਵਲ ਲੋਕ ਕਾਵਿਕ-ਰੂਪਾਂ ਦੀ ਵਿਸ਼ਲਸ਼ਣ ਦਾ ਆਧਾਰ ਨਹੀਂ ਬਣਾਇਆ, ਸਗੋਂ ਸਮੁੱਚੇ ਗ੍ਰੰਥ ਸਾਹਿਬ ਵਿਚਲੀ ਵਿਚਾਰਧਾਰਾ ਨੂੰ ਲੋਕਧਾਰਾਈ ਪਰਿਪੇਖ ਵਜੋਂ ਵਿਚਾਰਿਆ ਹੈ। ਇਹ ਲੋਕਧਾਰਾਈ ਸਮੱਗਰੀ ਗ੍ਰੰਥ ਸਾਹਿਬ ਦੀ ਸਿਰਜਣਾਤਮਕਤਾ ਵਿਚ ਇਉਂ ਰਲਗੱਡ ਹੋਈ ਹੈ, ਜਿਵੇਂ :-

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥

ਇਸ ਦਾ ਨਿਖੇੜਾ ਕਰ ਸਕਣਾ ਅਤਿ ਜਟਿਲ ਕਾਰਜ ਹੈ ਪਰ ਫਿਰ ਵੀ ਆਪਣੀ ਸਮਰੱਥਾ ਅਨੁਸਾਰ ਕੁਝ ਕੁ ਪਛਾਣਨ ਦਾ ਯਤਨ ਅਵੱਸ਼ ਕੀਤਾ ਹੈ, ਜਿਸ ਵਿਚੋਂ ਸਭਿਅਕ ਮਨੁੱਖ ਦੀ ਜੀਵਨ-ਜਾਂਚ/ਵਿਹਾਰਕਤਾ ਆਦਿਮ ਸਮੇ"ਤੋਂ ਚਲੇ ਆ ਰਹੇ ਵਿਸ਼ਵਾਸ, ਅਕੀਦਿਆਂ, ਮਨੌਤਾਂ, ਰਹੁ ਰੀਤਾਂ ਨਾਲ ਜੁੜੀ ਮਨੁੱਖੀ ਅੰਤਰੀਵਤਾ (ਲੋਕ ਮਨ) ਦੇ ਪਛਾਣ ਦੇ ਰੂ-ਬ-ਰੂ ਦੀ ਨਹੀਂ ਸਗੋਂ ਧਰਮ ਨਾਲ ਜੁੜੇ ਇਸ ਗ੍ਰੰਥ ਨੂੰ ਗਲੋਬਲੀ ਪਰਿਪੇਖ ਵਜੋਂ ਵੀ ਵਿਚਾਰਿਆ ਗਿਆ ਹੈ।

ਬਹੁਤੱਤੀ ਪਛਾਣ ਨਾਲ ਜੁੜੇ ਧਰਮ ਨੂੰ ਕਿਸੇ ਸੀਮਿਤ ਪਰਿਭਾਸ਼ਾ ਨਾਲ ਬੰਨਿਆ ਨਹੀਂ ਜਾ ਸਕਦਾ ਪ੍ਰਗਟਾਉਂਦਾ ਹੈ। ਇਸ ਦੀ ਭਾਵਨਾ ਹਰ ਦਸ਼ ਅਤੇ ਸਭਿਆਚਾਰ ਵਿਚ ਫਰਕ ਹੁੰਦੀ ਹੈ। ਇਕ ਸਮਾਂ ਸੀ ਜਦ ਧਰਮ ਨੂੰ ਵੱਡੀ ਢਾਹ ਵਿਗਿਆਨਕਤਾ ਅਤੇ ਤਾਰਕਿਕਤਾ ਨਾਲ ਆਧੁਨਿਕਤਾ ਨੇ ਲਾਈ ਸੀ। ਇਸ ਨੇ ਪ੍ਰਕਿਰਤਕ ਜਗਤ ਨਾਲ ਜੁੜੇ ਸੱਚ ਨੂੰ ਡੀਮਿਸਟੀਫਾਈਡ ਕੀਤਾ ਸੀ। ਡਾਰਵਿਨ ਦਾ ਵਿਕਾਸਵਾਦੀ ਸਿਧਾਂਤ ਨਿਊਟਨ ਦਾ ਗੁਰਤੱਤ ਆਕਰਸ਼ਣ ਦਾ ਸਿਧਾਂਤ, ਕਾਪਰਨਿਕਸ ਦੇ ਸਿਧਾਂਤ ਨੇ, ਧਰਮ ਗ੍ਰੰਥਾਂ ਵਿਚ ਪਈ ਬ੍ਰਹਿਮੰਡੀ, ਸਿਰਜਨਾ, ਪ੍ਰਿਥਵੀ ਅਤੇ ਜੀਵਨ ਦੇ ਉਦੈ ਅਤੇ ਵਿਕਾਸ ਸੰਬੰਧੀ ਪਏ ਵਿਚਾਰਾਂ ਨੂੰ ਨਿਰਾਧਾਰ ਅਤੇ ਅਪ੍ਰਮਾਣਿਕ ਸਿੱਧ ਕੀਤਾ। ਉਨ੍ਹਾਂ ਨੇ ਵਿਗਿਆਨਕ ਖੋਜਾਂ ਦੀ ਵੈਧਤਾ ਦੀ ਪੁਖਤਗੀ ਕਰਨ ਲਈ ਇਸ ਮੁਕਤ ਕਰਨ ਦੇ ਲਕਸ਼ ਨੂੰ ਉਭਾਰਿਆ। ਅਜੋਕੇ ਸਮੇਂ ਵਿਚ ਵੀ ਉਪਭੋਗਤਾਵਾਦ ਜਾਂ ਮੰਡੀ ਮਾਨਸਿਕਤਾ ਨਾਲ ਜੁੜਿਆ ਮਨੁੱਖ ਧਰਮ ਦੇ ਪ੍ਰਭਾਵਾਂ ਨੂੰ, ਘੱਟ ਹੀ ਕਬੂਲਦਾ ਹੈ। ਸੂਚਨਾ ਅਤੇ ਤਕਨਾਲੋਜੀ ਦੇ ਵਿਕਸਤ ਹੁੰਦੇ ਇਸ ਦੌਰ ਵਿਚ ਮਨੁੱਖ ਅਤੇ ਸੰਸਾਰ ਦੋਵੇਂ ਬਦਲ ਗਏ ਹਨ। ਨਿਰੰਤਰ ਚਲਿਆ ਆ ਰਿਹਾ ਕੀਮਤ-ਪ੍ਰਬੰਧ ਖਾਰਜ ਹੋ ਗਿਆ ਹੈ ਅੱਜ਼ ਨੈਤਿਕ ਸਰੋਕਾਰ 'ਕੋਈ ਹੋਰ'' (002) ਰੂਪ ਹੋ ਗਏ ਹਨ। ਕਿਉਂਕਿ ਪਦਾਰਥਕ ਸੁੱਖਾਂ ਦੀ ਬਹੁਲਤਾ ਧਨ ਦੌਲਤ, ਐਸ਼ੋ-ਇਸ਼ਰਤ ਨੂੰ ਜੀਵਨ ਦਾ ਸਰਵ ਉੱਚ ਆਦਰਸ਼ ਪ੍ਰਵਾਨ ਕਰ ਲਿਆ ਹੈ। ਇਸੀ ਤਹਿਤ ਮਨੁੱਖੀ ਅਵਚੇਤਨ, ਵਿਸ਼ਵਾਸਾਂ ਅਤੇ ਅਕੀਦਿਆਂ ਨਾਲ ਜੁੜੀ ਮਨੁੱਖੀ ਮਾਨਸਿਕਤਾ ਪਰਵਰਤਿਤ ਹੁੰਦੀ ਜਾ ਰਹੀ ਹੈ। ਮਨੁੱਖੀ ਮਨ ਨੂੰ ਉਸਾਰੂ ਬਿਰਤੀ ਨਾਲ ਜੋੜਣ ਵਾਲੀ ਅਤੇ ਸਮਾਜਕ ਸੰਤੁਲਨ ਨੂੰ ਕਾਇਕ ਰਖਣ ਵਾਲੀ ਗਿਆਨ ਮੀਮਾਂਸਾ ਵੀ ਹੁਣ ਨਵੇਂ ਤਰਕ ਅਤੇ ਚਿੰਤਨ ਦੀਆਂ ਨਵੀਆਂ ਵਿਧੀਆਂ ਦੇ ਰੂ-ਬ-ਰੂ ਹੈ। ਅਜਿ ਸਮੇਂ ਵਿਚ ਲੋਕਧਾਰਾਈ ਸਮੱਗਰੀ ਰਾਹੀ' ਦੈਵੀ ਸੱਤਾ, ਮਨੁੱਖ ਅਤੇ ਸੰਸਾਰ ਦੇ ਸੰਬੰਧਾਂ ਦੀ ਨਿਸ਼ਾਨਦੇਹੀ ਨਾਲ ਜੁੜੇ ਧਰਮ ਗ੍ਰੰਥਾਂ ਦੀ ਕੀ ਸਾਰਥਕਤਾ ਹੈ ਇਹ ਇਕ ਵਿਚਾਰਨਯੋਗ ਮਸਲਾ ਹੈ। ''ਪ੍ਰਗਟ ਗੁਰਾਂ ਦੀ ਦੇਹ'' ਰੂਪ ਵਿਚ ਸਤਿਕਾਰਿਆ ਜਾਂਦਾ ਆਦਿ ਗ੍ਰੰਥ ਮਨੁੱਖੀ ਵਿਸ਼ਵਾਸਾਂ ਦਾ ਭਰੋਸੇਯੋਗ ਅਧਾਰ ਹੈ। ਵਿਸ਼ਵਾਸ ਨਾਲ ਜੁੜੇ ਪ੍ਰਵਚਨ ਦੀ ਗੱਲ ਕਰਨਾ ਆਪਣੇ ਆਪ

ਵਿਚ ਲੋਕਧਾਰਾਈ ਪਰਿਪੇਖ ਦਾ ਮੂਲ ਸਾਂਚਾ ਹਨ। ਸੰਚਾਰਤ ਸੰਦਸ਼ ਕਿਸੇ ਇਕ ਵਰਗ, ਫਿਰਕੇ ਜਾਂ ਸੰਪ੍ਰਦਾਇ ਨੂੰ ਸੰਬੋਧਤ ਨਹੀਂ ਸਗੋਂ ਸਮੁੱਚੇ ਵਿਸ਼ਵ ਵਿਚ ਜਾਂ ਕਹਿ ਲਵੋ ਗਲੋਬਲ ਪੱਧਰ ਤੇ ਵਿਚਰ ਰਹੇ ਮਨੁੱਖ ਮਾਤਰ ਨੂੰ ਜੀਵਨ ਦਾ ਵਿਹਾਰਕਤਾ ਨਾਲ ਸੰਬੰਧਤ ਗਿਆਨ ਪ੍ਰਦਾਨ ਕੀਤਾ ਹੈ। ਗ੍ਰੰਥ ਵਿਚਲੇ ਲੋਕਧਾਰਾਈ ਸਰੋਕਾਰ ਬਿਆਨੇ ਹਨ ਉਹ ਆਦਰਸ਼ਕ ਮਨੁੱਖ ਦੀ ਸਾਜਨਾ ਨਾਲ ਜੁੜੇ ਆਪ ਤਰੇ ਸਗਲੇ ਕੁਲ ਤਾਰੇ ਦੇ ਪ੍ਰਵਚਨ ਅਨੁਕੂਲ ਹੋਵੇ। ਪਰ ਗਲੋਬਲਾਈਜਸ਼ਨ ਦੇ ਜਿਸ ਦੌਰ ਵਿਚ ਅਸੀਂ ਜੀਅ ਰਹੇ ਹਾਂ ਉਥੇ ਮਨੁੱਖ ਹਾਈਪਰ ਰੀਐਲਟੀ ਦਾ ਸ਼ਿਕਾਰ ਹੈ। ਸੰਚਾਰ ਦੇ ਸਾਧਨਾਂ ਨੇ ਜੋ ਵਿਚਾਰਧਾਰਾ ਅਤੇ ਵਿਹਾਰ ਸਿਰਜਿਆ ਹੈ, ਉਸ ਵਿਚ ਮਨੁੱਖ ਆਪਣੇ ਆਪ ਨੂੰ ਖੁਦਮੁਖ਼ਤਾਰ ਸਮਝਦਾ ਹੈ। ਧਰਮ ਅਤੇ ਧਰਮ ਸ਼ਾਸਤਰੀ ਪ੍ਰਭਾਵਾਂ ਨੂੰ ਘੱਟ ਹੀ ਕਬੂਲਦਾ ਹੈ। ਪੂੰਜੀਵਾਦ ਅੱਜ ਮਨੁੱਖ ਕੇਵਲ ਆਪਣੇ ਆਪ ਨੂੰ ਪਾਲਣ ਦੇ ਆਹਰ ਵਿਚ ਰੁਝਾ ਹੈ। ਸਮੂਹ ਪ੍ਰਤੀ ਕੀਤੇ ਜਾਂਦੇ ਆਪਣੇ ਫਰਜ਼ਾਂ ਤੋਂ ਅਵੇਸਲਾ ਹੈ। ਅਜਿਹਾ ਸ੍ਵੈ ਕੇਂਦਰਿਤ ਮਨੁੱਖ ਪ੍ਰਮਾਤਮਾ ਅਤੇ ਭਵਿੱਖੀ ਜੀਵਨ ਦੇ ਵਿਸ਼ਵਾਸ ਤੋਂ ਬਿਨਾਂ ਤਤਕਾਲੀ ਜੀਵਨ ਨੂੰ ਹੀ ਅੰਤਮ ਸੱਚ ਸਵੀਕਾਰਦਾ ਹੈ। ਸਭਿਅਤਾ ਦੇ ਅਜਿਹੇ ਬਦਲਦੇ ਪਰਿਪੇਖ ਨੂੰ ਬਿਆਨ ਵਿਚ ਰਖਦਿਆਂ ਹੋਇਆਂ ਹੀ ਜਰਮਨ ਚਿੰਤਕ ਜਾਰਜ ਗਡਾਮੇਰ ਨੇ ਆਪਣੀ ਪੁਸਤਕ ਵਿਚ ਪਰੰਪਰਾ ਦੀ ਮੁੜ ਬਹਾਲੀ ਉੱਤੇ ਜ਼ੋਰ ਦਿੱਤਾ ਹੈ। ਗਿਆਨਕਰਨ ਦੇ ਪ੍ਰਭਾਵਾਂ ਤੋਂ ਉਪਜੇ ਪੱਖਪਾਤੀ ਅਸੂਲਾਂ ਦੇ ਵਿਰੋਧ ਵਿਚ ਸਰਬ ਸ਼ਾਂਤੀ ਸਮੂਹਕਤਾ ਨਾਲ ਜੁੜੇ ਵਿਚਾਰਾਂ ਨੂੰ ਫੋਕਸ ਵਿਚ ਲਿਆਉਣ ਦੀ ਲੋੜ ਨੂੰ ਉਭਾਰਿਆ ਹੈ।

ਸਮੂਹਿਕਤਾ ਲੋਕਯਾਨ ਦਾ ਵਿਸ਼ਸ਼ ਗੁਣ ਹੈ ਜੋ ਵਿਅਕਤੀ ਵਿਚ ਮੌਜੂਦ ਰਹਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਵਿਧਾਨ ਹੈ ਹੀ ਸਮੂਹਿਕਤਾ ਨੂੰ ਅਗਰਭੂਮਿਤ ਕਰਨ ਦਾ ਵਿਧਾਨ। ਭਾਵੇਂ ਉਹ "ਆਪ ਤਰੈ ਸਗਲੇ ਕੁਲ ਤਾਰੇ" ਦੇ ਰੂਪ ਵਿਚ ਪ੍ਰਤੀਬਿੰਬਤ ਹੋਵੇ ਜਾਂ "ਤਿਤੁ ਜਾਏ ਬਹਹੁ ਸਤਿ ਸੰਗਤੀ" ਅਧੀਨ ਸਮੂਹ ਸਾਧ ਸੰਗਤ ਦੇ ਪਰਿਪੇਖ ਨੂੰ ਉਭਾਰੇ ਜਾਂ "ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਅਮਲ ਵਿਚ ਰੁਝੇ ਮਨੁੱਖ ਦੀ ਸ਼ਨਾਖਤ ਨਾਲ ਜੁੜਿਆ ਹੋਵੇ। ਇਸੇ ਲਈ ਸ੍ਰਿਸ਼ਟੀ ਦੇ ਬਹੁਰੰਗੀ ਪਸਾਰੇ ਵਿਚ ਸਦੀਵੀ ਸੱਚ ਨਾਲ ਜੁੜੀ ਏਕਤਾ ਨੂੰ ਪਛਾਨਣ, ਕਿਰਤ ਕਰਨ, ਨਾਮ ਜਪਣ, ਵੰਡ ਛਕਣ, ਸਭ ਨੂੰ ਬਰਾਬਰ ਸਮਝਣ, ਸੰਸਾਰ ਦੇ ਛਿਣ ਭੰਗਰੀ ਹੁੰਦੇ ਹੋਇਆਂ ਵੀ ਉਸ ਨੂੰ ਸੁੰਦਰ ਕਰਕੇ ਅਤੇ ਗਲੋਬਲੀ ਜੀਵਨ ਨੂੰ ਮੁਖ਼ਾਤਬ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚਲਾ ਪ੍ਰਵਚਨ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ" ਹੇਤੂ ਮਨੁੱਖੀ ਅੰਤਰੀਵਤਾ ਨਾਲ ਜੁੜਿਆ ਪ੍ਰਵਚਨ ਲੋਕਮਨ ਦੇ ਸਮਤੁਲ ਹੈ। ਲੋਕ ਸਮੂਹ ਨਾਲ ਸੰਬੰਧਤ ਸਾਰੀ ਪਰੰਪਰਾਗਤ ਸੋਚ ਅਤੇ ਵਿਹਾਰ ਲੋਕਮਨ



ਦਾ ਹੀ' ਪ੍ਰਗਟਾਵਾ ਹੁੰਦੀ ਹੈ। ਲੋਕਮਨ ਦਾ ਮੂਲ ਅਧਾਰ ਉਹ ਮਾਨਵੀ ਪ੍ਰਵਿਰਤੀਆਂ ਹੁੰਦੀਆਂ ਹਨ ਜੋ ਮਨੁੱਖ ਦੇ ਗਹਿਰੇ ਧਰਾਤਲ ਉਤੇ ਸਮਾਈਆਂ ਹੁੰਦੀਆਂ ਹਨ। ਭਾਵੇ' ਮਨੁੱਖ ਹਨ। ਇਸ ਲਈ ਜਦੋਂ ਅਸੀ" ਗੁਰੂ ਗ੍ਰੰਥ ਸਾਹਿਬ ਦੇ ਭਾਸ਼ਕ ਬੋਲ ਆਪਣਾ ਮੂਲ ਪਛਾਣ ਦੇ ਪਰਿਪੇਖ ਨਾਲ ਜੁੜਦੇ ਹਾਂ ਤਾਂ ਮਨੁੱਖ ਚੇਤ, ਅਚੇਤ, ਮੂੜ ਮਨ ਮੇਰੇ ਨੂੰ ਸੰਬੋਧਿਤ ਹੁੰਦਾ ਪਰਮਾਰਥ ਤੋ ਯਥਾਰਥ ਦੀ ਸੋਝੀ ਪ੍ਰਦਾਨ ਕਰਦਾ ਹੈ। ਮਨੁੱਖੀ ਜੀਵਨ ਤੇ ਵਰਤ ਵਿਹਾਰ ਵਿਚ ਲੋਕਮਨ ਦਾ ਅੰਕੁਸ਼ ਵੀ ਲਾਉਂਦਾ ਹੈ ਅਤੇ ਸੰਚਾਲਨ ਵੀ ਲੋਕਮਨ ਹੀ ਕਰਦਾ ਹੈ। ਧਰਮ ਦਾ ਕ੍ਰਿਆਤਮਕ ਪੱਖ ਇਕ ਤਰ੍ਹਾਂ ਨਾਲ ਲੋਕਮਨ ਦਾ ਹੀ ਬਦਲਿਆ ਹੋਇਆ ਰੂਪ ਹੈ। ਇਸ ਦਾ ਮੁੱਖ ਉਦਸ਼ ਲੋਕ ਕਲਿਆਣ ਹੀ ਹੁੰਦਾ ਹੈ ਇਸੇ ਕਰਕੇ ਇਸ ਦੀ ਅਪੀਲ ਜਨ ਸਾਧਾਰਰਣ ਲਈ ਹੁੰਦੀ ਹੈ। ਲੋਕ ਮਨ ਦਾ ਸਹਿਜ ਅਤੇ ਸੰਸ਼ੋਧਿਤ ਰੂਪ ਲੋਕ-ਰਚਨਾ ਰੂਪਾਂ ਇਸ ਕਰਕੇ ਬਾਣੀਕਾਰਾਂ ਨੇ ਆਪਣੇ ਸੰਪੂਰਨ ਅਤੇ ਰੱਬੀ ਗਿਆਨ ਦੁਆਰਾ ਮਨੁੱਖੀ ਦੇਹ ਅਤੇ ਮਨ ਦੀ ਹਰ ਹਰਕਤ, ਭਾਵਨਾ, ਕਲਪਨਾ, ਸੁਪਨਿਆਂ ਵਿਚਾਰਾਂ ਪ੍ਰਤੀ ਜੋ ਪ੍ਰਾਕਥਨ ਕੀਤੇ ਹਨ ਉਹ ਗਲੋਬਲ ਸੰਦਰਭ ਅਧੀਨ ਪਛਾਣ ਦੀ ਰਾਜਨੀਤੀ ਨਾਲ ਜਾ ਜੁੜਦੇ ਹਨ। ਮਨੁੱਖ ਦੀ ਦਸ਼ਾ, ਅਵਸਥਾ, ਸਮੱਸਿਆ ਬਿਆਨਣ ਦੇ ਨਾਲ ਨਾਲ ਮਨੁੱਖ ਦੇ ਅੰਦਰਲੇ ਆਪੇ ਨੂੰ ਸੁਚੇਤ ਕਰਨ ਦਾ ਪ੍ਰ ਵਚਨ ਸਿਰਜਿਆ ਗਿਆ ਹੈ ਅਤੇ ਗ੍ਰੰਥ ਵਿਚਲਾ ਸੰਦਸ਼ ਮਨੁੱਖ ਨੂੰ ਜਾਗਣ ਲਈ ਸੁਚੇਤ ਕਰਦਾ ਹੈ :
ਜਾਗਸ ਜੀਵਨ ਜਾਗਨਹਾਰਾ ਕਰਮ ਅਤੇ ਕਰਮਕਾਂਡ ਦੇ ਭੇਦ ਤੋਂ ਸੁਚੇਤ ਕਰਵਾਉਂਦਾ ਹੈ। ਹਉਮੈ ਦੇ ਤਿਆਗ ਅਤੇ ਹੁਕਮ

ਆਧਾਰਿਤ ਨੇਮ ਨੂੰ ਅਪਨਾਉਣ ਦੀ' ਸੇਧ ਦਿੰਦਾ ਹੈ। ਇਹ ਚੇਤਨਾ ਲੋਕ ਮਾਨਸ ਦਾ ਸਥਾਈ ਤੱਤ ਹੈ, ਇਸ ਲਈ ਬਾਣੀ ਫੁਰਮਾਨ ਕਰਦੀ ਹੈ :-

ਇਸ ਗ੍ਰਿਹਿ ਮਹਿ ਕੋਈ ਜਾਗਸਿ ਰਹੈ॥
ਸਾਬਤ ਵਸਤ ਸੁ ਆਪਣੀ ਲਹੈ ॥
ਅਬ ਮਨ ਜਾਗਸ ਰਹੁ ਰੇ ਭਾਈ
ਗਾਫਲ ਹੋਇਕੈ ਜਨਮ ਗਵਾਇਓ ਚੋਰ ਮੁਸੇ ਘਰਿ ਜਾਈ॥

ਲੋਕ ਮੁਖੀ ਸੇਧ ਅਧਿਆਤਮਕ ਪ੍ਰਸੰਗ ਵਿਚ "ਗਿਆਨ" ਪਰਮ ਸੱਤਾ ਦੀ ਸੋਝੀ। ਅਨੁਭਵਤਾ ਦਾ ਸਾਰ ਤੱਤ ਹੈ। ਗਲੋਬਲੀ ਪਰਿਪੇਖ ਵਿਚ ਵੀ ਗਿਆਨ ਨੂੰ ਬਹੁਤ ਵੱਡੀ ਤਾਕਤ ਮੰਨਿਆ ਗਿਆ ਹੈ। ਗਿਆਨ ਦੇ ਵਡ ਆਕਾਰੀ ਪਸਾਰੇ ਬਾਰੇ ਉੱਤਰ ਆਧੁਨਿਕ ਚਿੰਤਕ ਲਿਉਤਾਰਦ ਨੇ ਆਪਣੀ ਪੁਸਤਕ ਵਿਚ ਗਿਆਨ ਦੇ ਬੌਧਿਕ ਅਤੇ ਸਮਾਜਕ ਅਖਤਿਆਰਾਂ ਦੀ ਗੱਲ ਕਰਦਿਆਂ ਗਿਆਨ ਨੂੰ ਮਨਨ ਕਲਾ ਮੰਨਿਆ ਹੈ। ਗਿਆਨ ਵਿਚ ਸ਼ਕਤੀ ਹੈ ਜਿਸ ਰਾਹੀਂ ਸਮਾਜਕ ਪ੍ਰਬੰਧ, ਵਰਗ ਵਿਵਸਥਾ, ਸਭਿਆਚਾਰਕ ਪਣਾਣ ਦੀ ਸੋਝੀ ਹੁੰਦੀ ਹੈ। ਮਨੁੱਖ ਦੀ ਸ੍ਵੈ-ਪਛਾਣ ਲਈ ਗਿਗਾਨ ਦਾ ਹੋਣਾ ਲਾਜ਼ਮੀ ਹੈ। ਗਿਆਨ ਅਜਿਹਾ ਪ੍ਰਕਾਸ਼ ਹੈ ਜਿਸ ਰਾਹੀਂ ਅਗਿਆਨਤਾ ਦਾ ਹਨੇਰਾ ਮਿਟਦਾ ਹੈ।

ਜਹ ਗਿਆਨ ਪ੍ਰਕਾਸੰ ਤਹ ਅਗਿਆਨ ਮਿਟੰਤੂ॥ ਭਟਕਦੇ ਹੋਏ ਬੈਰਾਗੀ ਮਨ ਨੂੰ ਨਿਜ ਘਰ ਵਿਚ ਠਾਹਰ ਦਿਲਾਉਣ ਦੀ ਜੁਗਤ ਹੈ ਬਾਣੀਕਾਰਾਂ ਦੇ ਭਾਸ਼ਨ ਬੋਲ ਅਜਿਹੀ ਗਿਆਨ ਮੀਮਾਂਸਕ ਪ੍ਰਤੀਤ ਨੂੰ ਦ੍ਰਿੜ੍ਹ ਕਰਵਾਉਂਦੇ ਹਨ ਜੋ ਮਨੁੱਖ ਨੂੰ ਸੁਖਦਾਈ ਜੀਵਨ ਦੇ ਰੂ-ਬ-ਰੂ ਹੀ ਨਹੀਂ ਕਰਵਾਉਂਦੀ ਸਗੋਂ ਅੰਰਤੀਵ ਅਤੇ ਬਾਹਰੀ ਜੀਵਨ ਦੇ ਰੂਪਾਂਤਰਣ ਨੂੰ ਵੀ ਦਰਸਾਉਂਦੀ ਹੈ। ਇਹ ਰੂਪਾਂਤਰਣ ਧਰਮ ਅਧਾਰਿਤ ਨੇਮ ਦੀ ਮੂਲ ਪ੍ਰਕਿਰਤੀ ਹੈ ਇਸ ਨੂੰ ਮੁਕਤੀ ਕਿਹਾ ਗਿਆ ਹੈ। ਮਨੁੱਖੀ ਮੁਕਤੀ ਦੀ ਗੱਲ ਭਾਰਤੀ ਪਰਿਪੇਖ ਵਿਚ ਵੀ ਹੋਈ ਹੈ ਅਤੇ ਪੱਛਮੀ ਚਿੰਤਨ ਵਿਚ ਵੀ ਪਰ ਜੋ ਮੁਕਤੀ ਦਾ ਸੰਕਲਪ ਗੁਰਬਾਣੀ ਵਿਚ ਪਸ਼ ਕੀਤਾ ਗਿਆ ਹੈ ਉਸ ਦਾ ਮੁਹਾਂਦਰਾ ਲੋਕ ਮੁਖੀ ਹੈ :-

ਜੀਵਨ ਮੁਕਤ ਜਿਸ ਰਿਦੈ ਭਗਵੰਤ ॥

ਬਾਣੀ ਵਿਚ ਮੁਕਤੀ ਦਾ ਸੰਕਲਪ ਨਿਜ ਦੀ ਮੁਕਤੀ ਨਾਲ ਨਹੀਂ 'ਆਪ ਤਰੈ ਸਗਲੈ ਕੁਲ ਤਾਰੈ" ਅਧੀਨ ਸਮੂਹਕ ਮੁਕਤੀ ਦੇ ਪਰਿਪੇਖ ਨਾਲ ਜੁੜਿਆ ਹੈ। ਨਾਨਕ ਸਤਿਗੁਰੁ ਭੇਟਿਐ ਪੂਰੀ ਹੋਵੇ ਜੁਗਤਿ ਹਸੰਦਿਆ ਖੇਲੰਦਿਆ ਧੈਨੰਦਿਆ ਖਾਵੰਦਿਆ ਵਿਚੇ ਹੋਇ ਮੁਕਤਿ ॥

ਅਧੀਨ ਮੁਕਤੀ ਸੰਸਾਰ ਦੇ ਤਿਆਗਣ ਦਾ ਨਾਮ ਨਹੀਂ ਬਲਕਿ ਸੰਸਾਰਕਤਾ ਨਿਭਾਹੁੰਦੇ ਹੋਇਆਂ ਜੀਵਨ ਮੁਕਤ ਦੇ ਸੰਕਲਪ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਵਿਸ਼ੇ ਵਿਕਾਰਾਂ ਤੋਂ ਨਿਰਲਿਪਤ ਰਹਿ ਕੇ ਸਹਿਜ ਨੂੰ ਪ੍ਰਾਪਤ ਕਰਨ ਦੀ ਹੈ। ਸੰਸਾਰ ਦੀ ਛਿਣ ਭੰਗਰਤਾ ਅਤੇ ਨਾਸ਼ਮਾਨਤਾ ਨਾਲ ਜੁੜੇ ਸੱਚ ਨੂੰ ਵੱਖਰੀ ਤਰ੍ਹਾਂ ਨਾਲ ਸੋਚਣ ਵਿਚਾਰਨ ਦਾ ਜ਼ੋ ਸੰਦਸ਼ ਦਿੱਤਾ ਗਿਆ ਹੈ ਉਸ ਲਈ ਬਾਹਰੀ ਕਰਮਕਾਂਡਾਂ ਦੀ ਨਹੀਂ ਸੱਚ ਨੂੰ ਪਛਾਣਨ ਦੀ

ਲੋੜ ਹੈ। ਸੱਚ ਬਾਰੇ ਬਾਣੀ ਪ੍ਰਮਾਣ ਦਿੰਦੀ ਹੈ :-

ਸਚ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲ ਉਤਰੈ ਤਨ ਕਰੇ ਹਛਾ ਹੋਇ॥
ਸਚ ਤਾ ਪਰੁ ਜਾਣੀਐ ਜਾ ਸਚ ਧਰੇ ਪਿਆਰ ॥
ਨਾਉ ਗੁਣ ਮਨਿ ਰਹਸੀਐ ਤਾ ਪਾਵੈ ਮੋਖਿ ਦੁਆਰ ॥
ਸਚ ਤਾ ਪਰ ਜਾਣੀਐ ਜਾ ਜੁਗਤਿ ਜਾਣੇ ਜੀਉ ॥
ਧਰਤਿ ਕਾਇਆ ਸਾਦਿ ਕੇ ਵਿਚ ਦੇਇ ਕਰਤਾ ਬੀਉ ॥
ਸਚਿ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ ॥
ਸਚ ਤਾ ਪਰ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸੁ
ਸਤਿਗੁਰ ਨੌ ਪੁਛਿ ਕੈ ਬਿਹ ਰਹੈ ਕਰੇ ਨਿਵਾਸ
ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ
ਨਾਨਕ ਵਖਾਣੈ ਬੇਨਤੀ ਜਿਨ ਸਚ ਪਲੈ ਹੋਇ ॥

ਪਰ ਅੱਜ ਜਿਸ ਸੰਸਾਰ ਵਿਚ ਅਸੀ ਜੀ ਰਹੇ ਹਾਂ ਉਥੇ ਸਮੱਸਿਆ ਸੱਚ ਪ੍ਰਤੀ ਧਾਰਨਾ ਦੀ ਹੈ। ਅੱਜ਼ ਮਨੁੱਖ ਨਿੱਕੇ-ਨਿੱਕੇ ਸੁਆਰਥਾਂ ਨੂੰ ਸੱਚ ਸਮਝੀ ਬੈਠਾ ਹੈ। ਅੰਦਰਲਾ ਯਥਾਰਥਕ ਸੱਚ ਸਾਡੀ ਹਉਮੈ ਅਤੇ ਅਗਿਆਨਤਾ ਕਾਰਨ ਨਜ਼ਰ ਨਹੀਂ ਆਉਂਦਾ। ਇਸਲਈ ਗੁਰਬਾਣੀ ਸੁਕ੍ਰਿਤ ਧਰਮ ਦ੍ਰਿੜ੍ਹਾਏ ਜਾਣ ਦਾ ਪੱਖ ਪੂਰਦੀ ਹੈ ਜੋ ਵੱਖਰਤਾਵਾਂ ਅਤੇ ਅੱਡਰਤਾਵਾਂ ਤੋਂ ਉਚਾ ਉਠਣ ਦੀ ਸਮਰੱਥਾ ਰਖਦਾ ਹੈ। ਮੰਡੀਕਰਨ, ਗਲੋਬਲੀਕਰਨ ਨਾਲ ਜੁੜੇ ਤਣਾਉ ਭਰਪੂਰ ਜੀਵਨ ਤੋਂ ਰਹਿਤ ਹੋਣ ਦੀ ਜੁਗਤ ਦਸਦਾ ਹੈ। ਅਸਲ ਵਿਚ ਮਨੁੱਖ ਨੇ ਮੁਕਤੀ ਸ੍ਵੈ ਰਚਿਤ ਬੰਧਨਾਂ ਤੋਂ ਕਰਨੀ ਹੈ। ਲੋੜ ਹੈ ਬਾਹਰੀ ਕਰਮ ਕਾਂਡਾਂ ਤੋਂ ਰਹਿਤ ਹੋ ਕੇ ਗੁਰਮਤ ਵਿਚਾਰਧਾਰਾ ਨੂੰ ਅਨੁਭਵ ਵਿਚ ਲਿਆ ਕੇ ਆਪਣੇ ਅਗਿਆਨੀ ਮਨ ਨੂੰ ਸਮਝਾਉਣ ਦੀ ਉਸ ਅਨੁਸਾਰ ਜੀਵਨ ਜੀਉਣ ਦੀ।

ਇਸ ਦੇ ਨਾਲ ਹੀ ਲੋਕ ਧਾਰਣੀ ਪਰਿਪੇਖ ਦੇ ਚੌਥੇ ਤੱਤ ਦੀ ਗੱਲ ਕਰਨੀ ਵੀ ਲਾਜਮੀ ਹੈ ਤੇ ਉਹ ਹੈ ਲੋਕ ਪ੍ਰਵਾਨਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਥਾਈ ਗੁਰੂ ਪਦ ਨਾਲ ਸਨਮਾਨਿਤ ਕੀਤਾ ਗਿਆ ਹੈ। ਸੰਸਾਰ ਦੇ ਇਤਿਹਾਸ ਵਿਚ ਇਹ ਇਕ ਵਿਲੱਖਣ ਘਟਨਾ ਹੈ ਕਿ ਇਕ ਧਰਮ ਪੁਸਤਕ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਸੋ ਗੁਰੂ ਗ੍ਰੰਥ ਸਾਹਿਬ ਦੀ ਅਮੀਰ ਵਿਰਾਸਤ ਅਤੇ ਰੂਹਾਨੀ ਪ੍ਰਕਾਸ਼ ਨੂੰ ਲੋਕ ਪ੍ਰਵਾਨਗੀ ਸੁੱਤੇ ਸਿਧ ਹੀ ਮਿਲੀ ਹੈ।

**ਪ੍ਰਿੰਸੀਪਲ**
**ਸ਼੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਨਵੀਂ ਦਿੱਲੀ**

ਡਾਇਰੀ ਆਮ ਅਰਥਾਂ ਵਿੱਚ ਉਹ ਕਾਪੀ ਜਿਸ ਵਿੱਚ ਰੋਜ਼ਨਾਮਚਾ ਹੁੰਦਾ ਹੈ, ਭਾਵ ਆਪਣੇ ਨਾਲ ਬੀਤੀਆਂ ਘਟਨਾਵਾਂ ਦਾ ਜ਼ਿਕਰ ਹੁੰਦਾ ਹੈ। ਸਾਹਿਤਕ ਅਰਥਾਂ ਵਿੱਚ ਆਤਮ ਪ੍ਰਕਾਸ਼ ਦੀ ਇੱਕ ਵੰਨਗੀ। ਜਿਸ ਵਿੱਚ ਲੇਖਕ ਆਪਣੇ ਜੀਵਨ ਕਾਲ ਵਿੱਚ ਵਾਪਰੀਆਂ ਮਹੱਤਵਪੂਰਨ ਨਿੱਜੀ, ਸਾਹਿਤਕ, ਸਮਾਜਿਕ ਅਤੇ ਰਾਜਨੀਤਿਕ ਘਟਨਾਵਾਂ ਦਾ ਰਿਕਾਰਡ ਰੱਖਦਾ ਹੈ। ਆਮ ਕਥਾ ਵਾਂਗ ਇਸ ਵਿੱਚ ਵਿਅਕਤੀਤਿੱਤਵ ਦਾ ਪ੍ਰਕਾਸ਼ ਹੁੰਦਾ ਹੈ। ਚਰਨਜੀਤ ਸਿੰਘ ਪੰਨੂ ਇੱਕ ਸਰਬਾਂਗੀ ਸਾਹਿਤਕਾਰ ਹੈ। ਚਰਨਜੀਤ ਸਿੰਘ ਪੰਨੂ ਨੇ ਕਵਿਤਾ, ਕਹਾਣੀ, ਨਾਵਲ, ਸਫ਼ਰਨਾਮਾ ਆਦਿ ਲਿਖ ਕੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਮਹੱਤਵਪੂਰਨ ਸਥਾਨ ਬਣਾਇਆ ਹੈ। ਚਰਨਜੀਤ ਸਿੰਘ ਪੰਨੂ ਨੇ ਪੰਜਾਬ ਬਨਾਮ ਕੈਲੀਫੋਰਨੀਆ (ਹਸਪਤਾਲ ਦੀ ਡਾਇਰੀ) ਵਿੱਚ ਹਸਪਤਾਲ ਦੇ ਜੀਵਨ ਅਨੁਭਵ ਨੂੰ ਰੂਪਮਾਨ ਕੀਤਾ ਹੈ। ਇਸ ਡਾਇਰੀ ਵਿੱਚ ਉਹਨਾਂ ਦਾ ਪੰਜਾਬ ਅਤੇ ਕੈਲੀਫੋਰਨੀਆ ਦੇ ਹਸਪਤਾਲਾਂ ਨਾਲ ਜੋ ਵਾਹ ਪਿਆ ਉਸ ਦਾ ਭਾਵਪੂਰਵਕ ਢੰਗ ਨਾਲ ਪ੍ਰਗਟਾਵਾ ਕੀਤਾ ਹੈ।

ਲੇਖਕ ਆਪਣੀ ਡਾਇਰੀ ਵਿੱਚ ਆਪਣੇ ਅਨੁਭਵਾਂ ਨੂੰ ਬਿਆਨ ਕਰਦਾ ਹੈ ਕਿ ਜਦੋਂ ਉਹ ਚੰਡੀਗੜ੍ਹ ਡਿਊਟੀ ਤੇ ਜਾਣ ਲੱਗਿਆ ਤਾਂ ਉਸਨੂੰ ਜ਼ੁਕਾਮ-ਬੁਖਾਰ ਹੋ ਗਿਆ ਅਤੇ ਉਹ ਸਿੱਧਾ ਹੀ ਹਸਪਤਾਲ ਪਹੁੰਚ ਗਿਆ ਅਤੇ ਉੱਥੇ ਜਾ ਕੇ ਉਸ ਨੇ ਟੈਸਟ ਕਰਵਾਏ ਤਾਂ ਡਾਕਟਰ ਨੇ ਕਿਹਾ ਕਿ ਆਪ੍ਰੇਸ਼ਨ ਕਰਨਾ ਪਵੇਗਾ। ਹਸਪਤਾਲ ਵਿੱਚ ਲੇਖਕ ਇਕੱਲਾ ਹੀ ਗਿਆ ਤੇ ਨਾਂ ਕਿਸੇ ਪਰਿਵਾਰਿਕ ਮੈਂਬਰ ਨੂੰ ਹੀ ਇਸ ਬਾਰੇ ਸੂਚਿਤ ਕੀਤਾ। ਲੇਖਕ ਨੇ ਹਸਪਤਾਲ ਵਿੱਚ ਰਹਿੰਦਿਆਂ ਹਸਪਤਾਲ ਦੀ ਅੰਦਰੂਨੀ ਸਥਿਤੀ ਬਾਰੇ ਵਰਣਨ ਕੀਤਾ ਹੈ ਕਿ -ਚਾਰੇ ਪਾਸੇ ਰਿਸ਼ਵਤ ਅਤੇ ਪੈਸੇ ਦਾ ਹੀ ਬੋਲਬਾਲਾ ਸੀ। ਹਸਪਤਾਲ ਵਿੱਚ ਇੱਕ ਸਫ਼ਾਈ ਕਰਮਚਾਰੀ ਤੋਂ ਲੈ ਕੇ ਵੱਡੇ ਡਾਕਟਰ ਤੱਕ ਸਾਰੇ ਹੀ ਰਿਸ਼ਵਤ ਤੇ ਚੱਲਦੇ ਹਨ ਅਤੇ ਮਰੀਜਾਂ ਕੋਲੋਂ ਪੈਸੇ ਬਟੋਰਨ ਦੀ ਹੋੜ ਵਿੱਚ ਹੀ ਲੱਗੇ ਰਹਿੰਦੇ ਹਨ।

ਹਸਪਤਾਲ ਦੀ ਡਾਇਰੀ ਵਿੱਚ ਲੇਖਕ ਆਪਣੇ ਇਸ ਅਨੁਭਵ ਨੂੰ ਵੀ ਪ੍ਰਗਟ ਕਰਦਾ ਹੈ ਕਿ ਪੰਜਾਬ ਵਿੱਚ ਆਮ ਜਨਤਾ ਨਾਲ ਭੇਦਭਾਵ ਹੁੰਦਾ ਹੈ ਤੇ ਗਰੀਬਾਂ ਦੀ ਬੇਸ਼ੁਮਾਰ ਲੁੱਟ ਹੋ ਰਹੀ ਹੈ। ਪੰਜਾਬ ਦੇ ਹਸਪਤਾਲ ਵਿੱਚ ਜਦੋਂ ਇੱਕ ਗਰੀਬ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਹੈ ਤਾਂ ਉੱਥੇ ਹੇਠਲੇ ਦਰਜੇ ਦਾ ਕਰਮਚਾਰੀ ਇਹ ਮੰਗ ਕਰਦਾ ਹੈ ਕਿ ਪਹਿਲਾਂ ਉਸਨੂੰ ਪਹਿਲਾਂ ਉਸਨੂੰ ਕੁਝ ਦਿਉ ਫਿਰ ਹੀ ਉਹ ਲਾਸ਼ ਤੁਹਾਡੇ ਹੱਥ ਕਰੇਗਾ ਤਾਂ ਮ੍ਰਿਤਕ ਦੀ ਪਤਨੀ ਹਸਪਤਾਲ ਦੇ ਕਰਮਚਾਰੀਆਂ ਨੂੰ ਲਾਹਨਤਾਂ ਪਾਉਂਦੀ ਹੈ।

ਲੇਖਕ ਨੇ ਹਸਪਤਾਲ ਵਿੱਚ ਜੋ ਮਰੀਜ਼ ਭਰਤੀ ਹੋਏ ਹੁੰਦੇ ਹਨ, ਉਹ ਆਪਣੇ ਵਿਹਲੇ ਸਮੇਂ ਨੂੰ ਕਿਵੇਂ ਬਤੀਤ ਕਰਦੇ ਹਨ ? ਇਸਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਉਹ ਇਸ ਸਮੇਂ ਆਪਣਾ ਮਨੋਰੰਜਨ ਕਰਨ ਲਈ ਇੱਕ ਦੂਜੇ ਉੱਪਰ ਟੀਕਾ-ਟਿੱਪਣੀਆਂ ਵੀ ਕਰਦੇ ਰਹਿੰਦੇ ਹਨ। ਮਸਤੀ ਵਿੱਚ ਆਏ ਮਰੀਜ ਅਸੱਭਿਅਕ ਬੋਲੀ ਦਾ ਵੀ ਪ੍ਰਯੋਗ ਕਰ ਜਾਂਦੇ ਹਨ। ਲੇਖਕ ਉਹਨਾਂ ਨੂੰ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਤੇ ਤਾੜਨਾ ਵੀ ਕਰਦਾ ਹੈ।

ਲੇਖਕ ਇਹ ਵੀ ਰੂਪਮਾਨ ਕਰਦਾ ਹੈ ਕਿ ਉੱਥੋਂ ਦੇ ਮਰੀਜ਼ ਨਰਸਾਂ ਤੇ ਵਿਅੰਗਤਾਮਕ ਸ਼ੇਅਰੋ ਸ਼ਾਇਰੀ ਕਰਦੇ ਹਨ। ਲੇਖਕ ਸਰਕਾਰੀ ਅਫ਼ਸਰ ਹੋਣ ਕਰਕੇ ਇਸ ਦਾ ਆਪ੍ਰੇਸ਼ਨ ਜਲਦੀ ਹੀ ਕਰ ਦਿੱਤਾ ਜਾਂਦਾ ਹੈ। ਬਾਕੀ ਮਰੀਜ਼ ਜੋ ਕਈ ਬਹੁਤ ਸਮੇਂ ਤੋਂ ਆਪਣੇ ਆਪ੍ਰੇਸ਼ਨ ਦੀ ਉਡੀਕ ਕਰ ਰਹੇ ਹੁੰਦੇ ਹਨ।

ਲੇਖਕ ਜਦੋਂ ਆਪ੍ਰੇਸ਼ਨ ਕਰਵਾਉਣ ਲਈ ਹਸਪਤਾਲ ਵਿੱਚ ਆਉਂਦਾ ਹੈ ਤਾਂ ਉਹ ਘਰ ਵਿੱਚ ਕਿਸੇ ਨੂੰ ਵੀ ਨਹੀਂ ਦੱਸਦਾ। ਪਰ ਉਸਦੇ ਦੋਸਤ ਦੀ ਭੈਣ ਦੀ ਡਿਊਟੀ ਉਸ ਹਸਪਤਾਲ ਵਿੱਚ ਲੱਗੀ ਹੋਣ ਕਰਕੇ ਉਹ ਲੇਖਕ ਦੇ ਘਰ ਇਸਦੀ ਜਾਣਕਾਰੀ ਦੇ ਦਿੰਦੀ ਹੈ। ਫਿਰ ਲੇਖਕ ਦੇ ਪਤਾ ਲੈਣ ਆਉਣ ਵਾਲਿਆਂ ਦਾ ਤਾਤਾਂ ਲੱਗਣਾ ਸ਼ੁਰੂ ਹੋ ਜਾਂਦਾ ਹੈ। ਲੇਖਕ ਨੇ ਪੰਜਾਬ ਦੇ ਹਸਪਤਾਲ ਵਿੱਚ ਦਾਖਿਲ ਹੁੰਦੇ ਹੋਇਆਂ ਬਿਆਨ ਕੀਤਾ ਹੈ ਕਿ ਉਸਦੇ ਨਾਲ ਵਾਲੇ ਕਮਰੇ ਵਿੱਚ ਚਮਨ ਲਾਲ ਨਾਮ ਦੇ ਮਰੀਜ਼ ਦੇ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਹਨ ਕਿ ਉਸ ਦੀ ਧੀ ਤੇ ਕੁੱਝ ਨੌਜਵਾਨ ਹਮਲਾ ਕਰਨ ਦੀ ਕੋਸ਼ਿਸ ਕਰਦੇ ਹਨ, ਇਸ ਵਿੱਚ ਸ਼ਰਮਾ ਨਾਂ ਦਾ ਵਿਅਕਤੀ ਚਮਨ ਲਾਲ ਦੀ ਪੁੱਤਰੀ ਊਸ਼ਾ ਨੂੰ ਬਲੈਕਮੇਲ ਕਰ ਰਿਹਾ ਹੈ ਕਿ ਉਹ ਉਸ ਨਾਲ ਵਿਆਹ ਕਰਵਾਵੇ ਤੇ ਊਸ਼ਾ ਦੇ ਪਰਿਵਾਰ ਵਾਲਿਆਂ ਨੂੰ ਕਈ ਪ੍ਰਕਾਰ ਦੇ ਲਾਲਚ ਦੇ ਰਿਹਾ ਹੈ। ਇਹ ਜੋ ਵਿਅਕਤੀ ਊਸ਼ਾ ਦੇ ਪਿਤਾ ਤੇ ਹਮਲਾ ਕਰਦੇ ਹਨ, ਉਹ ਵੀ ਸ਼ਰਮੇ ਨੇ ਹੀ ਭੇਜੇ ਹੁੰਦੇ ਹਨ। ਪਰ ਊਸ਼ਾ ਇਸ ਸਾਰੇ ਸੱਚ ਨੂੰ ਜਾਣਦੀ ਹੁੰਦੀ ਹੈ ਅਤੇ ਉਹ ਨਰੇਸ਼ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ।

ਲੇਖਕ ਦਾ ਆਪ੍ਰੇਸ਼ਨ ਸਫ਼ਲ ਹੋ ਜਾਂਦਾ ਹੈ ਅਤੇ ਉਸ ਨੂੰ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਂਦੀ ਹੈ। ਉਧਰ ਜਦੋਂ ਲੇਖਕ ਕੈਲੀਫੋਰਨੀਆ ਦੇ ਹਸਪਤਾਲ ਦੀ ਅੰਦਰੂਨੀ ਸਥਿਤੀ ਨੂੰ ਪ੍ਰਤੀਬਿੰਬਤ ਕਰਦਾ ਹੈ ਕਿ ਉੱਥੇ ਕਿਸੇ ਤਰ੍ਹਾਂ ਦੀ ਕੋਈ ਵੀ ਰਿਸ਼ਵਤ ਨਹੀਂ ਚੱਲਦੀ। ਸਾਰਿਆਂ ਦਾ ਇਲਾਜ ਬਿਨ੍ਹਾਂ ਕਿਸੇ ਭੇਦਭਾਵ ਦੇ ਬਿਨ੍ਹਾਂ ਲਾਲਚ ਦੇ ਕੀਤਾ ਜਾਂਦਾ ਹੈ। ਡਾਕਟਰਾਂ ਨੂੰ ਕਿਸੇ ਕਿਸਮ ਦਾ ਕੋਈ ਲਾਲਚ ਨਹੀਂ ਹੁੰਦਾ। ਜੇਕਰ ਉਹਨਾਂ ਦੀ ਸਮਝ ਵਿੱਚ ਕੋਈ ਬਿਮਾਰੀ ਨਹੀਂ ਆਉਂਦੀ ਤਾਂ ਉਹ ਕਿਸੇ ਸਪੈਸ਼ਲਿਸਟ ਨੂੰ ਬੁਲਾ ਕੇ ਮਰੀਜ ਦਾ ਤਨਦੇਹੀ ਨਾਲ ਇਲਾਜ਼ ਕਰਦੇ ਹਨ।

ਲੇਖਕ ਦੇ ਦੋਸਤ ਬਲਦੇਵ ਰਾਜ ਦੀ ਮੌਤ ਹੋ ਜਾਂਦੀ ਹੈ ਤਾਂ ਡਾਕਟਰ ਅਖੀਰ ਤੱਕ ਉਸਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ ਨਾਲ ਹੀ ਲੇਖਕ ਪੰਜਾਬ ਵਿੱਚ ਧਰਮ ਦੇ ਨਾਮ ਤੇ ਹੋ ਰਹੀ ਲੁੱਟ ਦਾ ਵੀ ਜ਼ਿਕਰ ਕਰਦਾ ਹੈ ਕਿ ਜਦੋਂ ਉਸ ਦੇ ਦੋਸਤ ਬਲਦੇਵਰਾਜ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਹਰਿਦੁਆਰ ਆਉਂਦੇ ਹਨ ਤਾਂ ਪੰਡਿਤ ਬਲਦੇਵ ਰਾਜ ਦੇ ਪਰਿਵਾਰ ਨੂੰ ਅੰਧਵਿਸ਼ਵਾਸਾਂ ਵਿੱਚ ਪਾ ਕੇ ਉਹਨਾਂ ਕੋਲੋਂ ਪੈਸੇ ਬਟੋਰਨ ਦੀ ਕੋਸ਼ਿਸ ਕਰਦੇ ਹਨ, ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਪੰਡਿਤਾਂ ਅਤੇ ਪੁਜਾਰੀਆਂ ਨੂੰ ਇਹਨਾਂ ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸਾਂ ਵਿੱਚੋਂ ਨਿਕਲਣ ਦੀ ਸਿੱਖਿਆਂ ਦਿੱਤੀ ਸੀ।

ਇਸ ਤੋਂ ਇਲਾਵਾ ਲੇਖਕ ਹਸਪਤਾਲ ਵਿੱਚ ਆਪਣੇ ਨਾਲ ਹੋਏ ਕ੍ਰਿਸ਼ਮੇ ਬਾਰੇ ਵੀ ਪਾਠਕ ਜਗਤ ਨਾਲ ਸਾਂਝਾ ਕਰਨਾ ਚਾਹੁੰਦਾ ਹੈ ਕਿ ਜਦੋਂ 13 ਅਪ੍ਰੈਲ ਵਿਸਾਖੀ ਵਾਲੇ ਦਿਨ ਡਾਕਟਰਾਂ ਨੇ ਉਸਦੇ ਆਪ੍ਰੇਸ਼ਨ ਦਾ ਦਿਨ ਨਿਯਤ ਕਰ ਦਿੱਤਾ ਅਤੇ ਵਿਸਾਖੀ ਦਾ ਦਿਨ ਹੋਣ ਕਰਕੇ ਡਾਕਟਰਾਂ ਨੇ ਉਸਦੇ ਹੱਥ ਵਿੱਚ ਪਾਇਆ ਕੜਾ ਲੁਹਾਉਣਾ ਚਾਹਿਆ ਤਾਂ ਉਸਨੇ ਸਾਫ਼ ਇਨਕਾਰ ਕਰ ਦਿੱਤਾ ਕਿ ਅੱਜ ਦੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਦੀ ਸਿਰਜਨਾ ਕੀਤੀ ਸੀ ਅਤੇ ਹਰ ਸਿੱਖ ਨੂੰ ਪੰਜ ਕਕਾਰ ਧਾਰਨ ਕਰਵਾਏ ਸੀ। ਇਸ ਲਈ ਉਹ ਕੜਾ ਨਹੀਂ ਉਤਾਰ ਸਕਦਾ, ਇਸ ਲਈ ਡਾਕਟਰ ਉਸਦਾ ਕਹਿਣਾ ਮੰਨ ਗਏ ਨਾਲ ਹੀ ਲੇਖਕ ਪੰਜਾਬ ਵਿੱਚ ਰਹਿਣ ਦੀ ਇੱਕ ਹੋਰ ਘਟਨਾ ਨੂੰ ਬਿਆਨ ਕਰਦਾ ਹੈ ਕਿ ਜਦੋਂ ਉਸਦੇ ਟੈਸਟ ਵਿੱਚ ਰਸੋਲੀਆਂ ਆਈਆਂ ਤਾਂ ਉਹ ਰੋਜ਼ਾਨਾ ਨੇਮ ਨਾਲ ਸ੍ਰੀ ਸੁਖਮਣੀ ਸਾਹਿਬ ਜੀ ਦਾ ਪਾਠ ਕਰਦਾ ਰਿਹਾ, ਪਰ ਜਦੋਂ ਡਾਕਟਰਾਂ ਨੇ ਦੁਬਾਰਾ ਸਕੈਨ ਕੀਤੀ ਤਾਂ ਰਸੋਲੀਆਂ ਪੂਰੀ ਤਰ੍ਹਾਂ ਨਾਲ ਖੁਰ ਗਈਆਂ। ਫਿਰ ਜਦੋਂ ਉਹ ਅਮਰੀਕਾ ਵਿੱਚ ਆਇਆ ਤਾਂ ਡਾਕਟਰਾਂ ਨੇ ਫਿਰ ਤੋਂ ਰਸੋਲੀਆਂ ਦੀ ਪੁਸ਼ਟੀ ਕਰ ਦਿੱਤੀ ਅਤੇ ਆਪ੍ਰੇਸ਼ਨ ਲਈ ਤਿਆਰ ਕੀਤਾ ਗਿਆ, ਪਰ ਫਿਰ ਵੀ ਕੋਈ ਰਸੋਲੀ ਨਾ ਮਿਲੀ। ਇਸ ਲਈ ਲੇਖਕ ਆਪਣੇ ਨਾਲ ਵਾਪਰੀ ਇਸ ਘਟਨਾ ਨੂੰ ਕ੍ਰਿਸ਼ਮੇ ਤੋਂ ਘੱਟ ਨਹੀਂ ਮੰਨਦਾ।

ਆਪ੍ਰੇਸ਼ਨ ਦੌਰਾਨ ਵਾਪਰੀ ਇੱਕ ਹੋਰ ਘਟਨਾ ਨੂੰ ਵੀ ਲੇਖਕ ਪ੍ਰਤੀਬਿੰਬਤ ਕਰਦਾ ਹੈ ਕਿ ਉਸ ਨੇ ਆਪ੍ਰੇਸ਼ਨ ਦੌਰਾਨ ਡਰਾਉਣੇ ਮਿੱਥ ਦੀ ਸਿਰਜਨਾ ਕੀਤੀ ਹੈ ਕਿ ਜਦੋਂ ਲੇਖਕ ਦੇ ਮੋਢੇ ਦਾ ਆਪ੍ਰੇਸ਼ਨ ਸੀ ਤਾਂ ਜਿੰਨੀ ਦੇਰ ਉਸਦਾ ਆਪ੍ਰੇਸ਼ਨ ਹੁੰਦਾ ਰਿਹਾ ਤਾਂ ਉਸ ਦੌਰਾਨ ਉਸ ਨੂੰ ਡਰਾਉਣੇ ਸੁਪਨੇ ਆਉਂਦੇ ਰਹੇ ਕਿ ਜਿਵੇਂ ਉਹ ਇਸ ਦੁਨੀਆਂ ਨੂੰ ਛੱਡ ਕੇ ਕਿਸੇ ਹੋਰ ਹੀ ਦੁਨੀਆਂ ਵਿੱਚ ਪਰਤ ਗਿਆ ਹੋਵੇ। ਉਸਨੂੰ ਆਪਣੇ ਕੋਲ ਧਰਮਰਾਜ ਆਉਂਦਾ ਪ੍ਰਤੀਤ ਹੋਇਆ ਜਿਹੜਾ ਉਸ ਦੇ ਸਾਰੇ ਚੰਗੇ-ਮੰਦੇ ਕਰਮਾਂ ਦਾ ਹਿਸਾਬ ਕਰਕੇ ਉਸਦਾ ਸਾਰਾ ਹੀ ਵਹੀ ਖਾਤਾ ਫਰੋਲ ਰਿਹਾ ਸੀ ਕਿ ਇਸਨੇ ਚੰਗੇ ਕੰਮ ਕੀਤੇ ਹਨ ਜਾਂ ਮਾੜੇ। ਜੇਕਰ ਚੰਗੇ ਕੰਮ ਕੀਤੇ ਹਨ ਤਾਂ ਇਸਨੂੰ ਸਵਰਗ ਵਿੱਚ ਭੇਜ ਦਿੱਤਾ ਜਾਏਗਾ ਅਤੇ ਜੇਕਰ ਮਾੜੇ ਕੰਮ ਕੀਤੇ ਹਨ ਤਾਂ ਇਸ ਨੂੰ ਨਰਕ ਵਿੱਚ ਭੇਜ ਦਿੱਤਾ ਜਾਵੇਗਾ। ਉੱਥੇ ਹੀ ਲੇਖਕ ਨੂੰ ਆਪਣਾ ਦੋਸਤ ਬਲਦੇਵਰਾਜ ਵੀ ਮਿਲਦਾ ਹੈ ਅਤੇ ਲੇਖਕ ਨੂੰ ਆਪਣਾ ਕੁੜਮ ਵੀ ਮਿਲਦਾ ਹੈ। ਫਿਰ ਜਦੋਂ ਲੇਖਕ ਨੂੰ ਹੋਸ਼ ਆਉਂਦੀ ਹੈ ਤਾਂ ਉਹ ਸੋਚਦਾ ਹੈ ਕਿ ਉਹ ਸੁਪਨਮਈ ਭਿਆਨਕ ਦੁਨੀਆਂ ਦੇ ਚੱਕਰ ਲਗਾ ਕੇ ਆਇਆ ਹੈ। ਉਸਦੀ ਸੁਪਨਮਈ ਦੁਨੀਆਂ ਚਲੀ ਗਈ ਹੈ ਅਤੇ ਵਾਸਤਵਿਕ ਦੁਨੀਆਂ ਉਸਦੇ ਸਾਹਮਣੇ ਆ ਗਈ ਹੈ ਅਤੇ ਆਪ੍ਰੇਸ਼ਨ ਤੋਂ ਬਾਅਦ ਉਹ ਠੀਕ ਹੋ ਕੇ ਸਹੀ ਸਲਾਮਤ ਘਰ ਚਲਾ ਜਾਂਦਾ ਹੈ।

ਪੰਜਾਬ ਬਨਾਮ ਕੈਲੀਫੋਰਨੀਆ (ਹਸਪਤਾਲ ਦੀ ਡਾਇਰੀ) ਵਿੱਚ ਲੇਖਕ ਹਸਪਤਾਲ ਵਿੱਚ ਬਿਤਾਏ ਆਪਣੇ ਨਿੱਜੀ ਅਨੁਭਵਾਂ ਨੂੰ ਪਾਠਕ ਜਗਤ ਨਾਲ ਸਾਂਝਾ ਕਰਦਾ ਹੈ। ਲੇਖਕ ਪਹਿਲਾਂ ਪੰਜਾਬ ਦੇ ਹਸਪਤਾਲ ਦੀ ਸਥਿਤੀ ਬਾਰੇ ਚਾਨਣਾ ਪਾਉਂਦਾ ਹੈ ਅਤੇ ਹਸਪਤਾਲ ਦੀ ਅੰਦਰੂਨੀ ਅੱਖੀ ਵੇਖੀ ਤਸਵੀਰ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਲੇਖਕ ਬਿਆਨ ਕਰਦਾ ਹੈ ਕਿ ਪਰਚੀ ਕਟਾਉਣ ਤੋਂ ਲੈ ਕੇ ਆਪ੍ਰੇਸ਼ਨ ਹੋਣ ਤੱਕ ਹਰ ਥਾਂ ਪੈਸੇ ਦਾ ਬੋਲਬਾਲਾ ਹੈ, ਰਿਸ਼ਵਤ ਦੇ ਕੇ ਤੁਸੀਂ ਆਪਣੀ ਵਾਰੀ ਜਲਦੀ ਲਿਆ ਸਕਦੇ ਹੋ ਅਤੇ ਆਪਣੇ ਕੰਮ ਤੋਂ ਜਲਦੀ ਹੀ ਵਿਹਲੇ ਹੋ ਸਕਦੇ ਹੋ। ਪੰਜਾਬ ਦੇ ਹਸਪਤਾਲ ਵਿੱਚ ਇੱਕ ਵੱਡੇ ਡਾਕਟਰ ਤੋਂ ਲੈ ਕੇ ਇੱਕ ਛੋਟੇ ਜਿਹੇ ਸਫ਼ਾਈ ਕਰਮਚਾਰੀ ਤੱਕ ਸਾਰੇ ਹੀ ਰਿਸ਼ਵਤ ਤੇ ਚੱਲਦੇ ਹਨ। ਮਰੀਜ਼ਾਂ ਕੋਲੋਂ ਪੈਸੇ ਬਟੋਰਨ ਦੀ ਹੋੜ ਵਿੱਚ ਲੱਗੇ ਰਹਿੰਦੇ ਹਨ। ਇਸ ਤਰ੍ਹਾਂ ਹੀ ਜਦੋਂ ਲੇਖਕ ਕੈਲੀਫੋਰਨੀਆ ਦੇ ਹਸਪਤਾਲ ਦੀ ਤਸਵੀਰ ਨੂੰ ਚਿੱਤਰਦਾ ਹੈ ਤਾਂ ਉਹ ਉਸ ਨੂੰ ਉਲਟ ਦਿਸ਼ਾ ਵਿੱਚ ਪ੍ਰਤੀਬਿੰਬਤ ਕਰਦਾ ਹੈ। ਉੱਥੇ ਡਾਕਟਰਾਂ ਨੂੰ ਪੈਸੇ ਦਾ ਕੋਈ ਵੀ ਲਾਲਚ ਨਹੀਂ ਹੁੰਦਾ, ਸਗੋਂ ਮਰੀਜ਼ ਦੀ ਸਿਹਤ ਨੂੰ ਤਵੱਜੋ ਦਿੱਤੀ ਜਾਂਦੀ ਹੈ। ਹਰ ਕੰਮ ਪੂਰੀ ਬਰੀਕੀ ਅਤੇ ਤਨਦੇਹੀ ਨਾਲ ਕੀਤਾ ਜਾਂਦਾ ਹੈ। ਮਰੀਜ਼ ਦੇ ਹਸਪਤਾਲ ਜਾਣ ਅਤੇ ਘਰ ਛੱਡਣ ਤੱਕ ਦੀ ਸਾਰੀ ਜ਼ਿੰਮੇਵਾਰੀ ਡਾਕਟਰ ਦੀ ਹੀ ਹੁੰਦੀ ਹੈ। ਮਰੀਜ਼ ਦੀ ਵਾਰ-ਵਾਰ ਜਾਂਚ ਕੀਤੀ ਜਾਂਦੀ ਹੈ ਅਤੇ ਡਾਕਟਰ ਬਿਲਕੁੱਲ ਵੀ ਕੁਤਾਹੀ ਨਹੀਂ ਕਰਦੇ।

**ਰਿਸਰਚ ਸਕਾਲਰ**
**ਪੰਜਾਬੀ ਯੂਨਿਵਰਸਿਟੀ ਰਿਜਨਲ ਸੈਂਟਰ**
**ਬਠਿੰਡਾ**

# ਪੁਸਤਕ ਰਿਵੀਊ

## ਬਦਲਦੀ ਹਵਾ / ਹਰਪ੍ਰੀਤ ਸਿੰਘ ਰਾਣਾ

ਹਰਪ੍ਰੀਤ ਸਿੰਘ ਰਾਣਾ ਪੰਜਾਬੀ ਮਿੰਨੀ ਕਹਾਣੀ ਦਾ ਪ੍ਰਮੁੱਖ ਹਸਤਾਖਰ ਹੈ। ਡਾ. ਰਾਣਾ ਨੇ ਮਿੰਨੀ ਕਹਾਣੀ ਉੱਤੇ ਪੀਐੱਚ.ਡੀ. ਕਰਕੇ ਇਸ ਵਿਧਾ ਨੂੰ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਦੇ ਬਰਾਬਰ ਖੜਾ ਕਰ ਦਿੱਤਾ ਹੈ। ਡਾ. ਰਾਣਾ ਕਿਉਂਕਿ ਇੱਕ ਜ਼ਹੀਨ ਬੁੱਧੀਜੀਵੀ ਹੈ ਜੋ ਸਮਾਜ ਵਿੱਚ ਨਿੱਤ ਦਿਨ ਵਾਪਰ ਰਹੀਆਂ ਘਟਨਾਵਾਂ ਨੂੰ ਬਹੁਤ ਘੋਖਵੀਂ ਨਜ਼ਰ ਨਾਲ ਤੱਕਦਾ ਹੈ ਅਤੇ ਉਹਨਾਂ ਘਟਨਾਵਾਂ ਵਿੱਚੋਂ ਹੀ ਆਪਣੇ ਪਾਤਰਾਂ ਦੀ ਤਲਾਸ਼ ਕਰਕੇ ਪਾਠਕਾਂ ਦੇ ਡਾਇਲਾਗ ਨੂੰ ਸਮਾਜਿਕ ਸੇਧ ਦੇਣ ਲਈ ਜੋ ਜੁਗਤ ਵਰਤਦਾ ਹੈ, ਉਹ ਕਾਬਲੇ-ਤਾਰੀਫ਼ ਹੁੰਦੀ ਹੈ। ਉਸਦੀ ਮਿੰਨੀ ਕਹਾਣੀ ਸੁਆਲ,ਇਤਰਾਜ਼ ਅਖੰਡ ਪਾਠ, ਸੁੱਚਾ, ਭੜਾਸ ਅਜੋਕੇ ਸਮਾਜ ਦੇ ਅਖੌਤੀ ਅਗਾਂਹਵਧੂ ਖਿਆਲਾਂ,ਇਮਾਨਦਾਰੀ ਦਾ ਪਾਠ ਪੜਾਉਣ ਵਾਲੇ ਕਿਰਦਾਰਾਂ ਦੀ ਸਿਰਜਣਾ ਕਰਕੇ ਉਹਨਾਂ ਦੋ ਮੂੰਹੇ ਕਿਰਦਾਰਾਂ ਵਾਲੇ ਲੋਕਾਂ ਦੀ ਸੋਚ 'ਤੇ ਕਰਾਰੀ ਚੋਟ ਕੀਤੀ ਹੈ, ਜਿਹੜੇ ਸਮਾਜ ਵਿੱਚ ਤਾਂ ਬਹੁਤ ਇੱਜ਼ਤਦਾਰ ਸਮਝੇ ਜਾਂਦੇ ਹਨ ਜਦਕਿ ਉਹਨਾਂ ਦੇ ਜੀਵਨ ਦੀ ਅਸਲੀਅਤ ਤੋਂ ਬਿਲਕੁਲ ਉਲਟ ਹੁੰਦੀ ਹੈ. ਹਵਸ, ਜੀਵ ਹੱਤਿਆ, ਖੁਰਾਕ ਅਜਿਹੀਆਂ ਮਿੰਨੀ ਕਹਾਣੀਆਂ ਹਨ ਜਿੰਨਾਂ ਰਾਂਹੀ ਮਨੁੱਖ ਦੀ ਹੈਵਾਨੀਅਤ ਦਾ ਪ੍ਰਗਟਾਵਾ ਹੁੰਦਾ ਹੈ।

ਡਾ. ਰਾਣਾ ਦੁਆਰਾ ਰਚਿਤ ਮਿੰਨੀ ਕਹਾਣੀਆਂ ਅਹੁਦਾ, ਨੇਤਾ, ਬਦਲਦੀ ਹਵਾ, ਲੋਕਰਾਜ, ਫਸਾਦੀ, ਫਸਾਦ, ਵੰਡ, ਹੀਜੜੇ, ਵਾਪਸੀ, ਮਿੱਤਰਤਾ,ਫ਼ਰਜ਼,ਬੁਰਕੀ ਮਿੰਨੀ ਕਹਾਣੀਆਂ ਅਜੋਕੇ ਸਮਾਜਿਕ, ਸਭਿਆਚਾਰਕ,ਰਾਜਨੀਤਿਕ ਅਤੇ ਧਾਰਮਿਕ ਵਰਤਾਰਿਆਂ ਤੇ ਕਰਾਰੀ ਚੋਟ ਕਰਦੀਆਂ ਹਨ। ਤਕਨਾਲੋਜੀ ਨੇ ਮਨੁੱਖੀ ਜੀਵਨ ਵਿੱਚ ਜਿੱਥੇ ਇਤਿਹਾਸਕ ਤਬਦੀਲੀ ਲਿਆਂਦੀ ਹੈ ਅਤੇ ਇਸ ਨੇ ਹੱਦਾਂ ਸਰਹੱਦਾਂ ਨੂੰ ਤੋੜਕੇ ਸਮੁੱਚੇ ਸੰਸਾਰ ਨੂੰ ਮੁੱਠੀ ਵਿੱਚ ਕਰ ਦਿੱਤਾ ਹੈ। ਇਸ ਤਕਨਾਲੋਜੀ ਨੇ ਜਿੱਥੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਘਟਾਈ ਹੋ,ਉੱਥੇ ਕਈ ਵਾਰ ਇਸਨੇ ਘਰ ਤੌੜਨ ਤੱਕ ਦੀ ਨੌਬਤ ਵੀ ਲ਼ਿਆਂਦੀ ਹੈ। ਮਿੰਨੀ ਕਹਾਣੀ 'ਫੇਸਬੁੱਕ' ਇਸਦੀ ਉਦਾਹਰਣ ਹੈ।ਹਰਪ੍ਰੀਤ ਸਿੰਘ ਰਾਣਾ ਦਾ ਇਹ ਮਿੰਨੀ ਕਹਾਣੀ ਸੰਗ੍ਰਹਿ ਜਿੱਥੇ ਮਨੁੱਖ ਦੀ ਅਸਲ ਮਨੋਦਸ਼ਾ ਨੂੰ ਬਿਆਨਦਾ ਹੈ,ਉੱਥੇ ਗੰਭੀਰ ਚਿੰਤਨ ਕਰਨ ਵਾਲੇ ਲੋਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਣ ਵਿੱਚ ਸਫ਼ਲ ਹੋਇਆ ਹੈ ਜਿਹੜੇ ਪੰਜਾਬ ਦੀ ਇਸ ਪਵਿੱਤਰ ਧਰਤੀ ਨੂੰ ਪਾਕ-ਸਾਫ ਰੱਖਣ ਲਈ ਪ੍ਰਤੀਬੱਧ ਹਨ।

ਡਾ.ਰਾਣਾ ਦਾ ਇਹ ਗ਼ੌਰਤਲਬ ਭਾਵ ਚੋਣਵੀਆਂ ਮਿੰਨੀ ਕਹਾਣੀਆਂ ਦਾ ਹੱਥਲਾ ਸੰਗ੍ਰਹਿ ਸਾਹਿਤਕ ਜਗਤ ਵਿੱਚ ਨਿਵੇਕਲੀ ਛਾਪ ਛੱਡਦਾ ਹੋਇਆ ਨਾਲ-ਨਾਲ ਸਮਾਜ ਵਿੱਚ ਉੱਚ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਵੀ ਆਪਣਾ ਭਰਪੂਰ ਯੋਗਦਾਨ ਪਾਏਗਾ। ਰੂਪਕ ਪੱਖ ਤੋਂ ਸੰਗ੍ਰਹਿ ਦੀਆਂ ਸਮੁੱਚੀਆਂ ਮਿੰਨੀ ਕਹਾਣੀਆਂ ਹੀ ਮਿੰਨੀ ਕਹਾਣੀ ਦੇ ਕਾਵਿ-ਸ਼ਾਸਤਰ ਦੇ ਅਨੁਕੂਲ ਪਾਠਕਾਂ ਦੇ ਮਨਾਂ ਵਿੱਚ ਅਮਿੱਟ ਛਾਪ ਛੱਡਦੀਆਂ ਹੋਈਆਂ,ਉਹਨਾਂ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਦੀਆਂ ਹਨ।

**ਕੰਵਰ ਜਸਮਿੰਦਰਪਾਲ ਸਿੰਘ**

## ਕਬਜਾ / ਕਰਮਵੀਰ ਸਿੰਘ ਸੂਰੀ

ਕਰਮਵੀਰ ਸਿੰਘ ਸੂਰੀ ਮੁੱਢਲੇ ਤੌਰ 'ਤੇ ਇਕ ਕਹਾਣੀਕਾਰ ਹਨ। ਭਾਵੇਂ ਉਨ੍ਹਾਂ ਨੇ ਹੁਣ ਤੱਕ ਕਹਾਣੀਆਂ, ਆਲੋਚਨਾ, ਸੰਪਾਦਨਾ ਅਤੇ ਅਨੁਵਾਦ ਦੀਆਂ 22 ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ ਪ੍ਰੰਤੂ 'ਕਬਜ਼ਾ' ਉਨ੍ਹਾਂ ਦਾ ਇਹ ਪਹਿਲਾ ਨਾਵਲੇੱਟ ਹੈ। ਇਸ ਨਾਵਲੇੱਟ ਦੀ ਮਲਵਈ ਠੇਠ, ਸਰਲ ਅਤੇ ਬੋਲਚਾਲ ਵਾਲੀ ਸ਼ਬਦਾਵਲੀ ਹੈ। ਨਾਵਲੇੱਟ ਦੇ 15 ਚੈਪਟਰ ਹਨ ਪ੍ਰੰਤੂ ਹਰ ਚੈਪਟਰ ਇਕ ਮੁਕੰਮਲ ਕਹਾਣੀ/ਮਿੰਨੀ ਕਹਾਣੀ ਮਹਿਸੂਸ ਹੁੰਦਾ ਹੈ। ਲੇਖਕ ਦੀ ਕਮਾਲ ਇਸ ਵਿੱਚ ਹੈ ਕਿ ਹਰ ਚੈਪਟਰ ਰੌਚਕ ਹੈ ਅਤੇ ਅਗਲਾ ਚੈਪਟਰ ਪੜ੍ਹਨ ਲਈ ਰੌਚਕਤਾ ਅਤੇ ਜਗਿਆਸਾ ਬਰਕਰਾਰ ਰਹਿੰਦੀ ਹੈ। ਸਾਹਿਤਕਾਰਾਂ ਵਿੱਚ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣ ਦੀ ਸਮਰੱਥਾ ਵਧੇਰੇ ਹੁੰਦੀ ਹੈ। ਬਿਲਕੁਲ ਉਸੇ ਤਰ੍ਹਾਂ ਕਰਮਜੀਤ ਸਿੰਘ ਸੂਰੀ ਵਿੱਚ ਇਹ ਸਮਰੱਥਾ ਵੀ ਜ਼ਿਆਦਾ ਹੈ, ਉਨ੍ਹਾਂ ਦਾ ਜੀਵਨ ਦਾ ਤਜ਼ਰਬਾ ਵੀ ਵਿਸ਼ਾਲ ਹੈ। ਉਨ੍ਹਾਂ ਆਪਣੇ ਇਸ ਤਜ਼ਰਬੇ ਦੇ ਆਧਾਰ 'ਤੇ ਸਮਾਜਿਕ ਕੁਰੀਤੀਆਂ ਨੂੰ ਇਸ ਨਾਵਲੇੱਟ ਰਾਹੀਂ ਲੋਕਾਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਲਈ ਪ੍ਰੇਰਿਤ ਕੀਤਾ ਹੈ। ਮੁਹਾਵਰਿਆਂ ਦੀ ਵਰਤੋਂ ਕਰਕੇ ਵੀ ਰੌਚਕਤਾ ਵਿੱਚ ਵਾਧਾ ਹੁੰਦਾ ਹੈ, ਉਦਾਹਰਣ ਲਈ ਜਿਵੇਂ 'ਅੰਨ੍ਹਿਆਂ ਵਿੱਚ ਕਾਣਾ ਰਾਜਾ', 'ਮਰਦਾ ਕੀ ਨਹੀਂ ਕਰਦਾ', 'ਮਤਲਬੀ ਯਾਰ ਜਿਸਕੇ, ਕੰਮ ਕੱਢਿਆ ਤੇ ਖਿਸਕੇ', 'ਰੰਡੀ ਤਾਂ ਰੰਡੇਪਾ ਕੱਟ ਲਵੇ, ਪਰ ਮੁਸ਼ਟੰਡੇ ਨਹੀਂ ਜੀਣ ਦਿੰਦੇ' 'ਦੇਰ ਆਏ ਦਰੁੱਸਤ ਆਏ', 'ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ, ਭੁੱਲਿਆ ਨਹੀਂ ਗਿਣਿਆਂ ਜਾਂਦਾ' ਆਦਿ ਵਰਤੇ ਗਏ ਹਨ। ਨਾਵਲੇੱਟ ਦੇ ਸਿਰਲੇਖ ਤੋਂ ਇਸਦੇ ਵਿਸ਼ੇ ਦੀ ਜਾਣਕਾਰੀ ਮਿਲ ਜਾਂਦੀ ਹੈ ਪ੍ਰੰਤੂ ਸਾਰਾ ਨਾਵਲੇੱਟ ਪੜ੍ਹਨ ਤੋਂ ਬਾਅਦ ਪਤਾ ਲਗਦਾ ਹੈ ਕਿ ਲੇਖਕ

ਨੇ ਉਦਾਹਰਣਾ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਨਸਾਨੀ ਫਿਤਰਤ ਹੈ ਕਿ ਇਨਸਾਨ ਜਿਸ ਨੂੰ ਪਿਆਰ ਕਰਦਾ ਹੈ, ਉਸਤੇ ਆਪਣਾ ਕਬਜ਼ਾ ਸਮਝਦਾ ਹੈ। ਹੋਰ ਕਿਸੇ ਨੂੰ ਉਸਦੇ ਨੇੜੇ ਢੁਕਣ ਨਹੀਂ ਦੇਣਾ ਚਾਹੁੰਦਾ। ਵਿਪਨ ਅਤੇ ਗੁਰਦਿਆਲ ਦੋਹਾਂ ਦੋਸਤਾਂ ਦਾ ਆਪਸ ਵਿੱਚ ਪਿਆਰ ਹੈ। ਇਸ ਕਰਕੇ ਵਿਪਨ ਆਪਣੇ ਦੋਸਤ ਗੁਰਦਿਆਲ ਤੇ ਆਪਣਾ ਕਬਜ਼ਾ ਸਮਝਦਾ ਹੈ, ਉਸਦੀ ਕੋਸ਼ਿਸ਼ ਰਹਿੰਦੀ ਹੈ ਕਿ ਉਸ ਤੋਂ ਬਿਨਾ ਹੋਰ ਕੋਈ ਦੋਸਤ ਉਸਦੇ ਨੇੜੇ ਨਾ ਜਾ ਸਕੇ। ਨਰੇਸ਼ ਨੂੰ ਉਸ ਨੇ ਗੁਰਦਿਆਲ ਤੋਂ ਦੂਰ ਰੱਖਣ ਲਈ ਹਰ ਹੀਲਾ ਵਰਤਿਆ ਹੈ। ਗੁਰਦਿਆਲ ਦੀਆਂ ਭੈਣਾਂ ਆਪਣੇ ਭਰਾ ਤੇ ਕਬਜ਼ਾ ਸਮਝਦੀਆਂ ਹਨ, ਜਦੋਂ ਉਨ੍ਹਾਂ ਦੇ ਚਾਚੇ ਦੀ ਲੜਕੀ ਉਨ੍ਹਾਂ ਕੋਲ ਪੜ੍ਹਨ ਲਈ ਆਉਂਦੀ ਹੈ ਤਾਂ ਗੁਰਦਿਆਲ ਦਾ ਉਸ ਨਾਲ ਮਿਲਣਾ ਜੁਲਣਾ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ, ਉਹ ਭਰਾ ਦਾ ਪਿਆਰ ਵੰਡਿਆ ਨਹੀਂ ਚਾਹੁੰਦੀਆਂ। ਇਸ ਲਈ ਉਹ ਆਪਣੀ ਚਚੇਰੀ ਭੈਣ ਦੇ ਵਿਰੁਧ ਬੋਲਦੀਆਂ ਹਨ। ਭਾਵ ਉਹ ਆਪਣੇ ਭਰਾ 'ਤੇ ਆਪਣਾ ਕਬਜ਼ਾ ਗੁਆਉਣਾ ਨਹੀਂ ਚਾਹੁੰਦੀਆਂ। ਗੁਰਦਿਆਲ ਦਾ ਪਿਤਾ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਆਪਣੇ ਵਿਭਾਗ ਦੀ ਸਟੈਨੋ ਤੇ ਆਪਣਾ ਕਬਜ਼ਾ ਸਮਝਦਾ ਹੈ। ਉਸ ਨੂੰ ਪਰਿਵਾਰ ਨੂੰ ਬਗ਼ੈਰ ਦੱਸੇ ਪਹਾੜਾਂ ਵਿੱਚ ਸੈਰ ਕਰਵਾਉਣ ਲਈ ਲੈ ਜਾਂਦਾ ਹੈ। ਵੰਦਨਾ ਆਪਣੇ ਪਤੀ ਵਿਪਨ ਅਤੇ ਬੱਚਿਆਂ 'ਤੇ ਆਪਣਾ ਕਬਜ਼ਾ ਚਾਹੁੰਦੀ ਹੈ। ਉਹ ਵਿਪਨ ਅਤੇ ਗੁਰਦਿਆਲ ਦੀ ਦੋਸਤੀ ਵਿੱਚ ਕੜਵਾਹਟ ਪੈਦਾ ਕਰਨ ਦੀ ਹਰ ਕੋਸ਼ਿਸ਼ ਕਰਦੀ ਹੈ। ਫਿਰ ਵਿਪਨ ਦੀ ਪਤਨੀ ਬੱਚਿਆਂ ਤੇ ਕਬਜ਼ਾ ਕਰਦੀ ਹੈ। ਰਾਹੀ ਪਰਿਵਾਰ ਵਿਪਨ 'ਤੇ ਕਬਜ਼ਾ ਚਾਹੁੰਦੇ ਹਨ, ਜਿਸ ਨੂੰ ਵੰਦਨਾ ਚੰਗਾ ਨਹੀਂ ਸਮਝਦੀ, ਕਬਜ਼ਾ ਨਾਵਲੈੱਟ ਦਾ ਮੁੱਖ ਵਿਸ਼ਾ ਹੈ ਪ੍ਰੰਤੂ ਲੇਖਕ ਨੇ ਹੋਰ ਬਹੁਤ ਸਾਰੇ ਮਹੱਤਵਪੂਰਨ ਵਿਸ਼ਿਆਂ ਨੂੰ ਨਾਵਲੈੱਟ ਵਿੱਚ ਲਿਆ ਹੈ, ਜਿਹੜੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਹਨ। ਮਰਦ-ਔਰਤ ਦੀ ਕਮਜ਼ੋਰੀ ਅਤੇ ਆਪਸੀ ਪਿਆਰ, ਬਜ਼ੁਰਗਾਂ ਦਾ ਇਸ਼ਕ, ਘਰਾਂ ਵਿੱਚ ਲੜਕੀਆਂ ਨਾਲ ਸਰੀਰਕ ਹਿੰਸਾ, ਅਨਾਥ ਬੱਚਿਆਂ ਦੀ ਦੁਰਦਸ਼ਾ, ਦੁੱਖ ਮੌਕੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਸਾਥ ਛੱਡਣਾ, ਸ਼ੱਕ ਦੀ ਸਮਾਜਿਕ ਬੁਰਾਈ, ਔਰਤਾਂ ਵਿੱਚ ਡਿਪਰੈਸ਼ਨ, ਆਰਥਿਕ ਮੰਦਹਾਲੀ, ਦੋਸਤਾਂ ਦੀ ਦੋਸਤੀ, ਵਿਓਪਾਰ ਵਿੱਚ ਧੋਖੇ, ਇਸਤਰੀਆਂ ਵਿੱਚ ਸ਼ੱਕ ਦੀ ਪ੍ਰਵਿਰਤੀ ਜਿਹੜੀ ਘਰ ਬਰਬਾਦ ਕਰ ਦਿੰਦੀ ਹੈ, ਪੁਲਿਸਤੰਤਰ ਵਿੱਚ ਭਰਿਸ਼ਟਾਚਾਰ, ਸਿਆਸੀ ਦਖ਼ਲਅੰਦਾਜ਼ੀ, ਜ਼ਮੀਨਾ ਦੇ ਝਗੜੇ, ਜਾਇਦਾਦਾਂ ਦੇ ਲਾਲਚ, ਮਾਵਾਂ ਦਾ ਬੱਚਿਆਂ ਨੂੰ ਲਾਡ ਨਾਲ ਵਿਗਾੜਨਾ ਆਦਿ ਵਰਨਣਯੋਗ ਹਨ।

ਕਰਮਵੀਰ ਸਿੰਘ ਸੂਰੀ ਨੇ ਨਾਵਲ ਵਿੱਚ ਕਈ ਅਟੱਲ ਸਚਾਈਆਂ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ ਹਰ ਔਰਤ ਆਪਣੇ ਪਤੀ 'ਤੇ ਸ਼ੱਕ ਦੀ ਸੂਈ ਲਗਾਈ ਰੱਖਦੀ ਹੈ। ਸ਼ੱਕ ਕਰਨਾ ਔਰਤ ਦੀ ਕਮਜ਼ੋਰੀ ਹੈ ਕਿਉਂਕਿ ਉਹ ਕਿਸੇ ਵੀ ਹੋਰ ਇਸਤਰੀ ਨੂੰ ਉਸ ਦੇ ਕਬਜ਼ੇ 'ਤੇ ਕਬਜ਼ਾ ਕਰਨ ਨਹੀਂ ਦੇਣਾ ਚਾਹੁੰਦੀ। ਇਸ ਖੇਤਰ ਵਿੱਚ ਕਾਨਾਫੂਸੀ ਅਤੇ ਚੁਗਲੀਆਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਵਿਪਨ ਦੀ ਪਤਨੀ ਵੰਦਨਾ ਨੂੰ ਵਿਪਨ ਦੀਆਂ ਭਰਜਾਈਆਂ ਅਜਿਹੀਆਂ ਲੂਤੀਆਂ ਲਾਉਂਦੀਆਂ ਹਨ ਕਿ ਉਹ ਖਾਮਖਾਹ ਵਿਪਨ ਤੇ ਸ਼ੱਕ ਕਰਨ ਲੱਗ ਜਾਂਦੀ ਹੈ। ਇਥੋਂ ਤੱਕ ਕਿ ਰਾਹੀ ਦੀ ਪਤਨੀ ਜਿਸਦੇ ਕੋਈ ਔਲਾਦ ਨਹੀਂ ਸੀ, ਵਿਪਨ ਉਨ੍ਹਾਂ ਦੇ ਪੁਤਰ ਦੀ ਤਰ੍ਹਾਂ ਮੁਸੀਬਤ ਵਿੱਚ ਉਨ੍ਹਾਂ ਦਾ ਸਾਥ ਦਿੰਦਾ ਸੀ। ਉਸ ਬਜ਼ੁਰਗ ਔਰਤ ਬਾਰੇ ਵੀ ਵਿਪਨ ਦੇ ਸਰੀਰਕ ਸੰਬੰਧਾਂ ਦੀਆਂ ਚੁਗਲੀਆਂ ਕਰਕੇ ਉਨ੍ਹਾਂ ਤੋਂ ਦੂਰ ਕਰ ਦਿੱਤਾ। ਵਿਪਨ ਦੀਆਂ ਭੈਣਾਂ ਵੀ ਚੁਗਲੀਆਂ ਵਿੱਚ ਸ਼ਾਮਲ ਹੋ ਜਾਂਦੀਆਂ ਹਨ। ਹਾਲਾਂ ਕਿ ਵਿਪਨ ਦੀ ਮਾਂ ਬਚਪਨ ਵਿੱਚ ਹੀ ਸਵਰਗ ਸਿਧਾਰ ਗਈ ਸੀ। ਇਸ ਲਈ ਮਾਂ ਦੇ ਪਿਆਰ ਤੋਂ ਵਾਂਝੇ ਹੋਣ ਕਰਕੇ ਉਸ ਦੀ ਪੂਰਤੀ ਲਈ ਰਾਹੀ ਪਰਿਵਾਰ ਦਾ ਸਾਥ ਦਿੰਦਾ ਸੀ। ਇਕ ਹੋਰ ਜਿਹੜੀ ਗੱਲ ਆਮ ਤੌਰ ਤੇ ਘਰਾਂ ਵਿੱਚ ਹੁੰਦੀ ਹੈ, ਉਸ ਨੂੰ ਸੂਰੀ ਨੇ ਬਾਖ਼ੂਬੀ ਲਿਖਿਆ ਹੈ। ਅਖ਼ੀਰ ਵਿੱਚ ਵੰਦਨਾ ਆਪਣੀ ਗ਼ਲਤੀ ਮੰਨਦੀ ਹੋਈ ਪਛਤਾਵਾ ਵੀ ਕਰਦੀ ਵਿਖਾਈ ਗਈ ਹੈ। ਭਗਤੀ ਦਾ ਢਕਵੰਜ ਕਰਦੀ ਹੈ। ਲੇਖਕ ਨੇ ਇਹ ਵੀ ਦੱਸਿਆ ਹੈ ਕਿ ਜਿਵੇਂ ਵੰਦਨਾ ਨੇ ਆਪਣੇ ਬੱਚਿਆਂ ਨੂੰ ਆਪ ਗ਼ਲਤ ਸਲਾਹਾਂ ਦੇ ਕੇ ਵਿਹਲੜ ਬਣਾਇਆ ਸੀ, ਇਸ ਤਰ੍ਹਾਂ ਸਮਾਜ ਵਿੱਚ ਮਾਵਾਂ ਆਪਣੇ ਬੱਚਿਆਂ ਦਾ ਭਵਿਖ ਵਿਗਾੜਨ ਦੀਆਂ ਖੁਦ ਜ਼ਿੰਮੇਵਾਰ ਹੁੰਦੀਆਂ ਹਨ। ਕਰਮਵੀਰ ਸਿੰਘ ਸੂਰੀ ਨੇ ਇਕ ਹੋਰ ਪੱਖ ਵੀ ਦਰਸਾਇਆ ਕਿ ਜਦੋਂ ਬੱਚੇ ਹੋ ਜਾਂਦੇ ਹਨ ਤਾਂ ਇਸਤਰੀ ਦਾ ਪਿਆਰ ਪਤੀ ਦੀ ਥਾਂ ਬੱਚਿਆਂ ਵਲ ਹੋ ਜਾਂਦਾ ਹੈ, ਜਿਸ ਦਾ ਇਵਜਾਨਾ ਸਾਰੇ ਪਤੀਆਂ ਨੂੰ ਹੰਢਾਉਣਾ ਪੈਂਦਾ ਹੈ। ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਰ ਔਰਤ ਆਪਣੇ ਪਤੀ ਨੂੰ ਗ਼ੁਲਾਮ ਬਣਾਕੇ ਰੱਖਣਾ ਚਾਹੁੰਦੀ ਹੈ ਪ੍ਰੰਤੂ ਜਦੋਂ ਉਹ ਸੱਸ ਬਣਦੀ ਹੈ ਫਿਰ ਇਸ ਦੇ ਵਿਰੁੱਧ ਬੋਲਦੀ ਹੈ। ਅਖਾਉਤੀ ਸੰਤ ਮਹਾਤਮਾ ਇਸਤਰੀਆਂ ਨੂੰ ਆਪਣੇ ਪੈਂਤੜਿਆਂ ਨਾਲ ਗੁਮਰਾਹ ਕਰਦੇ ਹਨ ਪ੍ਰੰਤੂ ਜਦੋਂ ਇਸਤਰੀਆਂ ਸੰਤਾਂ ਦੀਆਂ ਗ਼ਲਤ ਹਰਕਤਾਂ ਦਾ ਵਿਰੋਧ ਕਰਦੀਆਂ ਹਨ ਤਾਂ ਉਨ੍ਹਾਂ ਦੇ ਦਿਮਾਗੀ ਤਵਾਜ਼ਨ ਵਿਗੜ ਜਾਣ ਦੀਆਂ ਤੂਹਮਤਾਂ ਲਾਉਂਦੇ ਹਨ। ਜਿਵੇਂ ਵਿਪਨ ਦੀ ਪਤਨੀ ਬਾਰੇ ਸੰਤ ਕਹਿੰਦਾ ਹੈ ਕਿ ਭਗਤੀ ਵਿੱਚ ਦਸਵੇਂ ਦੁਆਰ ਪਹੁੰਚਣ ਤੋਂ ਪਹਿਲਾਂ ਹੀ ਡਰ ਕੇ ਉਹ ਵਾਪਸ ਆ ਗਈ ਹੈ, ਜਿਸ ਕਰਕੇ ਉਸਦਾ ਦਿਮਾਗ ਹਿਲ ਗਿਆ ਹੈ।


**ਉਜਾਗਰ ਸਿੰਘ**


## ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



RNI NO. PUNPUN / 2006 / 16230 October-December 2022 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ


























ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS